13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 3
April 24, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ
(ਵਿਸੇਸ ਲੇਖ ਦੇਖੋ ਸਫਾ 23 'ਤੇ



ਆਜ਼ਾਦੀ ਦਾ ਹਰਕਾਰਾ : ਗੁਰੂ ਦੱਤ ਕੁਮਾਰ
(ਸਬੰਧਤ ਲੇਖ ਦੇਖੋ ਸਫਾ 31 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



Babu Mangu Ram Mugowalia
January 14, 1886 – April 22, 1980
Founder of the Ad Dharm Movement Punjab

**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 44ਵੇਂ ਪ੍ਰੀਨਿਰਵਾਣ ਦਿਵਸ 'ਤੇ ਕੋਟਿਨ-ਕੋਟਿ ਪ੍ਰਣਾਮ।**

*(ਸਬੰਧਿਤ ਲੇਖ ਅਤੇ ਸੰਪਾਦਕੀ ਅੰਦਰ ਦੇਖੋ)*

# ਸੁਪਰੀਮ ਕੋਰਟ ਨੇ ਈਵੀਐਮ ਦੀ ਕਾਰਜ ਪ੍ਰਣਾਲੀ ਬਾਰੇ ਚੋਣ ਕਮਿਸ਼ਨ ਤੋਂ ਸਪਸ਼ਟੀਕਰਨ ਮੰਗਿਆ

**ਨਵੀਂ ਦਿੱਲੀ (ਬਿਊਰੋ)–** ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਤੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈਵੀਐਮ) ਦੇ ਕੰਮਕਾਜ ਸਬੰਧੀ ਕੁਝ ਪਹਿਲੂਆਂ 'ਤੇ ਸਪੱਸ਼ਟੀਕਰਨ ਮੰਗਿਆ ਅਤੇ ਚੋਣ ਕਮਿਸ਼ਨ ਦੇ ਉੱਚ ਅਧਿਕਾਰੀ ਨੂੰ ਬਾਅਦ ਦੁਪਹਿਰ 2 ਵਜੇ ਤਲਬ ਕੀਤਾ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ ਕਿ ਇਸ ਨੂੰ ਕੁਝ ਪਹਿਲੂਆਂ 'ਤੇ ਸਪੱਸ਼ਟੀਕਰਨ ਦੀ ਲੋੜ ਹੈ ਕਿਉਂਕਿ ਚੋਣ ਕਮਿਸ਼ਨ ਵੱਲੋਂ ਈਵੀਐਮ 'ਤੇ ਅਕਸਰ ਪੁੱਛੇ ਜਾਣ ਵਾਲੇ ਸਵਾਲ ਬਾਰੇ ਦਿੱਤੇ ਗਏ ਜਵਾਬਾਂ ਵਿੱਚ ਕੁਝ ਭੰਬਲਭੂਸਾ ਹੈ।



ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਓੜੰ) ਰਾਹੀਂ ਪਈਆਂ ਸਾਰੀਆਂ ਵੋਟਾਂ ਨੂੰ ੜਫਓਠ ਨਾਲ ਮਿਲਾਨ ਦੀ ਬੇਨਤੀ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ। ਜਿਸ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂ ਨੇ ਈਵੀਐਮ ਅਤੇ ਵੀਵੀਪੀਏਟੀ ਬਾਰੇ ਵਾਰ-ਵਾਰ ਚਿੰਤਾ ਜਤਾਉਣ ਵਾਲਿਆਂ ਨੂੰ ਸੰਦੇਸ਼ ਦਿੱਤਾ ਹੈ ਕਿ ਬਿਨਾਂ ਕਿਸੇ ਤੱਥ ਦੇ ਸਿਰਫ਼ ਸ਼ੱਕ ਦੇ ਆਧਾਰ 'ਤੇ ਕੋਈ ਫੈਸਲਾ ਨਹੀਂ ਦਿੱਤਾ ਜਾ ਸਕਦਾ। ਅਦਾਲਤ ਨੇ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਕਿਹਾ - ਤੁਸੀਂ ਜਿਸ ਰਿਪੋਰਟ 'ਤੇ ਭਰੋਸਾ ਕਰ ਰਹੇ ਹੋ, ਉਸ ਵਿੱਚ ਕਿਹਾ ਗਿਆ ਹੈ ਕਿ ਹੁਣ ਤੱਕ ਹੈਕਿੰਗ ਦੀ ਕੋਈ ਘਟਨਾ ਨਹੀਂ ਵਾਪਰੀ ਹੈ। ਫਿਰ ਇਸ 'ਤੇ ਰੋਕ ਦਾ ਹੁਕਮ ਕਿਵੇਂ ਦਿੱਤਾ ਜਾ ਸਕਦਾ ਹੈ?

ਅਦਾਲਤ ਨੇ ਈਵੀਐਮ ਅਤੇ ਵੀਵੀਪੀਏਟੀ ਦੀ ਸੁਰੱਖਿਆ ਅਤੇ ਪ੍ਰੋਗਰਾਮਿੰਗ ਬਾਰੇ ਚੋਣ ਕਮਿਸ਼ਨ ਨੂੰ ਕੁਝ ਸਵਾਲ ਪੁੱਛੇ ਅਤੇ ਕਮਿਸ਼ਨ ਵੱਲੋਂ ਉਨ੍ਹਾਂ ਦੇ ਜਵਾਬ ਦਿੱਤੇ ਜਾਣ ਤੋਂ ਬਾਅਦ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ ਈਵੀਐਮ ਵੀਵੀਪੀਏਟੀ ਮਸ਼ੀਨ ਵਿੱਚ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਸੰਗਠਨ ਅਤੇ ਕੁਝ ਹੋਰਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਕੇ ਈਵੀਐਮ ਨਾਲ ਵੀਵੀਪੀਏਟੀ ਸਲਿੱਪਾਂ ਦਾ 100 ਪ੍ਰਤੀਸ਼ਤ ਮਿਲਾਨ ਕਰਨ ਦੀ ਮੰਗ ਕੀਤੀ ਹੈ। ਸੁਣਵਾਈ ਦੌਰਾਨ ਪਟੀਸ਼ਨਕਰਤਾ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਵੀ ਅਦਾਲਤ ਤੋਂ ਬੈਲਟ ਰਾਹੀਂ ਚੋਣਾਂ ਕਰਵਾਉਣ ਦੀ ਪੁਰਾਣੀ ਪ੍ਰਣਾਲੀ ਲਾਗੂ ਕਰਨ ਦੀ ਮੰਗ ਕੀਤੀ ਸੀ, ਹਾਲਾਂਕਿ ਅਦਾਲਤ ਇਸ ਦਲੀਲ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਹਾਲਾਂਕਿ ਅਦਾਲਤ ਨੇ ਇਸ ਮਾਮਲੇ 'ਚ ਦਲੀਲਾਂ ਸੁਣਨ ਤੋਂ ਬਾਅਦ 18 ਅਪ੍ਰੈਲ ਨੂੰ ਪਹਿਲਾਂ ਹੀ ਫੈਸਲਾ ਸੁਰੱਖਿਅਤ ਰੱਖ ਲਿਆ ਸੀ ਪਰ ਬੁੱਧਵਾਰ ਨੂੰ ਅਦਾਲਤ ਨੇ ਚੋਣ ਕਮਿਸ਼ਨ ਤੋਂ ਕੁਝ ਸਵਾਲਾਂ ਦੇ ਜਵਾਬ ਮੰਗਣ ਲਈ ਮਾਮਲਾ ਮੁੜ ਸੁਣਵਾਈ 'ਤੇ ਪਾ ਦਿੱਤਾ ਸੀ।

ਬੁੱਧਵਾਰ ਨੂੰ ਜਸਟਿਸ ਸੰਜੀਵ ਖੰਨਾ ਅਤੇ ਦੀਪਾਂਕਰ ਦੱਤਾ ਦੀ ਬੈਂਚ ਨੇ ਚੋਣ ਕਮਿਸ਼ਨ ਨੂੰ ਕੁਝ ਸਵਾਲ ਪੁੱਛੇ। ਚੋਣ ਕਮਿਸ਼ਨ ਨੇ ਦੁਹਰਾਇਆ ਕਿ ਈਵੀਐਮ ਅਤੇ ਵੀਵੀਪੀਏਟੀ ਮਸ਼ੀਨਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਕੀਤੀ ਜਾ ਸਕਦੀ। ਕਮਿਸ਼ਨ ਨੇ ਮਸ਼ੀਨਾਂ ਦੀ ਸੁਰੱਖਿਆ, ਉਨ੍ਹਾਂ ਦੀ ਸੀਲਿੰਗ ਅਤੇ ਪ੍ਰੋਗਰਾਮਿੰਗ ਬਾਰੇ ਸਥਿਤੀ ਸਪੱਸ਼ਟ ਕੀਤੀ। ਪਰ ਇਸ ਤੋਂ ਬਾਅਦ ਵੀ ਜਦੋਂ ਏ.ਡੀ.ਆਰ ਦੀ ਤਰਫੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਮਸ਼ੀਨ ਵਿਚ ਪ੍ਰੋਗਰਾਮਿੰਗ ਅਤੇ ਛੇੜਛਾੜ ਦਾ ਖਦਸ਼ਾ ਪ੍ਰਗਟਾਇਆ ਤਾਂ ਜਸਟਿਸ ਦੀਪਾਂਕਰ ਦੱਤਾ ਨੇ ਕਿਹਾ ਕਿ ਕੀ ਅਦਾਲਤ ਕੋਈ ਠੋਸ ਸਬੂਤ ਨਾ ਹੋਣ 'ਤੇ ਸਿਰਫ ਸ਼ੱਕ ਦੇ ਆਧਾਰ 'ਤੇ ਈ।ਵੀ।ਐਮ ਬਾਰੇ ਹੁਕਮ ਦੇ ਸਕਦੀ ਹੈ। ਉਸੇ ਲਈ ਨਹੀਂ?

### ਚੋਣ ਕਮਿਸ਼ਨ ਨੇ ਅਦਾਲਤ ਵਿੱਚ ਰੱਖਿਆ ਪੱਖ

ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਸੰਜੀਵ ਖੰਨਾ ਨੇ ਕਿਹਾ ਕਿ ਉਨ੍ਹਾਂ ਨੇ ਸਾਰੀਆਂ ਦਲੀਲਾਂ ਸੁਣੀਆਂ ਹਨ ਅਤੇ ਜੋ ਵੀ ਸਵਾਲ ਚੋਣ ਕਮਿਸ਼ਨ ਨੂੰ ਪੁੱਛੇ ਹਨ ਅਤੇ ਕਮਿਸ਼ਨ ਨੇ ਸਥਿਤੀ ਸਪੱਸ਼ਟ ਕਰ ਦਿੱਤੀ ਹੈ, ਹੁਣ ਅਦਾਲਤ ਇਸ ਮਾਮਲੇ 'ਤੇ ਵਿਚਾਰ ਕਰਕੇ ਆਪਣਾ ਫੈਸਲਾ ਦੇਵੇਗੀ। ਅਦਾਲਤ ਨੇ ਭੂਸ਼ਣ ਨੂੰ ਕਿਹਾ ਕਿ ਜਦੋਂ ਅਦਾਲਤ ਨੇ ਤੁਹਾਡੇ ਤੋਂ ਵਿਕਲਪ ਮੰਗਿਆ ਤਾਂ ਤੁਸੀਂ ਬੈਲਟ 'ਤੇ ਵਾਪਸ ਜਾਣ ਲਈ ਕਿਹਾ ਸੀ। ਬੈਲਟ 'ਤੇ ਵਾਪਸ ਜਾਣ ਦਾ ਕੋਈ ਸਵਾਲ ਨਹੀਂ ਹੈ ਪਰ ਅਸੀਂ ਦੇਖਾਂਗੇ ਕਿ ਕੀ ਕੋਈ ਸੁਧਾਰ ਉਪਾਅ ਲੋੜੀਂਦੇ ਹਨ। ਮੌਜੂਦਾ ਸਿਸਟਮ ਨੂੰ ਮਜ਼ਬੂਤ ਕਰਨ ਲਈ ਕੀ ਲੋੜ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਕਿਸੇ ਨਾਲ ਛੇੜਛਾੜ ਕਰਦਾ ਹੈ ਤਾਂ ਉਸ ਨੂੰ ਨਤੀਜੇ ਭੁਗਤਣੇ ਪੈਣਗੇ।

ਸੁਣਵਾਈ ਦੌਰਾਨ ਜਦੋਂ ਪਟੀਸ਼ਨਰ ਨੇ ਈਵੀਐਮ ਸੋਰਸ ਕੋਡ ਦਾ ਖੁਲਾਸਾ ਕਰਨ ਦੀ ਮੰਗ ਕੀਤੀ ਤਾਂ ਅਦਾਲਤ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਈਵੀਐਮ ਸੋਰਸ ਕੋਡ ਨੂੰ ਕਦੇ ਵੀ ਜਾਰੀ ਨਹੀਂ ਕੀਤਾ ਜਾ ਸਕਦਾ, ਇਸ ਦੀ ਦੁਰਵਰਤੋਂ ਹੋ ਸਕਦੀ ਹੈ। ਚੋਣ ਪਟੀਸ਼ਨ ਦਾਇਰ ਕਰਨ ਲਈ 30 ਦਿਨਾਂ ਦੀ ਮਿਆਦ ਦੇ ਆਧਾਰ 'ਤੇ ਈਵੀਐਮ ਨੂੰ 45 ਦਿਨਾਂ ਤੱਕ ਸੁਰੱਖਿਅਤ ਰੱਖਣ ਦੇ ਮੁੱਦੇ 'ਤੇ ਅਦਾਲਤ ਨੇ ਕਮਿਸ਼ਨ ਨੂੰ ਕਿਹਾ ਕਿ ਜਨਤਾ ਦੀ ਨੁਮਾਇੰਦਗੀ ਕਰਦੇ ਹੋਏ ਦੱਤਾ ਦੀ ਬੈਂਚ ਨੇ ਚੋਣ ਕਮਿਸ਼ਨ ਦੇ ਇੱਕ ਅਧਿਕਾਰੀ ਨੂੰ ਚੋਣ ਕਮਿਸ਼ਨ ਦੇ ਕੰਮਕਾਜ ਨਾਲ ਸਬੰਧਤ ਪੰਜ ਸਵਾਲ ਪੁੱਛੇ ਹਨ। ਈ।ਵੀ।ਐਮ, ਜਿਸ ਵਿੱਚ ਇਸ ਸਵਾਲ ਵਿੱਚ ਸ਼ਾਮਲ ਕੀਤਾ ਗਿਆ ਸੀ ਕਿ ਕੀ ਈਵੀਐਮ ਵਿੱਚ ਲਗਾਏ ਗਏ 'ਮਾਈਕ੍ਰੋਕੰਟਰੋਲਰ' ਰੀਪ੍ਰੋਗਰਾਮੇਬਲ ਹਨ ਜਾਂ ਨਹੀਂ?

# ਅਮੇਠੀ ਤੋਂ ਚੋਣ ਲੜਨਗੇ ਰਾਹੁਲ ਗਾਂਧੀ!



**ਲਖਨਊ–** ਰਾਹੁਲ ਗਾਂਧੀ ਦਾ ਅਮੇਠੀ ਤੋਂ ਚੋਣ ਲੜਨਾ ਹੁਣ ਤੈਅ ਮੰਨਿਆ ਜਾ ਰਿਹਾ ਹੈ। ਇਸ ਸੰਦਰਭ 'ਚ ਕੇਂਦਰੀ ਲੀਡਰਸ਼ਿਪ ਵੱਲੋਂ ਸੂਬਾ ਕਾਂਗਰਸ ਨੂੰ ਸੰਕੇਤ ਵੀ ਦੇ ਦਿੱਤੇ ਗਏ ਹਨ। ਰਾਹੁਲ ਪਹਿਲੀ ਮਈ ਨੂੰ ਨਾਮਜ਼ਦਗੀ ਦਾਖ਼ਲ ਕਰਨਗੇ। ਕਾਂਗਰਸੀ ਸੂਤਰਾਂ ਮੁਤਾਬਕ ਰਾਹੁਲ ਦੇ ਅਮੇਠੀ ਤੋਂ ਚੋਣ ਲੜਨ 'ਤੇ ਪਾਰਟੀ ਨੇ ਮੋਹਰ ਲਗਾ ਦਿੱਤੀ ਹੈ, ਪਰ ਰਾਏਬਰੇਲੀ ਤੋਂ ਪ੍ਰਿਅੰਕਾ ਗਾਂਧੀ ਵਾਡਰਾ ਦੇ ਚੋਣ ਲੜਨ ਬਾਰੇ ਅਜੇ ਸਥਿਤੀ ਸਪਸ਼ਟ ਨਹੀਂ ਹੈ। 27 ਅਪ੍ਰੈਲ ਤੱਕ ਦੋਵਾਂ ਸੀਟਾਂ 'ਤੇ ਉਮੀਦਵਾਰਾਂ ਦੇ ਐਲਾਨ ਦੀ ਸੰਭਾਵਨਾ ਹੈ। ਅਮੇਠੀ ਦੀ ਸੀਟ ਕਾਂਗਰਸ ਦਾ ਗੜ੍ਹ ਰਹੀ ਹੈ। 1967 'ਚ ਹੋਂਦ 'ਚ ਆਈ ਇਸ ਸੀਟ 'ਤੇ ਪਹਿਲੀ ਚੋਣ ਕਾਂਗਰਸ ਨੇ ਜਿੱਤੀ ਸੀ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# ਗੁਰੂ ਰਵਿਦਾਸ ਸਭਾ ਫਰਿਜਨੋ ਕੈਲੇਫੋਰਨੀਆ ਵਲੋਂ ਮਨਾਇਆ ਗਿਆ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ 133ਵਾਂ ਜਨਮ ਦਿਵਸ





















ਰਿਪੋਰਟ ਅਤੇ ਤਸਵੀਰਾਂ- ਅਮਰ ਦੜੋਚ

**ਫਰਿਜਨੋ–** ਮਿਤੀ 21 ਅਪ੍ਰੈਲ, 2024 ਦਿਨ ਐਤਵਾਰ ਨੂੰ ਗੁਰੂ ਰਵਿਦਾਸ ਸਭਾ ਫਰਿਜਨੋ ਕੈਲੇਫੋਰਨੀਆ ਂਓ ਵਲੋਂ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਦਕਰ ਜੀ ਦਾ 133ਵਾਂ ਜਨਮ ਦਿਵਸ ਵੱਡੇ ਪੱਧਰ ਤੇ ਮਨਾਇਆ ਗਿਆ। ਸੁਖਮਣੀ ਸਾਹਿਬ ਦੇ ਪਾਠਾਂ ਦੇ ਭੋਗ ਤੋਂ ਬਾਅਦ ਅਰਦਾਸ ਉਪਰੰਤ ਗੁਰੂਘਰ ਦੇ ਸਟੇਜ ਸਕੱਤਰ ਸਰਦਾਰ ਕੁਲਦੀਪ ਸਿੰਘ ਬੰਗੜ ਜੀ ਨੈਂ ਕੀਰਤਨ ਦਰਬਾਰ ਦੀ ਸ਼ੁਰੂਆਤ ਵਿੱਚ ਆਪਣੇ ਵਿਚਾਰ ਰੱਖਦਿਆਂ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਸਮੂਹ ਲੁਕਾਈ ਨੂੰ ਲੱਖ ਲੱਖ ਵਧਾਈ ਦਿੱਤੀ। ਉਹਨਾਂ ਕਿਹਾ ਕੇ ਬਾਬਾ ਸਾਹਿਬ ਨੇਂ ਕਿਹਾ ਸੀ ਕਿ–

"ਗਿਆਨ ਸ਼ੇਰਨੀ ਦਾ ਦੁੱਧ ਹੈ
ਜੋ ਇਸਨੂੰ ਪੀਵੇਗਾ ਓਹ ਦਹਾੜੇਗਾ",
"ਜੀਵਨ ਲੰਬਾ ਨਹੀਂ ਮਹਾਨ ਹੋਣਾ ਚਾਹੀਦਾ ਹੈ"।

ਗੁਰੂਘਰ ਦੇ ਵਜੀਰ ਭਾਈ ਰਾਮ ਸਿੰਘ ਨੈਂ ਗੁਰਬਾਣੀ ਦੇ ਹਵਾਲੇ ਨਾਲ ਸਮਝਾਇਆ ਕੇ ਬਾਬਾ ਸਾਹਿਬ ਵਰਗੇ ਇਨਸਾਨ ਦੁਨੀਆਂ ਵਿੱਚ ਕਦੇ ਕਦੇ ਜਨਮ ਲੈਂਦੇ ਹਨ ਅਤੇ ਇਸ ਦੁਨਿਆਵੀ ਦੁਨੀਆਂ ਵਿੱਚ ਆਪਣੇ ਕੰਮਾਂ ਨਾਲ ਮਹਾਨ ਪੁਰਸ਼ ਦੀ ਪਦਵੀ ਪਾ ਲੈਂਦੇ ਹਨ।

ਗੁਰੂਘਰ ਦੇ ਕੀਰਤਨੀਏ ਭਾਈ ਹਰਵਿੰਦਰ ਸਿੰਘ ਰਸੀਆ ਜੀ ਨੈਂ "ਕੀੜਾ ਥਾਪਿ ਦੇਇ ਪਾਤਸ਼ਾਹੀ" ਸ਼ਬਦ ਨਾਲ ਹਾਜਰੀ ਲਗਵਾਈ। ਉਹਨਾਂ ਕਿਹਾ ਕੇ ਮਾਨਵੀ ਅਧਿਕਾਰਾਂ ਲਈ ਲੜਨ ਵਾਲੇ ਯੋਧੇ ਸਨ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਸਾਨੂੰ ਵੀ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਆਓ ਗੁਰਬਾਣੀ ਦਾ ਓਟ ਆਸਰਾ ਲੈ ਕੇ ਆਪ ਨੂੰ ਸਵਾਰੀਏ ਅਤੇ ਫਿਰ ਦੁਨੀਆਂ ਸਵਾਰਨ ਵੱਲ ਵਧੀਏ।

ਗੁਰੂਘਰ ਦੇ ਸਾਬਕਾ ਪ੍ਰਧਾਨ ਸ਼੍ਰੀ ਮਲਕੀਤ ਸਿੰਘ ਬੰਗੜ ਜੋ ਕੇ ਬਾਬਾ ਸਾਹਿਬ ਦੇ ਹਰ ਜਨਮ ਦਿਵਸ ਤੇ ਆਪਣੀ ਹਾਜਰੀ ਨੂੰ ਯਕੀਨੀ ਬਣਾਉਂਦੇ ਹਨ ਉਹਨਾਂ ਨੈਂ ਵੀ ਬਾਬਾ ਸਾਹਿਬ ਦੇ ਸਮੁੱਚੀ ਮਾਨਵਤਾ ਲਈ ਕੀਤੇ ਕੰਮਾਂ ਨੂੰ ਸੰਗਤ ਨਾਲ ਸਾਂਝਾ ਕੀਤਾ। ਉਹਨਾਂ ਕਿਹਾ ਬਾਬਾ ਸਾਹਿਬ ਨੈਂ ਆਪਣਾ ਸਾਰਾ ਜੀਵਨ ਆਮ ਲੋਕਾਂ ਦੀ ਸਮਾਜਿਕ ਆਜਾਦੀ, ਨਿਆਂ,ਬਰਾਬਰਤਾ, ਮੌਕੇ ਅਤੇ ਆਰਥਿਕ ਉੱਨਤੀ ਲਈ ਸਮਰਪਤਿ ਕੀਤਾ। ਸੰਵਿਧਾਨ ਦੇ ਰੂਪ ਵਿੱਚ ਇਹ ਸਾਰੇ ਅਧਿਕਾਰ ਲੈ ਕੇ ਦਿੱਤੇ ਪਰ ਹੁਣ ਤੱਕ ਸਮੈਂ ਸਮੈਂ ਤੇ ਰਹੀਆਂ ਸਾਰੀਆਂ ਸਰਕਾਰਾਂ ਨੇ ਸੰਵਿਧਾਨ ਨੂੰ ਅਮਲ ਰੂਪ ਵਿੱਚ ਲਾਗੂ ਨਾਂ ਕਰਕੇ ਆਮ ਲੋਕਾਂ ਨੂੰ ਉਹਨਾਂ ਦੇ ਮਾਨਵੀ ਅਧਿਕਾਰਾਂ ਤੋਂ ਵਾਂਝੇ ਰੱਖਿਆ।

ਗੂਰੂਘਰ ਦੇ ਖਜਾਨਚੀ ਸ. ਦਵਿੰਦਰ ਸਿੰਘ ਨਿਗਾਹ ਨੈਂ ਕਿਹਾ ਕੇ ਮਹਾਂਪੁਰਸ਼ਾਂ ਦੇ ਜਨਮ ਦਿਨ ਮਨਾਉਣ ਦਾ ਮਕਸਦ ਇਹੀ ਹੁੰਦਾ ਹੈ ਕੇ ਅਸੀਂ ਉਹਨਾਂ ਦੇ ਕੰਮਾਂ ਨੂੰ ਯਾਦ ਕਰੀਏ ਅਤੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰੀਏ, ਪਰ ਅਸੀਂ ਦੋਵਾਂ ਕੰਮਾਂ ਵਿੱਚ ਹੀ ਫੇਲ ਹੋ ਗਏ ਹਾਂ। ਜੇ ਅਸੀਂ ਬਾਬਾ ਸਾਹਿਬ ਦੀਆਂ ਗੱਲਾਂ ਨੂੰ ਮੰਨਿਆ ਹੁੰਦਾ ਤਾਂ ਅਸੀਂ ਐਨਾ ਲੰਬਾ ਸਮਾਂ ਰਾਜਸੱਤਾ ਤੌਂ ਦੂਰ ਨਹੀਂ ਰਹਿਣਾ ਸੀ। ਰਾਜਨੀਤਿਕ ਸ਼ਕਤੀ ਹਾਸਿਲ ਕੀਤੇ ਵਗੈਰ ਆਪਣੇ ਲੋਕਾਂ ਦੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ।

ਗੁਰੂਘਰ ਦੇ ਕੀਰਤਨੀਏ ਭਾਈ ਰਾਮ ਆਸਰਾ ਜੀ ਨੇ ਕਿਹਾ ਜਿੰਨਾ ਚਿਰ ਆਪਣਾ ਰਾਜ ਨਹੀਂ ਹੋਵੇਗਾ ਉਨਾ ਚਿਰ ਅਸੀਂ ਆਪਣੇ ਹੱਕਾਂ ਦੀ ਸੁਰੱਖਿਆ ਨਹੀਂ ਕਰ ਸਕਦੇ। ਰਾਜ ਲਿਆਉਣ ਲਈ ਸਭ ਨੂੰ ਇਕੱਠੇ ਹੋਣਾ ਪੈਣਾ ਹੈ।

ਗੁਰੂਘਰ ਦੇ ਮੁੱਖ ਸੇਵਾਦਾਰ ਅਮਰ ਦੜੋਚ ਨੇ ਵੀ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਬਹੁਜਨ ਮਹਾਂਪੁਰਸ਼ਾਂ ਨੂੰ ਮੰਨਣ ਦੇ ਨਾਲ ਨਾਲ ਉਹਨਾਂ ਦੀ ਗੱਲ ਮੰਨਣ ਲਈ ਵੀ ਕਿਹਾ। ਉਹਨਾਂ ਦੱਸਿਆ ਕੇ ਇਸ ਵਾਰ ਦੁਨੀਆਂ ਦੇ 92ਵੈਂ ਦੇਸ਼ਾਂ ਵਿੱਚ ਬਾਬਾ ਸਾਹਿਬ ਦਾ ਜਨਮ ਦਿਵਸ ਮਨਾਇਆ ਗਿਆ ਜੋ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ। ਵਿਸ਼ਵ ਪੱਧਰ ਤੇ ਬਾਬਾ ਸਾਹਿਬ ਨੂੰ ਦੁਨੀਆ ਦੇ 6ਵੈਂ ਦਿਮਾਗ ਦੀ ਉਪਾਧੀ ਮਿਲਣਾ ਵੀ ਪੂਰੇ ਸਮਾਜ ਦਾ ਸਿਰ ਫਖਰ ਨਾਲ ਉੱਚਾ ਕਰਦਾ ਹੈ।

"ਕਿਸਮਤ ਵਿੱਚ ਯਕੀਨ ਨਾਂ ਰੱਖੋ ਆਪਣੀ ਤਾਕਤ ਵਿੱਚ ਵਿਸ਼ਵਾਸ਼ ਕਰੋ"।

"ਰਾਜਨੀਤਿਕ ਸ਼ਕਤੀ ਹਾਸਿਲ ਕੀਤੇ ਬਗੈਰ ਦੱਬੇ ਕੁਚਲੇ ਵਰਗ ਦੇ ਲੋਕਾਂ ਦੀ ਹਾਲਤ ਵਿੱਚ ਸੁਧਾਰ ਨਹੀਂ ਹੋ ਸਕਦਾ"। ਉਪਰੋਕਤ ਸ਼ਬਦ ਬਾਬਾ ਸਾਹਿਬ ਦੇ ਹਨ ਜਿਹਨਾਂ ਨੇ ਵਾਰ ਵਾਰ ਰਾਜਨੀਤਿਕ ਸ਼ਕਤੀ ਨੂੰ ਆਪਣੇ ਹੱਥਾਂ ਵਿੱਚ ਲੈਣ ਲਈ ਲੋਕਾਂ ਨੂੰ ਕਿਹਾ।

ਸ੍ਰੀ ਅਮਰ ਦੜੋਚ ਨੇ ਆਪਣੀ ਗੱਲ ਰੱਖਦਿਆਂ ਕਿਹਾ ਕੇ ਸਤਿਗੁਰੂ ਰਵਿਦਾਸ ਮਹਾਰਾਜ ਨੇਂ ਆਪਣੇ ਸਮਾਜ ਦੇ ਦੁੱਖਾਂ ਦਰਦਾਂ ਦਾ ਸਮਾਧਾਨ ਬੇਗਮਪੁਰਾ ਦੱਸਿਆ, ਬਾਬਾ ਸਾਹਿਬ ਨੈਂ ਬੇਗਮਪੁਰੇ ਨੂੰ ਅਮਲ ਰੂਪ ਵਿੱਚ ਵਸਾਉਣ ਲਈ ਸਾਨੂੰ ਦੁਨੀਆਂ ਦੇ ਸਭ ਤੌਂ ਵੱਡੇ ਲੋਕਤੰਤਰ ਭਾਰਤ ਵਿੱਚ ਸੰਵਿਧਾਨ ਰੂਪੀ ਵੱਡਾ ਹਥਿਆਰ ਦਿੱਤਾ। ਦੇਸ਼ ਦੇ ਹਰ ਨਾਗਰਿਕ ਨੂੰ ਵੋਟ ਪਾਉਣ ਦਾ ਅਣਮੁੱਲਾ ਅਧਿਕਾਰ ਲੈ ਕੇ ਦਿੱਤਾ ਅਤੇ ਆਪਣੇ ਆਖਰੀ ਸਮੈਂ ਤੱਕ ਇਸ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ।

ਬਾਬਾ ਸਾਹਿਬ ਦੇ ਜਾਣ ਤੋਂ ਬਾਅਦ
ਇੱਕ ਨਾਹਰਾ ਜੋ ਭਾਰਤ ਵਿੱਚ ਗੂੰਜਿਆ....
"ਬਾਬਾ ਸਾਹਿਬ ਕਾ ਦੂਜਾ ਨਾਮ
ਕਾਂਸ਼ੀ ਰਾਮ ਕਾਂਸ਼ੀ ਰਾਮ" ਇਸ ਨਾਹਰੇ ਦੇ ਪਾਤਰ ਸਾਹਿਬ ਕਾਂਸ਼ੀ ਰਾਮ ਜੀ ਨੈਂ ਦੇਖਿਆ ਕੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਬੇਗਮਪੁਰੇ ਨੂੰ ਭਾਰਤ ਦੇਸ਼ ਵਿੱਚ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਅਮਲ ਰੂਪ ਵਿੱਚ ਲਾਗੂ ਕਰਕੇ ਹੀ ਵਸਾਇਆ ਜਾ ਸਕਦਾ ਹੈ ਤੇ ਸੰਵਿਧਾਨ ਨੂੰ ਲਾਗੂ ਸਿਰਫ ਰਾਜਸੱਤਾ ਤੇ ਕਾਬਜ ਹੋ ਕੇ ਹੀ ਕਰ ਸਕਦੇ ਹਾਂ। ਰਾਜਸੱਤਾ ਤੇ ਕਾਬਜ ਸਿਰਫ ਰਾਜਨੀਤਿਕ ਪਾਰਟੀ ਹੀ ਹੋ ਸਕਦੀ ਹੈ ਅਤੇ ਬਾਬਾ ਸਾਹਿਬ ਦੇ 93ਵੇਂ ਜਨਮ ਦਿਵਸ 14 ਅਪ੍ਰੈਲ 1984 ਨੂੰ ਬਾਬਾ ਸਾਹਿਬ ਦੇ ਨੀਲੇ ਝੰਡੇ ਅਤੇ ਹਾਥੀ ਨਿਸ਼ਾਨ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕੀਤੀ। ਅੱਜ ਓਹ ਪਾਰਟੀ 40 ਸਾਲਾਂ ਬਾਅਦ ਭਾਰਤ ਦੇਸ਼ ਦੀ ਤੀਸਰੇ ਨੰਬਰ ਦੀ ਰਾਜਨੀਤਿਕ ਸ਼ਕਤੀ ਹੈ ਤੇ ਜਦੋਂ ਵੀ ਇਹ ਰਾਜਨੀਤਿਕ ਸ਼ਕਤੀ ਭਾਰਤ ਦੇ ਸਭ ਤੌਂ ਵੱਡੇ ਪ੍ਰਦੇਸ਼ ਉੱਤਰ ਪ੍ਰਦੇਸ਼ ਵਿੱਚ ਸੱਤਾ ਵਿੱਚ ਆਈ ਤਾਂ ਉਸਨੇ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਅਮਲੀ ਰੂਪ ਵਿੱਚ ਲਾਗੂ ਕਰਕੇ ਕਰੋੜਾਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਕੀਤਾ।

ਯਾਦ ਰਹੇ 1989 ਵਿੱਚ ਬਹੁਜਨ ਸਮਾਜ ਪਾਰਟੀ ਵਲੋਂ ਜਨਤਾ ਦਲ ਵੀ ਪੀ ਸਿੰਘ ਦੀ ਸਰਕਾਰ ਨੂੰ ਬਿਨਾਂ ਕੋਈ ਮੰਤਰੀ ਪੱਧ ਲਏ ਸਿਰਫ ਦੋ ਸ਼ਰਤਾਂ ਤੇ ਸਮਰਥਨ ਦਿੱਤਾ ਸੀ। ਪਹਿਲੀ ਕੇ ਬਾਬਾ ਸਾਹਿਬ ਨੂੰ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨ ਦਿੱਤਾ ਜਾਵੇ ਤੇ ਦੂਸਰੀ ਦੇਸ਼ ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਕੇ ਦੇਸ਼ ਦੇ 52% OBC ਪਿਛੜੇ ਲੋਕਾਂ ਉਹਨਾਂ ਦੀ ਬਣਦੀ 27% ਪ੍ਰਤੀਨਿਧਤਾ ਦਿੱਤੀ ਜਾਵੇ। ਜਿਹੜਾ ਕੰਮ ਕਾਂਗਰਸ ਪਾਰਟੀ 42 ਸਾਲਾਂ ਵਿੱਚ ਅਤੇ 1984 ਵਿੱਚ 404 ਮੈਂਬਰ ਪਾਰਲੀਮੈਂਟ ਹੋਣ ਦੇ ਬਾਵਜੂਦ ਵੀ ਨਾਂ ਕਰ ਸਕੀ ਉਹ ਕੰਮ ਬਾਬਾ ਸਾਹਿਬ ਦੀ ਵਿਚਾਰਧਾਰਾ ਵਾਲੀ ਅਸਲ ਪਾਰਟੀ ਬਹੁਜਨ ਸਮਾਜ ਪਾਰਟੀ ਨੈਂ ਮਾਤਰ 3 ਮੈਂਬਰ ਪਾਰਲੀਮੈਂਟ ਨਾਲ ਕਰ ਦਿਖਾਇਆ।

ਸ੍ਰੀ ਅਮਰ ਦੜੋਚ ਨੇ ਆਪਣੀ ਗੱਲ ਸਮਾਪਤ ਕਰਦਿਆਂ ਸਭ ਨੂੰ ਅਪੀਲ ਕੀਤੀ ਕੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਅਸਲ ਵਧਾਈ ਪੂਰੇ ਭਾਰਤ ਵਿੱਚ ਉਹਨਾਂ ਦੁਆਰਾ ਦਿੱਤੇ ਸੰਵਿਧਾਨ ਨੂੰ ਲਾਗੂ ਕਰਨਾ ਹੀ ਹੋ ਸਕਦੀ ਹੈ ਤੇ ਉਸਨੂੰ ਲਾਗੂ ਕਰਨ ਲਈ ਬਹੁਜਨ ਸਮਾਜ ਪਾਰਟੀ ਦਾ ਦਿੱਲੀ ਦੀ ਸੱਤਾ ਤੱਕ ਪਹੁੰਚਣਾ ਬਹੁੱਤ ਜਰੂਰੀ ਹੈ ਜਿਸ ਲਈ ਬਾਬਾ ਸਾਹਿਬ ਨੂੰ ਮੰਨਣ ਵਾਲੇ ਹਰ ਇਨਸਾਨ ਦਾ ਇਖਲਾਕੀ ਫਰਜ ਬਣਦਾ ਉਹ ਆਪਣੀ ਸਭ ਤੌਂ ਵੱਡੀ ਤਾਕਤ ਵੋਟ ਦਾ ਸਹੀ ਇਸਤੇਮਾਲ ਕਰਕੇ ਬਹੁਜਨ ਸਮਾਜ ਪਾਰਟੀ ਨੂੰ ਦਿੱਲੀ ਦੀ ਸੱਤਾ ਦਾ ਹੱਕਦਾਰ ਬਣਾਵੇ। ਜਿਸ ਤਰਾਂ ਬਹੁਜਨ ਸਮਾਜ ਪਾਰਟੀ ਦੀ 2007-2012 ਦੀ ਸਰਕਾਰ ਨੈਂ ਉੱਤਰ ਪ੍ਰਦੇਸ ਦਾ ਵਿਕਾਸ ਕੀਤਾ ਉਸੇ ਤਰਾਂ ਹੀ ਪੂਰੇ ਭਾਰਤ ਦਾ ਵਿਕਾਸ ਹੋ ਸਕੇ।

ਅੰਤ ਵਿੱਚ ਸਰਦਾਰ ਹਰਬਲਾਸ ਸਿੰਘ ਝਿੰਗੜ ਜੀ ਨੈਂ ਕਿਹਾ ਕੇ ਯੁੱਗਪੁਰਸ਼, ਭਾਰਤ ਰਤਨ, ਸੰਵਿਧਾਨ ਰਚੇਤਾ ਬਾਬਾ ਸਾਹਿਬ ਦਾ ਜਨਮ ਦਿਨ ਪੂਰੇ ਸੰਸਾਰ ਵਿੱਚ ਲੋਕ ਮਨਾ ਰਹੇ ਹਨ। ਸਾਰੀ ਸੰਗਤ ਨੂੰ ਉਹਨਾਂ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ। ਕਾਂਗਰਸ ਨੇ ਬਾਬਾ ਸਾਹਿਬ ਦੇ ਜਾਣ ਤੌਂ ਬਾਅਦ ਉਹਨਾਂ ਦੀ ਸੋਚ ਨੂੰ ਡੂੰਘਾ ਟੋਆ ਕੱਢਕੇ ਦੱਬ ਦਿੱਤਾ ਸੀ ਜਿਸਨੂੰ ਸਾਹਿਬ ਕਾਂਸ਼ੀ ਰਾਮ ਨੈਂ ਦੋਬਾਰਾ ਉਜਾਗਰ ਕੀਤਾ ਅਤੇ ਪੜੇ ਲਿਖੇ ਲੱਖਾਂ ਲੋਕਾਂ ਨੂੰ ਜਾਗਰਤ ਕਰਕੇ ਬਾਮਸੇਫ ਬਣਾਈ। ਬਾਬਾ ਸਾਹਿਬ ਦੀ ਸੋਚ ਤੇ ਚਲਦਿਆਂ ਬਹੁਜਨ ਸਮਾਜ ਪਾਰਟੀ ਬਣਾ ਕੇ ਹਜਾਰਾਂ ਸਾਲਾਂ ਬਾਅਦ ਭੈਣ ਮਾਇਆਵਤੀ ਦੇ ਰੂਪ ਵਿੱਚ ਰਾਜਾ ਪੈਦਾ ਕੀਤਾ। ਉਸ ਰਾਜ ਵਿੱਚ ਬੇਘਰਿਆਂ ਨੂੰ ਘਰ ਤੇ ਬੇਜਮੀਨਿਆਂ ਨੂੰ ਜਮੀਨਾਂ ਵੰਡੀਆਂ। ਹਜਾਰਾਂ ਸਕੂਲ, 100 ਤੌਂ ਵੱਧ ਕਾਲਜ ਅਤੇ ਯੂਨੀਵਰਸਿਟੀਆਂ ਬਣਾਈਆਂ, ਕਰੋੜਾਂ ਲੋਕਾਂ ਨੂੰ ਨੌਕਰੀਆਂ ਦਿੱਤੀਆਂ। ਆਓ ਸਾਰੇ ਮਿਲਕੇ ਵੋਟ ਦੀ ਤਾਕਤ ਨਾਲ ਦੇਸ਼ ਦੀ ਸੱਤਾ ਬਸਪਾ ਹੱਥ ਲਿਆਈਏ ਅਤੇ ਬਾਬਾ ਸਾਹਿਬ ਦੇ ਅਧੂਰੇ ਸੁਪਨੇ ਨੂੰ ਪੂਰਾ ਕਰੀਏ।

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

**ਗੁਰੂ ਪਿਆਰੀ ਸਾਧ ਸੰਗਤ ਜੀ**

**ਸ਼ਰਧਾਲੂ ਪਰਿਵਾਰਾਂ ਨੂੰ ਸਮੁੱਚੀ ਸੰਗਤ ਨੂੰ ਹੇਠ ਲਿਖੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ:**

**26-27-28 ਅਪ੍ਰੈਲ, 2024 ਬਾਬਾ ਸ਼ੇਖ ਫਰੀਦ ਦਾ ਜਨਮ ਦਿਹਾੜਾ**

**ਫਰੀਦਾ ਜੇ ਤੂ ਅਕਲੀ ਲਤੀਫੁ ਸਮਝ ਲਿਖੁ ਐਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥ 6**

ਸ਼ਰਧਾਲੂ ਪਰਿਵਾਰਾਂ ਵੱਲੋਂ ਬਾਬਾ ਸ਼ੇਖ ਫਰੀਦ ਜੀ ਦਾ ਜਨਮ ਦਿਹਾੜਾ ਅਖੰਡ ਪਾਠ ਅਤੇ ਲੰਗਰ ਵਰਤਾ ਕੇ ਮਨਾਇਆ ਜਾਵੇਗਾ। । ਅਖੰਡ ਪਾਠ ਸ਼ੁੱਕਰਵਾਰ 26 ਅਪ੍ਰੈਲ 2024 ਨੂੰ ਸਵੇਰੇ 10:00 ਵਜੇ ਅਰੰਭ ਹੋਵੇਗਾ ਅਤੇ ਐਤਵਾਰ 28 ਅਪ੍ਰੈਲ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ ਬਾਬਾ ਫਰੀਦ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਵਾਹਿਗੁਰੂ ਮੇਹਰ ਕਰੇ ਸੇਵਾਦਾਰਾਂ ਨੂੰ।

**ਜੂਨ 28-29-30, 2024 ਪਿਟਸਬਰਗ**
**ਗੁਰੂਘਰ ਦੀ 39ਵੀਂ ਵਰ੍ਹੇਗੰਢ**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਬਰਸੀ 30 ਜੂਨ, 2024 ਨੂੰ ਮਨਾਈ ਜਾਵੇਗੀ। ਅਖੰਡ ਪਾਠ ਸ਼ੁੱਕਰਵਾਰ 28 ਜੂਨ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 06/30/2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗੁਰੂਘਰ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਰਾਗੀ ਜਥਾ ਸੰਗਤਾਂ ਨੂੰ ਨਿਹਾਲ ਕਰੇਗਾ।

**"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"**

**Sangat Sewadars** www.srigururavidasstemple.com

| Chairman | President | Secretary | Treasurer |
|---|---|---|---|
| Ramesh Suman | Vinod Kumar | Dilbag Singh | Sunita K. Singh |

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





# 209-239-1551

**1003 MOFFAT BLVD., MANTECA, CA 95336**
**3575 S ELDORADO ST., STOCTON, CA 95206**

# ਅਮਰੀਕਾ ਵਿਚ ਲੰਬੇ ਸਮੇ ਤੋਂ ਲੱਖਾਂ ਭਾਰਤੀ ਗਰੀਨ ਕਾਰਡ ਦੀ ਉਡੀਕ ਵਿੱਚ

## ਪ੍ਰਤੀ ਦੇਸ਼ ਨਿਰਧਾਰਤ ਸੀਮਾ ਕਾਰਨ ਪੈਦਾ ਹੋਈ ਸਮੱਸਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਪਿਛਲੇ ਲੰਬੇ ਸਮੇ ਤੋਂ ਉਨਾਂ ਲੱਖਾਂ ਭਾਰਤੀਆਂ ਦੀਆਂ ਆਸਾਂ ਉੱਤੇ ਖਰੀ ਨਹੀਂ ਉੱਤਰੀ ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। 10 ਲੱਖ ਤੋਂ ਵਧ ਭਾਰਤੀ ਜਿਨਾਂ ਵਿਚ ਉੱਚ ਪੱਧਰ ਦੇ ਹੁਨਰਮੰਦ ਪੇਸ਼ਾਵਰ ਲੋਕ ਸ਼ਾਮਿਲ ਹਨ, ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿਚ ਹਨ। ਇਹ ਸਮੱਸਿਆ ਹਰ ਦੇਸ਼ ਲਈ ਨਿਰਧਾਰਤ ਹੱਦ ਤੇ ਗਰੀਨ ਕਾਰਡਾਂ ਦਾ ਸਲਾਨਾ ਕੋਟਾ ਘੱਟ ਹੋਣ ਕਾਰਨ ਪੈਦਾ ਹੋਈ ਹੈ। ਫਾਰਬਸ ਮੈਗਜ਼ੀਨ ਦੀ ਰਿਪੋਰਟ ਅਨੁਸਾਰ 12 ਲੱਖ ਭਾਰਤੀ ਜਿਨਾਂ ਵਿਚ ਉਨਾਂ ਦੇ ਆਸ਼ਰਤ ਵੀ ਸ਼ਾਮਿਲ ਹਨ, ਰੁਜ਼ਗਾਰ ਅਧਾਰਤ ਪਹਿਲੀ, ਦੂਜੀ ਤੇ ਤੀਸਰੀ ਗਰੀਨ ਕਾਰਡ ਸ਼੍ਰੇਣੀ ਵਿਚ ਗਰੀਨ ਕਾਰਡਾਂ ਦੀ ਉਡੀਕ ਵਿਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਨਾਲ ਸਬੰਧਤ ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਸੀ ਅਨੁਸਾਰ ਪਹਿਲੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-1 ਵੀ ਕਿਹਾ ਜਾਂਦਾ ਹੈ, ਵਿਚ ਕੁਲ 143497 ਭਾਰਤੀਆਂ ਨੂੰ ਗਰੀਨ ਕਾਰਡ ਨਹੀਂ ਮਿਲਿਆ। ਇਸ ਸ਼੍ਰੇਣੀ ਵਿਚ ਅਸਧਾਰਨ ਸਮਰਥਾ ਵਾਲੇ ਪ੍ਰੋਫੈਸਰ, ਖੋਜੀ ਤੇ ਬਹੁ ਰਾਸ਼ਟਰੀ ਅਧਿਕਾਰੀ ਜਾਂ ਮੈਨੇਜਰ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਦੂਸਰੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-2 ਵੀ ਕਿਹਾ ਜਾਂਦਾ ਹੈ, ਵਿਚ 419392 ਭਾਰਤੀ ਤੇ ਏਨੇ ਹੀ ਉਨਾਂ 'ਤੇ ਨਿਰਭਰ ਭਾਰਤੀ ਸ਼ਾਮਿਲ ਹਨ ।

ਕੁਲ ਮਿਲਾ ਕੇ ਇਸ ਸ਼ੇਣੀ ਵਿਚ 838784 ਭਾਰਤੀਆਂ ਨੂੰ ਗਰੀਨ ਕਾਰਡ ਦੀ ਉਡੀਕ ਹੈ। ਇਸ ਸ਼੍ਰੇਣੀ ਵਿਚ ਐਡਵਾਂਸ ਡਿਗਰੀ ਵਾਲੇ ਤੇ ਸਾਇੰਸ, ਆਰਟਸ ਤੇ ਬਿਜਨਸ ਵਿਚ ਵਿਸ਼ੇਸ਼ ਮੁਹਾਰਤ ਰਖਣ ਵਾਲੇ ਲੋਕ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਤੀਸਰੀ ਤਰਜੀਹੀ ਸ਼੍ਰੇਣੀ ਵਿਚ 138581 ਭਾਰਤੀ ਸ਼ਾਮਿਲ ਹਨ, ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ 2020 ਦੇ ਅੰਕੜਿਆਂ ਅਨੁਸਾਰ ਈ ਬੀ-2 ਸ਼੍ਰੇਣੀ ਵਿਚ ਭਾਰਤੀਆਂ ਜਿਨਾਂ ਨੂੰ ਗਰੀਨ ਕਾਰਡ ਨਹੀਂ ਮਿਲਿਆ, ਦੀ ਗਿਣਤੀ ਵਿਚ ਪਿਛਲੇ 3 ਸਾਲਾਂ ਦੌਰਾਨ 40% ਵਾਧਾ ਹੋਇਆ ਸੀ। ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਤਰਾਂ ਹੀ ਚੱਲਦਾ ਰਿਹਾ ਤਾਂ ਭਵਿੱਖ ਵਿਚ ਇਹ ਗਿਣਤੀ ਬਹੁਤ ਜਿਆਦਾ ਹੋ ਜਾਵੇਗੀ। ਹੋ ਸਕਦਾ ਹੈ ਕਿ ਬਹੁਤ ਸਾਰਿਆਂ ਨੂੰ ਆਪਣੀ ਇਸ ਜਿੰਦਗੀ ਵਿਚ ਗਰੀਨ ਕਾਰਡ ਨਸੀਬ ਹੀ ਨਾ ਹੋਵੇ।

## ਅਮਰੀਕਾ ਵਿਚ ਲਾਪਤਾ ਦੋ ਔਰਤਾਂ ਦੀਆਂ ਮਿਲੀਆਂ ਲਾਸ਼ਾਂ, 4 ਵਿਰੁੱਧ ਮਾਮਲਾ ਦਰਜ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਓਕਲਾਹੋਮਾ ਰਾਜ ਵਿਚ 2 ਲਾਪਤਾ ਔਰਤਾਂ ਦੀਆਂ ਲਾਸ਼ਾਂ ਮਿਲਣ ਦੀ ਖਬਰ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਕਿਹਾ ਹੈ ਕਿ ਚੀਫ ਮੈਡੀਕਲ ਜਾਂਚਕਾਰ ਨੇ ਮਿਲੀਆਂ ਲਾਸ਼ਾਂ ਦੀ ਪਛਾਣ ਕਰ ਲਈ ਹੈ। ਇਹ ਲਾਸ਼ਾਂ ਵੇਰੋਨੀਸਾ ਬਟਲਰ (27) ਤੇ ਜਿਲੀਅਨ ਕੈਲੀ (39) ਦੀਆਂ ਹਨ ਜੋ ਪਿਛਲੇ ਮਹੀਨੇ ਤੋਂ ਲਾਪਤਾ ਸਨ। ਓਕਲਾਹੋਮਾ ਵਿਚਲੇ ਟੈਕਸਾਸ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਪਿਛਲੇ ਮਹੀਨੇ ਦੇ ਅਖੀਰ ਵਿਚ ਇਹ ਔਰਤਾਂ ਇਕੱਠੇ ਬੱਚਿਆਂ ਨੂੰ ਲੈਣ ਗਈਆਂ ਸਨ ਪਰੰਤੂ ਵਾਪਸ ਨਹੀਂ ਮੁੜੀਆਂ। ਇਸ ਮਾਮਲੇ ਵਿਚ ਟੈਡ ਬਰਟ ਕੁਲਮ (43), ਟਿਫਾਨੀ ਮਚੈਲ ਐਡਮਜ (54), ਕੋਲ ਅਰਲ ਟੂਮਬਲਾਈ (50) ਤੇ ਕੋਰਾ ਗੇਲ ਟੂਮਬਲਾਈ (40) ਵਿਰੁੱਧ ਹੱਤਿਆਵਾਂ, ਅਗਵਾ ਸਮੇਤ ਹੋਰ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

## ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀ ਪੁਲਿਸ ਨਾਲ ਭਿੜੇ, 100 ਤੋਂ ਵਧ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਹੱਥੋਪਾਈ ਹੋਣ ਦੀ ਖਬਰ ਹੈ । ਇਕ ਲਾਅ ਇਨਫੋਰਸਮੈਂਟ ਅਫਸਰ ਅਨੁਸਾਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿਤਰ ਬਿਤਰ ਕਰਨ ਲਈ ਯੂਨੀਵਰਸਿਟੀ ਵਿਚ ਦਾਖਲ ਹੋਈ ਤੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ 100 ਤੋਂ ਵਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇਹ ਪ੍ਰਦਰਸ਼ਨ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ ਸ਼ਫਿਕ ਦੀ ਯਹੂਦੀਆਂ ਨਾਲ ਭੇਦਭਾਵ ਬਾਰੇ ਵਾਸ਼ਿੰਗਟਨ, ਡੀ ਸੀ ਵਿਚ ਸਦਨ ਦੀ ਸਿੱਖਿਆ ਕਮੇਟੀ ਅੱਗੇ ਪੇਸ਼ੀ ਤੋਂ ਪਹਿਲਾਂ ਹੋਇਆ ਹੈ। ਪੁਲਿਸ ਅਫਸਰ ਅਨੁਸਾਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪ੍ਰਦਰਸ਼ਨਕਾਰੀ ਅਪਰ ਮੈਨਹਟਨ ਵਿਚ ਇਕੱਠੇ ਹੋਏ ਤੇ ਉਨਾਂ ਨੇ ਉਥੇ ਟੈਂਟ ਲਾ ਦਿੱਤੇ। ਇਸ ਉਪਰੰਤ ਇਸਰਾਈਲ ਸਮਰਥਕ ਸਮੂੰਹ ਵੀ ਉਥੇ ਪਹੁੰਚ ਗਿਆ। ਅਨੇਕਾਂ ਪ੍ਰਦਰਸ਼ਨਕਾਰੀਆਂ ਜਿਨਾਂ ਦੇ ਹੱਥਾਂ ਵਿਚ ਫਲਸਤੀਨੀ ਝੰਡੇ ਫੜੇ ਹੋਏ ਸਨ, ਦੀ ਪੁਲਿਸ ਅਫਸਰਾਂ ਨਾਲ ਬਹਿਸ ਹੋਈ ਤੇ ਕੁਝ ਪ੍ਰਦਰਸ਼ਨਕਾਰੀ ਪੁਲਿਸ ਅਫਸਰਾਂ ਨਾਲ ਭਿੜ ਗਏ। ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ਵਿਰੁੱਧ ਦਾਇਰ ਮਾਮਲੇ ਬਾਰੇ ਕੁਝ ਨਹੀਂ ਕਿਹਾ ਤੇ ਨਾ ਹੀ ਗ੍ਰਿਫਤਾਰੀਆਂ ਬਾਰੇ ਕੋਈ ਹੋਰ ਜਾਣਕਾਰੀ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਯੂਨੀਵਰਸਿਟੀ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ ਤੇ ਕੈਂਪਸ ਦੇ ਗੇਟ ਬੰਦ ਕਰ ਦਿੱਤੇ ਗਏ ਹਨ। ਯੂਨੀਵਰਸਿਟੀ ਦਾ ਸ਼ਨਾਖਤੀ ਕਾਰਡ ਵਿਖਾ ਕੇ ਹੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ। ਇਸੇ ਦੌਰਾਨ ਕੋਲੰਬੀਆ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ ਸ਼ਫਿਕ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਨੂੰ ਇਕ ਪੱਤਰ ਲਿਖ ਕੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਕਿਹਾ ਸੀ। ਪ੍ਰਧਾਨ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀ ਯੂਨੀਵਰਸਿਟੀ ਦੇ ਨਿਯਮਾਂ ਤੇ ਨੀਤੀਆਂ ਦੀ ਉਲੰਘਣਾ ਕਰ ਰਹੇ ਹਨ। ਉਨਾਂ ਕਿਹਾ ਕਿ ਮੈ ਇਹ ਅਸਧਾਰਨ ਕਦਮ ਚੁੱਕਿਆ ਹੈ ਕਿਉਂਕਿ ਅਸਧਾਰਨ ਹਾਲਾਤ ਪੈਦਾ ਹੋ ਗਏ ਸਨ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਮੈਨਹਟਨ ਅਦਾਲਤ ਦੇ ਬਾਹਰ ਇਕ ਵਿਅਕਤੀ ਨੇ ਆਪਣੇ ਆਪ ਨੂੰ ਲਾਈ ਅੱਗ, ਬੁਰੀ ਤਰਾਂ ਝੁਲਸਿਆ ਹਾਲਤ ਨਾਜ਼ਕ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਵਿਚ ਇਕ ਅਦਾਲਤ ਜਿਥੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਅਪਰਾਧਕ ਮੁਕੱਦਮੇ ਦੀ ਸੁਣਵਾਈ ਹੋ ਰਹੀ ਹੈ, ਦੇ ਬਾਹਰ ਇਕ ਵਿਅਕਤੀ ਵੱਲੋਂ ਆਪਣੇ ਉਪਰ ਤੇਲ ਵਰਗਾ ਕੋਈ ਤਰਲ ਛਿੜ ਕੇ ਆਪਣੇ ਆਪ ਨੂੰ ਅੱਗ ਲਾ ਲਈ ਗਈ ਜਿਸ ਕਾਰਨ ਉਹ ਬੁਰੀ ਤਰਾਂ ਝੁਲਸ ਗਿਆ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਮੁੱਖੀ ਜੈਫਰੀ ਬੀ ਮੈਡਰੇ ਨੇ ਕਿਹਾ ਹੈ ਕਿ ਸੇਂਟ ਗੁਸਟਾਈਨ, ਫਲੋਰਿਡਾ ਵਾਸੀ ਮੈਕਸਵੈਲ ਅਜ਼ਾਰੇਲੋ (38) ਮੈਨਹਟਨ ਕ੍ਰਿਮੀਨਲ ਕੋਰਟਹਾਊਸ ਨੇੜੇ ਪਾਰਕ ਵਿਚ ਦੁਪਹਿਰ 1.30 ਵਜੇ ਦੇ ਆਸਪਾਸ ਦਾਖਲ ਹੋਇਆ। ਉਸ ਨੇ ਆਪਣੇ ਨਾਲ ਲਿਆਂਦੇ ਬੈਗ ਵਿਚੋਂ ਕੁਝ ਪਰਚੇ ਕੱਢੇ ਤੇ ਉਨਾਂ ਨੂੰ ਹਵਾ ਵਿਚ ਉਛਾਲ ਦਿੱਤਾ। ਬਾਅਦ ਵਿਚ ਉਸ ਨੇ ਆਪਣੇ ਉਪਰ ਤਰਲ ਛਿੜਕਿਆ ਤੇ ਲਾਈਟਰ ਨਾਲ ਅੱਗ ਲਾ ਲਈ। ਇਸ ਉਪਰੰਤ ਉਹ ਅਦਾਲਤ ਅੱਗੇ ਪੁਲਿਸ ਵੱਲੋਂ ਲਾਈਆਂ ਰੋਕਾਂ ਉਪਰ ਜਾ ਡਿੱਗਾ।





ਪੁਲਿਸ ਮੁੱਖੀ ਅਨੁਸਾਰ ਪਾਰਕ ਵਿਚ ਮੌਜੂਦ ਲੋਕਾਂ, ਅਦਾਲਤ ਤੇ ਪੁਲਿਸ ਅਫਸਰਾਂ ਨੇ ਆਪਣੇ ਕੋਟਾਂ ਤੇ ਹੋਰ ਢੰਗ ਤਰੀਕਿਆਂ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਦੀ ਮੱਦਦ ਨਾਲ ਕੁਝ ਮਿੰਟਾਂ ਵਿਚ ਅੱਗ ਬੁਝਾ ਦਿੱਤੀ ਗਈ ਪਰੰਤੂ ਓਦੋਂ ਤੱਕ ਉਹ ਕਾਫੀ ਸੜ ਚੁੱਕਾ ਸੀ।

ਉਸ ਨੂੰ ਗੰਭੀਰ ਹਾਲਤ ਵਿਚ ਨੇੜੇ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਉਸ ਦੀ ਹਾਲਤ ਠੀਕ ਨਹੀਂ ਹੈ। ਅੱਗ ਵਿਭਾਗ ਦੇ ਕਮਿਸ਼ਨਰ ਲੌਰਾ ਕਾਵੰਘ ਨੇ ਕਿਹਾ ਹੈ ਕਿ ਇਸ ਘਟਨਾ ਵਿਚ 4 ਅਫਸਰ ਵੀ ਮਾਮੂਲੀ ਜਖਮੀ ਹੋਏ ਹਨ। ਪੁਲਿਸ ਅਜ਼ਾਰੇਲੋ ਵੱਲੋਂ ਸੁੱਟੇ ਪਰਚਿਆਂ ਦੀ ਜਾਂਚ ਕਰ ਰਹੀ ਹੈ। ਇਹ ਦੁੱਖਦਾਈ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ 12 ਜੱਜਾਂ ਦਾ ਪੂਰਾ ਬੈਂਚ ਡੋਨਲਡ ਟਰੰਪ ਵਿਰੁੱਧ ਅਪਰਾਧਕ ਮਾਮਲੇ ਦੀ ਸੁਣਵਾਈ ਲਈ ਅਦਾਲਤ ਵਿਚ ਮੌਜੂਦ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਘਟਨਾ ਤੋਂ ਪਹਿਲਾਂ ਇਕ ਪੋਸਟ ਵਿਚ ਅਜ਼ਾਰੇਲੋ ਨੇ ਕਿਹਾ ਹੈ ਕਿ ਉਸ ਨੇ ਅਮਰੀਕਾ ਦੇ ਰਾਜਸੀ ਤੇ ਆਰਥਕ ਸਿਸਟਮ ਵੱਲ ਧਿਆਨ ਖਿੱਚਣ ਲਈ ਆਪਣੇ ਆਪ ਨੂੰ ਜਿੰਦਾ ਸਾੜਣ ਦਾ ਫੈਸਲਾ ਲਿਆ ਹੈ।

# ਰੋਜ਼ੀ ਰੋਟੀ ਕਮਾਉਣ ਲਈ ਇਟਲੀ ਗਏ ਢੱਕ ਮਜਾਰਾ ਦੇ ਵਿਅਕਤੀ ਦੀ ਮੌਤ



**ਜਲੰਧਰ, (ਜੱਸੀ)**– ਰੋਜ਼ੀ ਰੋਟੀ ਕਮਾਉਣ ਦੀ ਖਾਤਰ ਇਟਲੀ ਗਏ ਅੱਪਰਾ ਇਲਾਕੇ ਦੇ ਪਿੰਡ ਢੱਕ ਮਜਾਰਾ ਦੇ ਇੱਕ ਵਿਅਕਤੀ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਮ੍ਰਿਤਕ ਹਰਪਾਲ ਰਾਮ ਉਰਫ ਪਾਲਾ ਪੁੱਤਰ ਨੰਜੂ ਰਾਮ ਲਗਭਗ 6 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਇਟਲੀ ਗਿਆ ਸੀ, ਜਿੱਥੇ ਉਹ ਇਟਲੀ ਦੇ ਸ਼ਹਿਰ ਸਲੈਰਨੋ ਵਿਖੇ ਇੱਕ ਰੈਸਟੋ-ਰੈਂਟ 'ਤੇ ਕੰਮ ਕਰਦਾ ਸੀ । ਹਰਪਾਲ ਰਾਮ ਜਦੋਂ ਕੰਮ ਉਪਰੰਤ ਆਪਣੇ ਰੂਮ 'ਚ ਗਿਆ ਤਾਂ ਰਾਤ ਦੇ ਸਮੇਂ ਅਚਾਨਕ ਸਿਹਤ ਵਿਗੜ ਜਾਣ ਕਾਰਣ ਉਸਦੀ ਮੌਤ ਹੋ ਗਈ । ਉਕਤ ਘਟਨਾ ਦੀ ਸੂਚਨਾ ਮਿਲਦਿਆਂ ਹੀ ਇਲਾਕੇ ਭਰ 'ਚ ਸ਼ੋਕ ਦੀ ਲਹਿਰ ਫੈਲ ਗਈ ਹੈ।

# ਆਦਿ ਧਰਮ ਮੰਡਲ ਤੋਂ ਆਰੰਭ ਹੋਈ ਚੌਧਰੀ, ਕਲੇਰ, ਕੇਪੀ ਪਰਿਵਾਰ ਦੀ ਸਿਆਸਤ, ਪ੍ਰਭੂਸੱਤਾ ਲਈ 3 ਹਲਕੇ, 1 ਲੋਕ ਸਭਾ ਸੀਟ ਘਟਾਈ



**ਜਲੰਧਰ**– ਚੌਧਰੀ ਪਰਿਵਾਰ ਦੀ ਨੂੰਹ ਕਰਮਜੀਤ ਕੌਰ ਚੌਧਰੀ ਨੇ ਪਹਿਲਾਂ ਭਾਜਪਾ ਜੁਆਇਨ ਕੀਤੀ। ਹੁਣ ਸੋਮਵਾਰ ਨੂੰ ਮਹਿੰਦਰ ਕੇਪੀ ਦੇ ਅਕਾਲੀ ਦਲ ਵਿਚ ਜਾਣ ਤੋਂ ਬਾਅਦ ਜਲੰਧਰ ਦੇ 3 ਸਿਆਸੀ ਪਰਿਵਾਰਾਂ ਦੇ ਇਤਿਹਾਸ ਦਾ ਨਵਾਂ ਚੈਪਟਰ ਅਰੰਭ ਹੋ ਗਿ ਹੈ। ਇਹਨਾਂ ਤੋਂ ਪਹਿਲਾਂ ਬੂਟਾ ਮੰਡੀ ਦੇ ਕਲੇਰ ਪਰਿਵਾਰ ਦੇ ਲੜਕੇ ਅਵਿਨਾਸ਼ ਚੰਦਰ ਨੇ ਅਕਾਲੀ ਦਲ ਜੁਆਇਨ ਕੀਤੀ ਸੀ ਅਤੇ 2007 ਤੋਂ ਲੈ ਕੇ 2012 ਤੱਕ ਲੜੀਵਾਰ ਕਰਤਾਰਪੁਰ ਅਤੇ ਫਿਲੌਰ ਤੋਂ ਵਿਧਾਇਕ ਰਹੇ ਸਨ।

ਇਹ ਤਿੰਨੇ ਪਰਿਵਾਰ ਰਿਜ਼ਰਵ ਸ਼੍ਰੇਣੀ ਵੋਟਰਾਂ ਦੀ ਬਹੁਗਿਣਤੀ ਵਾਲੇ ਹਲਕਿਆਂ ਦੀ ਸੱਤਾ ਵਿਚ ਰਹੇ, ਪਰ ਵਕਤ ਦੇ ਨਾਲ ਰਸਤੇ ਬਦਲ ਗਏ ਹਨ। ਇਹਨਾਂ ਤਿੰਨਾਂ ਸਿਆਸੀ ਪਰਿਵਾਰਾਂ ਦੀਆਂ ਵੋਟਾਂ 'ਤੇ ਅਸਰ ਦੇ ਸਮੀਕਰਨ ਬਦਲਣ ਦੇ ਲਈ ਸਮੇਂ-ਸਮੇਂ 'ਤੇ ਸਰਕਾਰਾਂ ਨੇ ਵਿਧਾਨ ਸਭਾਵਾਂ ਦੀ ਹੱਦਬੰਦੀ ਵਿਚ ਬਦਲਾਅ ਕੀਤਾ। ਕਦੀ ਜਲੰਧਰ ਵਿਚ 12 ਵਿਧਾਨ ਸਭਾ ਹਲਕੇ ਹੁੰਦੇ ਸਨ। ਇਹਨਾਂ ਵਿਚ ਵੱਡਾ ਪਿੰਡ, ਜਮਸ਼ੇਰ ਅਤੇ ਨੂਰਮਹਿਲ ਅਲੱਗ ਹਲਕੇ ਸਨ। ਇਹਨਾਂ ਨੂੰ ਮਰਜ਼ ਕਰਕੇ ਜਨਰਲ ਸ਼੍ਰੇਣੀ ਦੇ ਹਲਕੇ ਬਣਾਏ ਗਏ। ਜਲੰਧਰ ਵਿਚ ਮੁੱਖ ਸ਼ਹਿਰ ਦੀ ਲੋਕ ਸਭਾ ਸੀਟ ਜਨਰਲ ਹੁੰਦੀ ਸੀ ਅਤੇ ਫਿਲੌਰ ਖੇਤਰ ਨੂੰ ਮਿਲਾ ਕੇ ਦੂਜੀ ਰਿਜ਼ਰਵ ਸ਼੍ਰੇਣੀ ਦੀ ਸੀਟ ਹੁੰਦੀ ਸੀ। 2009 ਵਿਚ ਫਿਲੌਰ ਖੇਤਰ ਨੂੰ ਖਤਮ ਕਰਕੇ ਜਲੰਧਰ ਦੀ ਇਕ ਸੀਟ 'ਤੇ ਚੋਣ ਹੋਈ। ਜਲੰਧਰ ਦੇ ਇਤਿਹਾਸਕਾਰ ਡਾ. ਗਿਆਨ ਚੰਦਰ ਕੌਲ ਕਹਿੰਦੇ ਹਨ ਕਿ ਕਦੀ ਚੌਧਰੀ ਪਰਿਵਾਰ ਦੇ ਮੁਖੀ ਮਾਸਟਰ ਗੁਰਬੰਤਾ ਸਿੰਘ ਅਤੇ ਕਲੇਰ ਪਰਿਵਾਰ ਦੇ ਮੁਖੀ ਸੇਠ ਕਿਸ਼ਨ ਦਾਸ ਸਮਾਜਿਕ ਬਰਾਬਰੀ ਦੀ ਆਦਿ ਧਰਮ ਮੰਡਲ ਮੁਹਿੰਮ ਵਿਚ ਕੰਮ ਕਰਰਹੇ ਸਨ। ਦੋਵਾਂ ਦਾ ਕਮਾਲ ਦਾ ਕੰਬੀਨੇਸ਼ਨ ਸੀ। ਸਮਾਜ ਦੇ ਪੱਛੜੇ ਵਰਗ ਵਿਚ ਮਾਸਟਰ ਗੁਰਬੰਤਾ ਸਿੰਘ ਪੜ੍ਹੇ-ਲਿਖੇ ਚੋਣਵੇਂ ਲੋਕਾਂ ਵਿਚ ਸ਼ਾਮਲ ਸਨ। ਜਦਕਿ ਸੇਠ ਕਿਸ਼ਨ ਦਾਸ ਨੇ ਆਰਥਿਕ ਤਾਕਤ ਪ੍ਰਦਾਨ ਕੀਤੀ ਸੀ। ਦੋਵੇਂ ਅਲੱਗ ਹੋਏ ਤਾਂ ਆਦਿ ਧਰਮ ਮੰਡਲ ਨੂੰ ਬਹੁਤ ਨੁਕਸਾਨ ਹੋਇਆ।

ਬਾਅਦ ਵਿਚ ਦੋਵੇਂ ਪਰਿਵਾਰਾਂ ਨੇ ਅਲੱਗ-ਅਲੱਗ ਤਰੀਕੇ ਨਾਲ ਸਮਾਜ ਦੀ ਸੇਵਾ ਕੀਤੀ ਹੈ। 1960 ਦੇ ਦਹਾਕੇ ਵਿਚ ਦਰਸ਼ਨ ਸਿੰਘ ਕੇਪੀ ਸਾਹਮਣੇ ਆਏ। ਉਹ 5 ਵਾਰ ਵਿਧਾਇਕ ਬਣੇ। ਉਹਨਾਂ ਦੇ ਬੇਟੇ ਮਹਿੰਦਰ ਸਿੰਘ ਕੇਪੀ 3 ਵਾਰ ਵਿਧਾਇਕ ਅਤੇ ਇਕ ਵਾਰ ਐਮ. ਪੀ. ਬਣੇ। ਹੁਣ ਉਹ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਨ। *(ਧੰਨਵਾਦ ਸਹਿਤ ਦੈਨਿਕ ਭਾਸਕਰ)*


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੁੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾ-ਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
ਇਕ ਯਾਦਗਾਰੀ ਲੇਖ, ਅੱਜ ਵੀ ਸਾਰਥਿਕ ਹੈ।

# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ਼. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵ-ਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ਼ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।







ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰ-ਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮ-ਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ। ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ। ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ। ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**– ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# ਕਿਸ ਤਰ੍ਹਾਂ ਦਾ ਨਿਜ਼ਾਮ ਚਾਹੁੰਦੀ ਸੀ ਗਦਰ ਪਾਰਟੀ?

**ਪਿਰਥੀਪਾਲ ਸਿੰਘ ਮਾੜੀਮੇਘਾ**

ਦੇਸ਼ ਦੀ ਅਜੋਕੀ ਸਥਿਤੀ 'ਚ ਗਦਰ ਪਾਰਟੀ ਦੇ 111ਵੇਂ ਸਥਾਪਨਾ ਦਿਵਸ ਦੀ ਬੜੀ ਮਹੱਤਤਾ ਹੈ। ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਜਨਰਲ ਸਕੱਤਰ ਉਚ ਕੋਟੀ ਦੇ ਵਿਦਵਾਨ ਲਾਲਾ ਹਰਦਿਆਲ ਸਨ। ਲਾਲਾ ਹਰਦਿਆਲ ਨੇ ਆਪਣੀ ਲਿਖਤ 'ਗੁਲਾਮੀ ਦਾ ਜ਼ਹਿਰ' ਅਤੇ ਖਾਸ ਕਰਕੇ ਔਰਤਾਂ ਦੀ ਗੁਲਾਮੀ ਦਾ ਠੀਕ ਮੁਲਾਂਕਣ ਕੀਤਾ। ਲਾਲਾ ਹਰਦਿਆਲ ਦੀਆਂ ਲਿਖਤਾਂ ਨਵਾਂ ਜ਼ਮਾਨਾ, ਬਰਾਬਰੀ ਦਾ ਅਰਥ, ਸਮਾਜਿਕ ਫਤਿਹ ਅਤੇ 'ਹਿੰਦੁਸਤਾਨੀ ਕਿਸਾਨੀ' ਇਹ ਦਰਸਾਉਂਦੀਆਂ ਹਨ ਕਿ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਾ ਕੇ ਗਦਰ ਪਾਰਟੀ ਕਿਸ ਤਰ੍ਹਾਂ ਦੀ ਹਕੂਮਤ ਕਾਇਮ ਕਰਨਾ ਚਾਹੁੰਦੀ ਸੀ। ਗਦਰ ਪਾਰਟੀ ਇਸ ਵਿਚਾਰ ਦੀ ਧਾਰਨੀ ਕਿ ਮਨੁੱਖ ਵਾਸਤੇ ਵਿੱਦਿਆ ਭਾਵ ਗਿਆਨ ਬਹੁਤ ਜ਼ਰੂਰੀ ਹੈ। ਗਿਆਨ ਤੋਂ ਬਗੈਰ ਮਨੁੱਖ ਅੰਨ੍ਹਾ ਤੇ ਲੂਲਾ ਹੈ। ਜੇ ਮਨੁੱਖ ਕੋਲ ਗਿਆਨ ਨਹੀਂ ਤਾਂ ਉਹ ਬਰਾਬਰਤਾ ਵਾਸਤੇ ਲੜਾਈ ਨਹੀਂ ਲੜ ਸਕਦਾ, ਕਿਉਂਕਿ ਗਿਆਨ ਦੀ ਤਲਵਾਰ ਲੋਹੇ ਦੀ ਤਲਵਾਰ ਨਾਲੋਂ ਤਿੱਖੀ ਹੁੰਦੀ ਹੈ। ਸਾਡੇ 10 ਗੁਰੂ ਸਾਹਿਬਾਨਾਂ ਨੇ ਗਿਆਨ ਦੀ ਤਲਵਾਰ ਵਰਤ ਕੇ ਲੋਕਾਂ ਨੂੰ ਮੁਗਲ ਹਾਕਮਾਂ ਵਿਰੁੱਧ ਜਥੇਬੰਦ ਕੀਤਾ ਸੀ। ਸਮੇਂ ਦੇ ਹਾਕਮ ਗਿਆਨ ਆਪਣਾ ਹੀ ਦਿੰਦੇ ਹਨ ਭਾਵ ਉਹ ਗਿਆਨ, ਜਿਸ ਨਾਲ ਉਹਨਾਂ ਦੇ ਪ੍ਰਬੰਧ ਲਈ ਖਤਰਾ ਨਾ ਪੈਦਾ ਹੋਵੇ। ਗਿਆਨਵਾਨ ਮੌਜੂਦਾ ਪ੍ਰਬੰਧ ਦੀ ਰਜ਼ਾ 'ਚ ਚਲਦੇ ਹਨ। ਪਰ ਗਿਆਨ ਲੁਕਾਇਆਂ ਵੀ ਨਹੀਂ ਜਾ ਸਕਦਾ। ਉਸ ਨੂੰ ਬਾਹਰ ਦੀ ਹਵਾ ਲੱਗ ਹੀ ਜਾਂਦੀ ਹੈ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਵਾਲੇ ਗਿਆਨੀ ਚੋਰੀ ਕਰ ਹੀ ਲੈਂਦੇ ਹਨ। ਜਿਹੜੇ ਪੜ੍ਹ ਭਾਵ ਚੋਰੀ ਕਰ ਲੈਂਦੇ ਹਨ, ਉਹ ਵੀ ਆਪਣੇ ਅੰਦਰ ਲੁਕਾ ਕੇ ਨਹੀਂ ਰੱਖ ਸਕਦੇ। ਉਹਨਾਂ ਨੂੰ ਅੱਗੇ ਵੰਡਣਾ ਹੀ ਪੈਂਦਾ ਹੈ। ਇਹ ਗਿਆਨੀ ਅੱਗੇ ਦੱਸਦੇ ਹਨ ਕਿ ਝੂਠ, ਫਰੇਬ ਤੇ ਲੁਟੇਰੇ ਪ੍ਰਬੰਧ ਦਾ ਖਾਤਮਾ ਅਤੇ ਨਿਆਂ ਵਾਲਾ ਰਾਜ ਪ੍ਰਬੰਧ ਕਿਸ ਢੰਗ ਨਾਲ ਕਾਇਮ ਕੀਤਾ ਜਾ ਸਕਦਾ ਹੈ। ਉਸ ਲਈ ਲਾਮਬੰਦ ਹੋਵੇ। ਨਿਆਂ ਵਾਲੇ ਪ੍ਰਬੰਧ 'ਚ ਵਿੱਦਿਆ ਆਜ਼ਾਦ ਹੁੰਦੀ। ਦੇਸ਼ ਦੀ ਆਜ਼ਾਦੀ ਦੇ ਚਾਹਵਾਨਾਂ ਨੇ ਆਪਣਾ ਗਿਆਨ ਦੇਣ ਵਾਸਤੇ ਲਾਹੌਰ ਤੇ ਕਲਕੱਤੇ 'ਚ ਵਿਦਿਅਕ ਅਦਾਰੇ ਖੋਲ੍ਹੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜਦੋਂ ਗਿਆਨ ਯੂਨੀਵਰਸਿਟੀਆਂ ਤੇ ਵਿਦਿਅਕ ਅਦਾਰਿਆਂ 'ਚੋਂ ਬਾਹਰ ਨਿਕਲ ਕੇ ਹੇਠਾਂ ਗਲੀਆਂ 'ਚ ਆ ਗਿਆ ਤਾਂ ਆਪਣੀ ਹਵਾ ਨਾਲ ਸਮਾਜ ਵਿਚ ਆਜ਼ਾਦੀ ਦੇ ਚਾਨਣ ਦਾ ਛੱਟਾ ਦੇਵੇਗਾ ਅਤੇ ਗਿਆਨਵਾਨ ਯੋਧਿਆਂ ਅੱਗੇ ਅੰਗਰੇਜ਼ ਟਿਕ ਨਹੀਂ ਸਕਣਗ। ਇਨ੍ਹਾਂ ਵਿਦਿਅਕ ਅਦਾਰਿਆਂ ਨੇ ਅਨੇਕਾਂ ਕ੍ਰਾਂਤੀਕਾਰੀ ਪੈਦਾ ਕੀਤੇ ਅਤੇ ਉਹਨਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਦੇਸ਼ ਆਜ਼ਾਦ ਹੋਇਆ। ਗਦਰੀ ਜਾਣਦੇ ਸਨ ਕਿ ਕਿਸੇ ਵੀ ਕੌਮ ਵਾਸਤੇ ਆਪਣੀਆਂ ਮਾਂ ਬੋਲੀਆਂ ਦਾ ਵਡਮੁੱਲਾ ਰੋਲ ਹੁੰਦਾ ਹੈ। ਜਿਸ ਦੀ ਹਕੂਮਤ ਹੋਵੇ, ਉਹ ਆਪਣੀ ਬੋਲੀ ਦਾ ਵਿਸਥਾਰ ਕਰਦਾ ਹੈ। ਜਿਸ ਮਾਤ ਭਾਸ਼ਾ ਰਾਹੀਂ ਹਕੂਮਤ ਵਿਰੁੱਧ ਬਗਾਵਤ ਦਾ ਖਤਰਾ ਹੋਵੇ, ਉਸ ਨੂੰ ਦਬਾਉਣ ਲਈ ਹਕੂਮਤ ਵੱਲੋਂ ਆਪਣੀ ਭਾਸ਼ਾ ਲੋਕਾਂ 'ਤੇ ਥੋਪੀ ਜਾਂਦੀ ਹੈ।





ਅਸਲੀ ਸਮਾਨਤਾ ਮਨੁੱਖਾਂ ਦਾ ਪੈਦਾਇਸ਼ੀ ਹੱਕ ਹੈ ਪਰ ਇਹ ਹੱਕ ਮਿਲ ਨਹੀਂ ਰਿਹਾ। ਹਿੰਦੂ ਇਤਿਹਾਸ 'ਚ ਪਹਿਲਾਂ ਲੋਕਾਂ 'ਚ ਅਮਲੀ ਤੌਰ 'ਤੇ ਬਰਾਬਰੀ ਸੀ। ਜਿਵੇਂ-ਜਿਵੇਂ ਏਕਾਅਧਿਕਾਰ ਵਧਿਆ ਤੇ ਬਰਾਬਰੀ ਘਟਦੀ-ਘਟਦੀ ਖਤਮ ਹੋ ਗਈ। ਹਰਦਿਆਲ ਅਨੁਸਾਰ, 'ਭਾਰਤ ਦੀ ਦੌਲਤ ਪੈਦਾ ਕਰਨ ਵਾਲੇ ਵੀ ਤਾਂ ਇਹ ਗਰੀਬ ਮਜ਼ਦੂਰ ਤੇ ਕਿਸਾਨ ਹੀ ਹਨ। ਉਹ ਲਹੂ-ਪਸੀਨਾ ਇਕ ਕਰਕੇ ਸਭਨਾਂ ਵਾਸਤੇ ਘਰ, ਸੜਕਾਂ, ਬੱਘੀਆਂ ਆਦਿ ਬਣਾਉਂਦੇ ਤੇ ਸਭ ਨੂੰ ਰੋਟੀ ਦਿੰਦੇ ਹਨ, ਜਿਸ ਨਾਲ ਲੋਕਾਂ ਨੂੰ ਜ਼ਿੰਦਗੀ ਤੇ ਸ਼ਕਤੀ ਮਿਲਦੀ ਹੈ। ਕਿਸਾਨ ਸੂਰਜ ਤੇ ਮਜ਼ਦੂਰ ਸਿਤਾਰੇ ਹਨ। ਪਰ ਸਾਮਰਾਜੀ ਪ੍ਰਬੰਧ ਵਿਚ ਮਜ਼ਦੂਰ-ਕਿਸਾਨ ਖੁਰਾਕ ਤੋਂ ਵੀ ਵਾਂਝੇ ਰਹਿੰਦੇ ਹਨ।' ਮੌਜੂਦਾ ਨਿਜ਼ਾਮ ਦੇ ਪ੍ਰਬੰਧਕਾਂ ਨੇ ਗਦਰੀਆਂ ਦੀ ਸੋਚ ਤੇ ਕੁਰਬਾਨੀ ਨੂੰ ਵਿਸਾਰ ਕੇ ਪੂੰਜੀਵਾਦੀ ਪ੍ਰਬੰਧ ਕਾਇਮ ਕੀਤਾ ਹੈ, ਜਿਸ ਸਮਾਜ 'ਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਸਿਖਰਾਂ 'ਤੇ ਪਹੁੰਚ ਗਈ ਹੈ। ਇਸ ਪੂੰਜੀਵਾਦੀ ਪ੍ਰਬੰਧ ਨੂੰ ਬਚਾਉਣ ਲਈ ਮੌਜੂਦਾ ਹਕੂਮਤ ਫਾਸ਼ੀਵਾਦੀ ਨੀਤੀ 'ਤੇ ਚੱਲ ਰਹੀ ਹੈ। ਇਸ ਹਾਲਤ 'ਚ ਗਦਰ ਪਾਰਟੀ ਦੇ ਸਥਾਪਨਾ ਦਿਵਸ ਦਾ ਅਵਾਮ ਨੂੰ ਸੁਨੇਹਾ ਹੈ ਕਿ ਅਮੀਰ-ਗਰੀਬ ਦਾ ਪਾੜਾ ਖਤਮ ਕਰਨ ਤੇ ਸਭ ਨੂੰ ਅਮੀਰ ਭਾਵ ਖੁਸ਼ਹਾਲ ਬਣਾਉਣ ਲਈ ਜਥੇਬੰਦ ਹੋਣ।

**–ਦੇਸ਼ ਭਗਤ ਯਾਦਗਾਰ ਕਮੇਟੀ,**
**ਜੀ. ਟੀ. ਰੋਡ, ਜਲੰਧਰ 8760-78731**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਦੇ ਨੈਸ਼ਨਲ ਏਅਰਪੋਰਟ 'ਤੇ ਦੋ ਜਹਾਜ਼ਾਂ ਵਿਚਾਲੇ ਹਾਦਸਾ ਮਸਾਂ ਟਲਿਆ, ਗਲਤੀ ਕਾਰਨ ਇਕੋ ਪੱਟੜੀ 'ਤੇ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਦਿੱਤੀ ਹਰੀ ਝੰਡੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਰੋਨ-ਾਲਡ ਰੀਗਨ ਨੈਸ਼ਨਲ ਏਅਰੋਪਰਟ 'ਤੇ ਇਕੋ ਪੱਟੜੀ ਉਪਰ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਹਰੀ ਝੰਡੀ ਮਿਲਣ ਉਪਰੰਤ ਤੁਰੰਤ ਗਲਤੀ ਦਾ ਅਹਿਸਾਸ ਹੋਣ 'ਤੇ ਜਹਾਜ਼ਾਂ ਨੂੰ ਇਕ ਦੂਸਰੇ ਤੋਂ ਕੁਝ ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਘਟਨਾ ਦੀ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਜਾਂਚ ਕਰੇਗਾ। ਸਵੇਰ 7.40 ਵਜੇ ਏਅਰਪੋਰਟ ਦੇ ਕੰਟਰੋਲਰ ਨੇ ਜੈਟ ਬਲਿਊ ਏਅਰਵੇਅਜ ਫਲਾਈਟ ਨੂੰ ਉਡਾਣ ਭਰਨ ਦੀ ਇਜਾਜਤ ਦਿੱਤੀ। ਇਸੇ ਸਮੇ 'ਤੇ ਹੀ ਟੈਕਸਿੰਗ ਏਅਰਕਰਾਫਟ ਦੇ ਕੰਟਰੋਲਰ ਨੇ ਸਾਊਥਵੈਸਟ ਏਅਰਲਾਈਨ ਜੈਟ ਨੂੰ ਉਸੇ ਹੀ ਪੱਟੜੀ ਉਪਰ ਉਡਾਨ ਭਰਨ ਲਈ ਹਰੀ ਝੰਡੀ ਦੇ ਦਿੱਤੀ। ਤਕਰੀਬਨ 30 ਸਕਿੰਟ ਬਾਅਦ ਗਲਤੀ ਦਾ ਅਹਿਸਾਸ ਹੋਣ 'ਤੇ ਕੰਟਰੋਲਰ ਨੇ ਦੋਨਾਂ ਜਹਾਜ਼ ਨੂੰ ਤੁਰੰਤ ਰੋਕ ਦੇਣ ਦਾ ਆਦੇਸ਼ ਦਿੱਤਾ। ਦੋਨਾਂ ਜਹਾਜ਼ਾਂ ਨੂੰ ਤਕਰੀਬਨ 400 ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਉਪਰੰਤ ਏਅਰਪੋਰਟ ਦੇ ਕੰਟਰੋਲਰ ਨੇ ਸੁੱਖ ਦਾ ਸਾਹ ਲਿਆ। ਜੇਕਰ ਸਮੇ ਸਿਰ ਪਤਾ ਨਾ ਲੱਗਦਾ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

# ਅਮਰੀਕਾ ਵਿਚ 2 ਔਰਤਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿਚ 4 ਸ਼ੱਕੀ ਦੋਸ਼ੀਆਂ ਨੂੰ ਬਾਂਡ 'ਤੇ ਰਿਹਾਈ ਤੋਂ ਨਾਂਹ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਓਕਲਾਹੋਮਾ ਰਾਜ ਵਿਚ ਦੋ ਔਰਤਾਂ ਨੂੰ ਅਗਵਾ ਕਰਨ ਤੇ ਉਨਾਂ ਦੀਆਂ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ 4 ਸ਼ੱਕੀ ਦੋਸ਼ੀਆਂ ਨੂੰ ਅਦਾਲਤ ਨੇ ਬਾਂਡ ਉਪਰ ਰਿਹਾਅ ਕਰਨ ਤੋਂ ਨਾਂਹ ਕਰ ਦਿੱਤੀ ਹੈ। ਗ੍ਰਿਫਤਾਰ ਸ਼ੱਕੀ ਦੋਸ਼ੀਆਂ ਦਾ ਸਬੰਧ ਕਥਿੱਤ ਤੌਰ 'ਤੇ ਸਰਕਾਰ ਵਿਰੋਧੀ ਇਕ ਧਾਰਮਿਕ ਸਮੂੰਹ ਨਾਲ ਜੁੜਿਆ ਹੋਇਆ ਹੈ। ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਦੋ ਮਰਦ ਤੇ 2 ਔਰਤਾਂ ਸ਼ਾਮਿਲ ਹਨ। ਟੈਕਸਾਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਿਛਲੇ ਮਹੀਨੇ ਦੇ ਆਖੀਰ ਵਿਚ ਕੰਨਸਾਸ ਨਾਲ ਲੱਗਦੀ ਸਰਹੱਦ ਦੇ ਨੇੜੇ ਓਕਲਾਹੋਮਾ ਪੈਨਹੈਂਡਲ ਦੇ ਦਿਹਾਤੀ ਖੇਤਰ ਵਿਚ ਵੇਰੋਨੀਸਾ ਬਟਲਰ (27) ਤੇ ਜਿਲੀਅਨ ਕੈਲੀ (39) ਨਾਮੀ ਔਰਤਾਂ ਇਕੱਠੀਆਂ ਬੱਚਿਆਂ ਨੂੰ ਲੈਣ ਗਈਆਂ ਸਨ ਪਰੰਤੂ ਵਾਪਿਸ ਨਹੀਂ ਮੁੜੀਆਂ। ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਟੈਡ ਬਰਟ ਕੁਲਮ (43), ਟਿਫਾਨੀ ਮਚੈਲ ਐਡਮਜ (54), ਕੋਲ ਅਰਲ ਟੂਮਬਲਾਈ (50) ਤੇ ਕੋਰਾ ਗੇਲ ਟੂਮਬਲਾਈ (40) ਸ਼ਾਮਿਲ ਹਨ। ਇਨਾਂ ਵਿਰੁੱਧ ਯੋਜਨਾਬੱਧ ਢੰਗ ਨਾਲ ਅਗਵਾ ਕਰਨ ਤੇ ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਟਿਫਾਨੀ ਮਚੈਲ ਐਡਮਜ ਮ੍ਰਿਤਕ ਬਟਲਰ ਦੇ ਬੱਚਿਆਂ ਦੀ ਦਾਦੀ ਹੈ ਤੇ ਦੋਨਾਂ ਵਿਚਾਲੇ ਬੱਚਿਆਂ ਦੀ ਸਪੁਰਦਗੀ ਨੂੰ ਲੈ ਕੇ ਝਗੜਾ ਚਲ ਰਿਹਾ ਹੈ। ਇਸ ਦੇ ਇਲਾਵਾ ਐਡਮਜ ਅਤੇ ਟੈਡ ਬਰਟ ਕੁਲਮ ਵਿਚਾਲੇ ਨੇੜੇ ਦੇ ਸਬੰਧ ਹਨ। ਕੋਲ ਅਰਲ ਟੂਮਬਲਾਈ ਤੇ ਕੋਰਾ ਗੇਲ ਟੂਮਬਲਾਈ ਵਿਆਹੀ ਜੋੜੀ ਹੈ। ਅਦਾਲਤੀ ਦਸਤਾਵੇਜਾਂ ਅਨੁਸਾਰ ਬਟਲਰ ਨੂੰ ਫਰਵਰੀ ਵਿਚ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ।

# ਦੇਸ਼ ਭਗਤ ਯੂਨੀਵਰਸਿਟੀ ਨੇ ਅਕਾਦਮਿਕ ਭਾਈਵਾਲੀ ਲਈ ਵਾਸ਼ਿੰਗਟਨ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ, ਵਰਜੀਨੀਆ ਨਾਲ ਸਾਂਝ ਪਾਈ



**ਚੰਡੀਗੜ੍ਹ-** ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, ਪੰਜਾਬ, ਭਾਰਤ ਜੋ ਅਕਾਦਮਿਕ ਉੱਤਮਤਾ ਅਤੇ ਗਲੋਬਲ ਰੁਝੇਵਿਆਂ ਨੂੰ ਸਮਰਪਿਤ ਇੱਕ ਪ੍ਰਮੁੱਖ ਸੰਸਥਾ ਹੈ, ਨੇ ਵਾਸ਼ਿੰਗਟਨ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ, ਵਰਜੀਨੀਆ ਅਮਰੀਕਾ ਨਾਲ ਭਾਈਵਾਲੀ ਕਰਨ ਦਾ ਐਲਾਨ ਕੀਤਾ ਹੈ। ਇਹ ਭਾਈਵਾਲੀ ਅੰਤਰਰਾਸ਼ਟਰੀ ਅਕਾਦਮਿਕ ਗਠਜੋੜ ਨੂੰ ਪੈਦਾ ਕਰਨ ਅਤੇ ਅੰਤਰ-ਸੱਭਿਆਚਾਰਕ ਸਿਖਲਾਈ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਲਈ ਡੀਬੀਯੂ ਦੇ ਮਿਸ਼ਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਅਤੇ ਇੰਜੀ. ਅਬੂਬੋਕਰ ਹਨੀਪ, ਬੋਰਡ ਆਫ਼ ਗਵਰਨੈਂਸ, ਅਲੈਗਜ਼ੈਂਡਰੀਆ, ਵਰਜੀਨੀਆ, ਯੂਐਸਏ ਦੇ ਸੀਈਓ ਅਤੇ ਚੇਅਰਮੈਨ ਖੋਜ ਪ੍ਰੋਜੈਕਟਾਂ ਵਿੱਚ ਵਿਗਿਆਨਕ ਸਹਿਯੋਗ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋਏ ਅਤੇ ਡਬਲਿਯੂਯੂਐਸਟੀ ਨੇ ਆਪਣੇ ਵਿਦਿਆਰਥੀਆਂ ਨੂੰ ਡੀਬੀਯੂ ਅਤੇ ਇਸਦੇ ਅੰਤਰਰਾਸ਼ਟਰੀ ਕੈਂਪਸਾਂ ਵਿੱਚ ਡਾਕਟਰੀ ਪੱਧਰ ਦੀ ਪੜ੍ਹਾਈ ਕਰਨ ਦੀ ਆਗਿਆ ਦਿੱਤੀ। ਵਾਸ਼ਿੰਗਟਨ ਯੂਨੀਵਰਸਿਟੀ ਆਫ਼ ਸਾਇੰਸ ਐਂਡ ਟੈਕਨਾਲੋਜੀ ਫੈਕਲਟੀ ਅਤੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਲਈ ਸਹਾਇਤਾ ਕਰੇਗੀ ਜੋ ਦੋ ਦੇਸ਼ਾਂ ਵਿਚਕਾਰ ਸੱਭਿਆਚਾਰ ਨੂੰ ਵੀ ਉਤਸ਼ਾਹਿਤ ਕਰੇਗੀ। ਡੀਬੀਯੂ ਪਿਛਲੇ ਤਿੰਨ ਦਹਾਕਿਆਂ ਤੋਂ ਅਕਾਦਮਿਕ ਉੱਤਮਤਾ, ਖੋਜ ਅਤੇ ਨਵੀਨਤਾ ਲਈ ਜਾਣੀ ਜਾਂਦੀ ਹੈ। ਦੇਸ਼ ਭਗਤ ਯੂਨੀਵਰਸਿਟੀ ਇੰਡੀਆ ਡਿਪਲੋਮਾ, ਯੂਜੀ, ਪੀਜੀ, ਅਤੇ ਪੀਐਚਡੀ ਲਈ 200 ਤੋਂ ਵੱਧ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ।

# ਬਾਲ ਦੁਰਵਿਹਾਰ ਕਰਨ ਵਾਲਿਆਂ ਨੂੰ ਛੇਤੀ ਰਿਲੀਜ਼ ਕ੍ਰੈਡਿਟ ਕਮਾਉਣ ਤੋਂ ਰੋਕਣ ਲਈ ਬਿੱਲ ਦੀ ਕਮੇਟੀ ਵਿੱਚ ਸੁਣਵਾਈ ਹੋਵੇਗੀ

**ਸੈਕਰਾਮੈਂਟੋ-** ਅਸੈਂਬਲੀ ਮੈਂਬਰ ਜੋਸ਼ ਹੂਵਰ (ਆਰ-ਫੋਲਸਮ) ਘੋਸ਼ਣਾ ਕਰਨਗੇ ਕਿ ਓਭ 3032, ਕੈਲੀਫੋਰਨੀਆ ਦੇ ਸਭ ਤੋਂ ਕਮਜ਼ੋਰ ਬੱਚਿਆਂ ਦੀ ਸੁਰੱਖਿਆ ਅਤੇ ਘਿਨਾਉਣੇ ਅਪਰਾਧਾਂ ਦੇ ਪੀੜਤਾਂ ਲਈ ਨਿਆਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕਾਨੂੰਨ ਦਾ ਇੱਕ ਮਹੱਤਵਪੂਰਨ ਹਿੱਸਾ, ਸੋਮਵਾਰ ਨੂੰ ਅਸੈਂਬਲੀ ਪਬਲਿਕ ਸੇਫਟੀ ਕਮੇਟੀ ਵਿੱਚ ਸੁਣਿਆ ਜਾਵੇਗਾ। ਇਹ ਬਿੱਲ ਮੌਜੂਦਾ ਕਾਨੂੰਨ ਵਿੱਚ ਇੱਕ ਮਹੱਤਵਪੂਰਨ ਖਾਮੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਵਿਸ਼ੇਸ਼ ਬਾਲ ਦੁਰਵਿਵਹਾਰ ਦੇ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਨੂੰ ਬਚਾਓ ਕੈਂਪਾਂ ਵਿੱਚ ਫਾਇਰਫਾਈਟਰ ਕੈਦੀਆਂ ਵਜੋਂ ਸੇਵਾ ਕਰਦੇ ਹੋਏ ਉਦਾਰ ਛੇਤੀ ਰਿਹਾਈ ਕ੍ਰੈਡਿਟ ਕਮਾਉਣ ਦੀ ਆਗਿਆ ਦਿੰਦਾ ਹੈ। ਅਸੈਂਬਲੀ ਮੈਂਬਰ ਹੂਵਰ ਨੇ ਕਿਹਾ, "ਫਰਵਰੀ 2019 ਵਿੱਚ, ਰਾਇਲਾ ਨਾਮ ਦੇ ਇੱਕ ਛੋਟੇ ਬੱਚੇ ਨੂੰ ਇੱਕ ਡੇ-ਕੇਅਰ ਵਰਕਰ ਦੁਆਰਾ ਉਸਦੀ ਮਾਂ ਨੂੰ ਦਿੱਤਾ ਗਿਆ ਸੀ - ਬੇਜਾਨ ਅਤੇ ਮੌਤ ਦੇ ਨੇੜੇ," ਅਸੈਂਬਲੀ ਮੈਂਬਰ ਹੂਵਰ ਨੇ ਕਿਹਾ। "ਉਹ ਅਜੇ 2 ਸਾਲ ਦੀ ਨਹੀਂ ਸੀ। ਰਾਈਲਾ ਦੀ ਮੌਤ ਦੌਰੇ ਨਾਲ ਨਹੀਂ ਹੋਈ; ਉਸ ਨੂੰ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਦੇ ਨਤੀਜੇ ਵਜੋਂ ਉਸਦੀ ਮੌਤ ਹੋ ਗਈ ਸੀ।" ਰਾਈਲਾ ਦੇ ਕੇਸ ਵਿੱਚ ਦੋਸ਼ੀ ਨੂੰ ਕੈਲੀਫੋਰਨੀਆ ਦੇ ਕਾਨੂੰਨ ਦੇ ਅਧੀਨ ਅਧਿਕਤਮ ਸਜ਼ਾ ਪ੍ਰਾਪਤ ਹੋਈ, ਫਿਰ ਵੀ ਬਾਲ ਦੁਰਵਿਵਹਾਰ ਨੂੰ ਇੱਕ ਅਹਿੰਸਕ ਅਪਰਾਧ ਵਜੋਂ ਸ਼੍ਰੇਣੀਬੱਧ ਕਰਨ ਦੇ ਕਾਰਨ, ਉਹ ਰਾਜ ਦੁਆਰਾ ਪੇਸ਼ ਕੀਤੇ ਗਏ ਸਭ ਤੋਂ ਉਦਾਰ ਛੇਤੀ ਰਿਹਾਈ ਕ੍ਰੈਡਿਟ ਪ੍ਰੋਗਰਾਮ ਲਈ ਯੋਗ ਸਨ ਅਤੇ ਹੁਣ ਜੇਲ੍ਹ ਤੋਂ ਬਾਹਰ ਹਨ।







# ਬਸਪਾ ਵਲੋਂ ਫਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ , ਗੁਰਦਾਸਪੁਰ ਤੋਂ ਰਾਜ ਕੁਮਾਰ ਜਨੋਤਰਾ, ਜਲੰਧਰ ਤੋ ਬਲਵਿੰਦਰ ਕੁਮਾਰ ਹੋਣਗੇ ਉਮੀਦਵਾਰ

**ਲਸਾੜਾ/ਫਿਲੌਰ (ਬੱਗਾ ਸੇਲਕੀਆਣਾ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਤੇ ਸ਼੍ਰੀ ਵਿਪੁਲ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਫਰੀਦਕੋਟ ਤੋਂ ਉਮੀਦਵਾਰ ਸ਼੍ਰੀ ਗੁਰਬਖਸ਼ ਸਿੰਘ ਚੌਹਾਨ ਅਤੇ ਗੁਰਦਾਸਪੁਰ ਤੋਂ ਇੰਜ। ਰਾਜਕੁਮਾਰ ਜਨੋਤਰਾ ਜੀ ਹੋਣਗੇ। ਕੇਂਦਰੀ ਕੋਆਰਡੀਨੇਟਰ ਸ਼੍ਰੀ ਵਿਪੁਲ ਕੁਮਾਰ ਜੀ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ, ਸਾਰੇ ਉਮੀਦਵਾਰਾਂ ਦੇ ਪੈਨਲ ਤੇ ਅੰਤਿਮ ਫੈਂਸਲਾ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਸ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਫਰੀਦਕੋਟ ਤੋਂ ਉਮੀਦਵਾਰ ਗੁਰਬਖਸ਼ ਸਿੰਘ ਚੌਹਾਨ ਜੀ ਬਸਪਾ ਦੇ ਮੌਜੂਦਾ ਜ਼ਿਲ੍ਹਾ ਪ੍ਰਧਾਨ ਹਨ ਅਤੇ ਲੰਬੇ ਸਮੇਂ ਤੋਂ ਪਾਰਟੀ ਦੀ ਸੇਵਾ ਕਰ ਰਹੇ ਹਨ। ਸ ਗੜ੍ਹੀ ਨੇ ਗੁਰਦਾਸਪੁਰ ਤੋ ਦਿੱਤੇ ਉਮੀਦਵਾਰਾਂ ਬਾਰੇ ਬੋਲਦਿਆਂ ਕਿਹਾ ਕਿ ਇੰਜੀਨੀਅਰ ਰਾਜਕੁਮਾਰ ਜਨੋਤਰਾ ਜੀ ਮਹਾਸ਼ਾ ਭਾਈਚਾਰੇ ਤੋਂ ਅਤੇ ਆਲ ਇੰਡੀਆ ਮਹਾਸ਼ਾ ਏਕਤਾ ਮੰਚ ਦੇ ਪ੍ਰਧਾਨ ਵੀ ਹਨ। ਸ ਗੜ੍ਹੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਵੇਲੇ 1985, 1989 ,1992 ਅਤੇ 1996 ਦੀ ਲੋਕ ਸਭਾ ਚੋਣ ਵਿੱਚ ਮਹਾਸ਼ਾ ਭਾਈ-ਚਾਰੇ ਦੇ ਸ੍ਰੀ ਧਰਮ ਚੰਦ ਜੀ ਨੂੰ ਲੋਕ ਸਭਾ ਗੁਰਦਾਸਪੁਰ ਚਾਰ ਵਾਰ ਲੜਾਈ ਅਤੇ 30 ਸਾਲ ਬਾਅਦ ਬਹੁਜਨ ਸਮਾਜ ਪਾਰਟੀ ਨੇ ਮੁੜ ਤੋਂ ਮਹਾਸ਼ਾ ਭਾਈਚਾਰੇ ਨੂੰ ਪੂਰੇ ਪੰਜਾਬ ਵਿੱਚ ਲਾਮਬੰਦੀ ਕਰਨ ਦੇ ਲਈ ਗੁਰਦਾਸਪੁਰ ਦੀ ਟਿਕਟ ਦਿੱਤੀ ਹੈ। ਇਸ ਦੇ ਨਾਲ ਹੀ ਬਹੁਜਨ ਸਮਾਜ ਪਾਰਟੀ ਵੱਲੋਂ ਸੱਤ ਉਮੀਦਵਾਰਾਂ ਦੇ ਨਾਵਾਂ ਦੀ ਘੋਸ਼ਣਾ ਹੋ ਚੁੱਕੀ ਹੈ ਜਿਸ ਵਿੱਚ ਪਹਿਲਾਂ ਘੋਸ਼ਿਤ ਕੀਤੇ ਗਏ ਪੰਜ ਉਮੀਦਵਾਰਾਂ ਵਿੱਚ ਹੁਸ਼ਿਆਰਪੁਰ ਤੋਂ ਸ਼੍ਰੀ ਰਕੇਸ਼ ਕੁਮਾਰ ਸੁਮਨ, ਫਿਰੋਜ਼ਪੁਰ ਤੋਂ ਸ਼੍ਰੀ ਸੁਰਿੰਦਰ ਕੰਬੋਜ, ਸੰਗਰੂਰ ਤੋਂ ਡਾਕਟਰ ਮੱਖਣ ਸਿੰਘ, ਪਟਿਆਲੇ ਤੋਂ ਜਗਜੀਤ ਛੜਬੜ ਅਤੇ ਜਲੰਧਰ ਤੋਂ ਬਲਵਿੰਦਰ ਕੁਮਾਰ ਪ੍ਰਮੁੱਖ ਹਨ।








# ਬੀਜੇਪੀ ਉਮੀਦਵਾਰ ਹੰਸ ਰਾਜ ਹੰਸ ਦਾ ਬਾਘਾਪੁਰਾਣਾ 'ਚ ਵਿਰੋਧ ਕਰਨ ਕਾਰਨ ਕੇਕੇਯੂ ਦੇ ਦਰਜਨਾਂ ਆਗੂ ਗ੍ਰਿਫਤਾਰ

**ਬਾਘਾਪੁਰਾਣਾ, (ਦਲਜੀਤ ਕੌਰ)** ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਜਪਾ ਤੋਂ ਉਮੀਦਵਾਰ ਹੰਸ ਰਾਜ ਹੰਸ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ ਦੇ ਐਲਾਨ ਦੇ ਬਾਵਜੂਦ ਅੱਜ ਬਾਘਾਪੁਰਾਣਾ ਵਿਖੇ ਚੋਣ ਪ੍ਰਚਾਰ ਦਾ ਪ੍ਰੋਗਰਾਮ ਰੱਖਿਆ ਸੀ। ਇਸ ਦੀ ਭਿਣਕ ਪੈਂਦੇ ਹੀ ਕਿਰਤੀ ਕਿਸਾਨ ਯੂਨੀਅਨ ਨੇ ਚੌਂਕ ਵਿੱਚ ਖੜ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਪੁਲਿਸ ਨੇ ਕਿਰਤੀ ਕਿਸਾਨ ਯੂਨੀਅਨ ਦੇ ਦਰਜਨਾਂ ਆਗੂਆ ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਵਿਖੇ ਬੰਦ ਕਰ ਦਿੱਤਾ।



ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਿਲਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਬੂਟਾ ਸਿੰਘ ਤਖਾਣਵੱਧ ਨੇ ਕਿਹਾ ਕਿ ਅੱਜ ਕਿਸਾਨ ਵਿਰੋਧ ਭਾਜਪਾ ਦਾ ਕਰਦੇ ਹਨ ਪਰ ਆਪ ਸਰਕਾਰ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਭਾਜਪਾ ਦੀ ਬੀ ਟੀਮ ਹੋਣ ਦਾ ਸਬੂਤ ਦੇ ਦਿੱਤਾ ਹੈ। ਉਹਨਾਂ ਕਿਹਾ ਕਿ ਭਾਜਪਾ ਨੇ 700 ਕਿਸਾਨ ਸ਼ਹੀਦ ਕੀਤੇ, ਲਖੀਮਪੁਰ 'ਚ ਕਿਸਾਨ ਮਾਰੇ, ਕਿਸਾਨਾਂ ਦੀ ਮੰਗ ਅਨੁਸਾਰ ਐਮ ਐਸ ਪੀ ਦਾ ਗਾਰੰਟੀ ਕਾਨੂੰਨ ਨਹੀਂ ਬਣਾਇਆ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਨਹੀਂ ਕੀਤੀ ਤੇ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਲਾਗੂ ਨਹੀਂ ਕੀਤੀਆਂ, ਸੂਬਿਆਂ ਦੇ ਅਧਿਕਾਰ ਛਾਂਗ ਰਹੀਂ ਹੈ, ਘੱਟ ਗਿਣਤੀਆਂ ਦੇ ਕਤਲੇਆਮ ਕਰਵਾ ਰਹੀ ਹੈ, ਮਹਿੰਗਾਈ, ਬੇਰੁਜ਼ਗਾਰੀ ਦੇ ਰਿਕਾਰਡ ਤੋੜ ਰਹੀ ਹੈ ਤੇ ਚੋਣ ਪ੍ਰਚਾਰ ਕਰਕੇ ਵੋਟਾਂ ਮੰਗ ਰਹੀ ਹੈ ਸ਼ੁਰੂ ਕਰ ਦਿੱਤਾ। ਭਾਜਪਾ ਕਿਸ ਮੂੰਹ ਨਾਲ ਪੰਜਾਬੀਆਂ ਤੋਂ ਵੋਟਾਂ ਮੰਗ ਰਹੀ ਹੈ, ਇਹ ਪੰਜਾਬੀਆਂ ਦੀਆਂ ਵੋਟਾਂ ਦੀ ਬਿਲਕੁਲ ਵੀ ਹੱਕਦਾਰ ਨਹੀਂ ਹੈ। ਇਸ ਕਰਕੇ ਸੰਯੁਕਤ ਕਿਸਾਨ ਮੋਰਚੇ ਦਾ ਪੂਰੇ ਭਾਰਤ ਵਿੱਚ ਸੱਦਾ ਹੈ ਕਿ ਭਾਜਪਾ ਉਮੀਦਵਾਰਾਂ ਨੂੰ ਪਿੰਡਾਂ, ਸ਼ਹਿਰਾਂ 'ਚ ਵੜਣ ਨਹੀਂ ਦੇਵਾਂਗੇ ਤੇ ਜਿੱਥੇ ਆਉਣਗੇ ਉਥੇ ਹੀ ਘੇਰਾਂਗੇ। ਉਹਨਾਂ ਦੱਸਿਆ ਕਿ ਬਾਘਾਪੁਰਾਣਾ ਥਾਣੇ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਚਮਕੌਰ ਸਿੰਘ ਰੋਡੇ, ਜ਼ਿਲ੍ਹਾ ਆਗੂ ਜਸਮੇਲ ਸਿੰਘ ਰਾਜੇਆਣਾ, ਔਰਤ ਵਿੰਗ ਦੇ ਆਗੂ ਛਿੰਦਰਪਾਲ ਕੌਰ ਰੋਡੇ, ਜਗਵਿੰਦਰ ਕੌਰ ਰਾਜੇਆਣਾ, ਅੰਗਰੇਜ, ਮਨਜੀਤ ਰਾਜੇਆਣਾ ਤੋਂ ਬਿਨਾਂ ਅਜਮੇਰ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਜੰਟ ਸਿੰਘ ਛੋਟਾ ਘਰ, ਸਰਬਜੀਤ ਲੰਗੇਆਣਾ, ਨਿਰਮਲ ਨੱਥੂਵਾਲਾ, ਬਲਕਰਨ ਸਿੰਘ, ਸੁਖਜਿੰਦਰ ਸਿੰਘ, ਸੁਰਜੀਤ ਸਿੰਘ ਵੈਰੋਕੇ, ਗੁਰਸੇਵਕ ਸਿੰਘ, ਜਸਕਰਨ ਸਿੰਘ, ਚਰਨਜੀਤ ਸਿੰਘ ਭਲੂਰ, ਅੰਗਰੇਜ਼ ਸਿੰਘ, ਰਣਧੀਰ ਸਿੰਘ, ਅਮਰੀਕ ਸਿੰਘ, ਸਿਕੰਦਰ ਸਿੰਘ, ਧੰਨਾ ਸਿੰਘ, ਕਾਲਾ ਕੋਟਲਾ, ਜਗਰੂਪ ਸਿੰਘ, ਲੰਗੇਆਣਾ, ਨੂੰ ਪੁਲਿਸ ਨੇ ਗ੍ਰਿਫਤਾਰ ਕਰ ਰੱਖਿਆ ਹੈ, ਜਿਸ ਦੇ ਖਿਲਾਫ ਬਾਘਾਪੁਰਾਣਾ ਥਾਣੇ ਦਾ ਘਿਰਾਓ ਸ਼ੁਰੂ ਕਰ ਦਿੱਤਾ ਗਿਆ ਹੈ। ਜੇਕਰ ਆਗੂਆਂ ਨੂੰ ਨਾ ਛੱਡਿਆ ਗਿਆ ਤਾਂ ਇਸ ਦੇ ਖਿਲਾਫ ਸੰਘਰਸ਼ ਕਰਾਂਗੇ।

# ਸੰਗਰੂਰ 'ਚ ਮਾਨ ਤੇ ਖਹਿਰਾ ਵਿਚਕਾਰ ਜੁਬਾਨੀ ਜੰਗ

**ਫਗਵਾੜਾ (ਬੀ.ਕੇ. ਰੱਤੂ)** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਡਾ. ਹਰਜਿੰਦਰ ਸਿੰਘ ਜੱਖੂ ਨੇ ਸੰਗਰੂਰ ਲੋਕਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਕਾਤਲ ਜਮਾਤ ਦਾ ਨੁਮਾਇੰਦਾ ਕਰਾਰ ਦਿੰਦਿਆਂ ਕਿਹਾ ਕਿ ਸਿਰਫ ਵੋਟਾਂ ਹਾਸਲ ਕਰਨ ਲਈ ਉਸਨੇ ਪੰਥਕ ਮਖੌਟਾ ਪਾ ਲਿਆ ਹੈ। ਅੱਜ ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਡਾ. ਜੱਖੂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਵਾਉਣ ਵਾਲੀ ਅਤੇ 1984 ਦੇ ਸਿੱਖ ਕਤਲੇਆਮ ਦੀ ਜਿੰਮੇਵਾਰ ਕਾਂਗਰਸ ਪਾਰਟੀ ਹੈ ਅਤੇ ਸੁਖਪਾਲ ਖਹਿਰਾ ਉਸਦਾ ਸਿਪਾਹਸਲਾਰ ਹੈ। ਉਹਨਾਂ ਕਿਹਾ ਕਿ ਪੰਥਕ ਆਵਾਜ ਅਤੇ ਨਿਧੜਕ ਆਗੂ ਸਿਮਰਨਜੀਤ ਸਿੰਘ ਮਾਨ 'ਤੇ ਚਿੱਕੜ ਉਛਾਲਣ ਦੀ ਬਜਾਏ ਸੁਖਪਾਲ ਖਹਿਰਾ ਜੇਕਰ



ਆਪਣੇ ਆਗੂ ਰਾਹੁਲ ਗਾਂਧੀ ਨੂੰ ਸੰਗਰੂਰ ਲੋਕਸਭਾ ਹਲਕੇ ਤੋਂ ਚੋਣ ਲੜਾਉਣ ਤਾਂ ਹਲਕੇ ਦੀ ਜਨਤਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਾ ਕਰ ਦੇਵੇਗੀ। ਉਹਨਾਂ ਸੁਖਪਾਲ ਖਹਿਰਾ ਨੂੰ ਸੰਗਰੂਰ ਤੋਂ ਉਮੀਦਵਾਰ ਬਨਾਉਣ ਵਿਚ ਕੇਂਦਰੀ ਏਜੰਸੀਆਂ ਅਤੇ ਕਾਂਗਰਸ ਪਾਰਟੀ ਦੀ ਆਪਸੀ ਮਿਲੀਭੁਗਤ ਹੋਣ ਦੀ ਗੱਲ ਵੀ ਕਹੀ ਅਤੇ ਪੰਜਾਬ ਸਰਕਾਰ ਵਲੋਂ ਖਹਿਰਾ ਦੇ ਖਿਲਾਫ ਕੇਸ ਵਾਪਸ ਲੈਣ ਪ੍ਰਤੀ ਵੀ ਸਵਾਲ ਖੜੇ ਕੀਤੇ। ਉਹਨਾਂ ਕਾਂਗਰਸ ਉਮੀਦਵਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਸੁਖਪਾਲ ਸਿੰਘ ਖਹਿਰਾ ਨੇ ਆਪਣੀ ਜੁਬਾਨ ਬੰਦ ਨਾ ਕੀਤੀ ਤਾਂ ਪਰਦੇ ਪਿੱਛੇ ਦੇ ਸਾਰੇ ਰਾਜ ਜਨਤਕ ਕੀਤੇ ਜਾਣਗੇ। ਉਹਨਾਂ ਦਾਅਵਾ ਕੀਤਾ ਕਿ ਸ। ਸਿਮਰਨਜੀਤ ਸਿੰਘ ਮਾਨ ਸੰਗਰੂਰ ਲੋਕਸਭਾ ਹਲਕੇ ਤੋਂ ਇਕ ਵਾਰ ਫਿਰ ਸ਼ਾਨਦਾਰ ਜਿੱਤ ਹਾਸਲ ਕਰਨਗੇ।






# ਹਜ਼ਾਰਾਂ ਮੁਲਾਜ਼ਮਾਂ ਨੂੰ ਮਾਰਚ ਮਹੀਨੇ ਦੀ ਤਨਖਾਹ ਨਾ ਮਿਲਣ ਕਾਰਨ ਮੁਲਾਜ਼ਮ ਵਰਗ ਵਿੱਚ ਪਾਇਆ ਜਾ ਰਿਹਾ ਹੈ ਭਾਰੀ ਰੋਸ

## ਭਗਵੰਤ ਮਾਨ ਸਰਕਾਰ ਮੁਲਾਜ਼ਮ ਵਰਗ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਵਾਏ - ਸਤਵੰਤ ਟੂਰਾ

**ਫਗਵਾੜਾ 19 ਅਪ੍ਰੈਲ (ਬੀ.ਕੇ. ਰੱਤੂ)** –ਐਸ.ਸੀ.ਬੀ.ਸੀ. ਸਮਾਜ ਦੇ ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਟੂਰਾ, ਮਨਜੀਤ ਗਾਟ, ਬਲਵਿੰਦਰ ਮਸੀਹ, ਲਖਵੀਰ ਚੰਦ, ਸਤਨਾਮ ਗਿੱਲ ,ਬਲਵਿੰਦਰ ਨਿਧੜਕ, ਵਿਨੋਦ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਦੇ ਇੱਕਾ ਦੁੱਕਾ ਵਿਭਾਗਾਂ ਦੇ ਕੁਝ ਕੁ ਮੁਲਾਜ਼ਮਾਂ ਨੂੰ ਛੱਡ ਕੇ ਹਜ਼ਾਰਾਂ ਮੁਲਾਜ਼ਮਾਂ ਨੂੰ ਮਾਰਚ 2024 ਮਹੀਨੇ ਦੀ ਤਨਖਾਹ ਅਜੇ ਤੱਕ ਨਸੀਬ ਨਹੀਂ ਹੋਈ। ਇਸ ਕਾਰਨ ਉਹਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ੍ਰੀ ਟੂਰਾ ਨੇ ਦੱਸਿਆ ਕਿ ਫਰਵਰੀ ਮਹੀਨੇ ਟੈਕਸ ਦਾ ਪੂਰਾ ਲੇਖਾ ਜੋਖਾ ਕਰਨਾ ਹੁੰਦਾ ਹੈ ਇਸ ਲਈ ਤਨਖਾਹ ਘੱਟ ਨਿਕਲਦੀ ਹੈ। ਅਪ੍ਰੈਲ ਮਹੀਨੇ ਮੁਲਾਜ਼ਮ ਵਰਗ ਦੇ ਬੱਚਿਆਂ ਦੇ ਦਾਖਲੇ, ਫ਼ੀਸਾਂ ਅਤੇ ਹੋਰ ਬਹੁਤ ਤਰ੍ਹਾਂ ਦੇ ਖਰਚੇ ਸੈਸ਼ਨ ਦੇ ਸ਼ੁਰੂ ਵਿੱਚ ਹੋ ਜਾਂਦੇ ਹਨ ,ਉਪਰੋਂ ਸਰਕਾਰ ਵੱਲੋਂ ਹਜ਼ਾਰਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਖਜ਼ਾਨਾ ਦਫਤਰਾਂ ਨੂੰ ਜੁਬਾਨੀ ਹੁਕਮ ਦੇ ਕੇ ਤੇ ਰੋਕ ਲਗਾ ਕੇ, ਸਰਕਾਰ ਵੱਲੋਂ ਮੁਲਾਜ਼ਮ ਵਿਰੋਧੀ ਵਤੀਰਾ ਅਪਣਾਇਆ ਰਿਹਾ ਹੈ। ਸ੍ਰੀ ਟੂਰਾ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਹੀ ਮੁਲਾਜ਼ਮਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ।ਇਹਨਾਂ ਦੇ ਮਸਲਿਆਂ ਨੂੰ ਸਰਕਾਰ ਗੰਭੀਰਤਾ ਨਾਲ ਨਹੀਂ ਲੈ ਰਹੀ ਭਾਵੇਂ ਉਹ, ਕੇਂਦਰੀ ਪੈਟਰਨ ਤੇ ਡੀ।ਏ ਦੀ ਕਿਸਤ ਹੋਵੇ ,ਮੁਲਾਜ਼ਮ ਵਰਗ ਦੇ ਤਨਖਾਹ ਕਮਿਸ਼ਨ ਦੇ 66 ਮਹੀਨੇ ਦੇ ਬਕਾਏ ਬਾਰੇ, 37 ਪ੍ਰਕਾਰ ਦੇ ਬੰਦ ਕੀਤੇ ਭੱਤਿਆਂ ਬਾਰੇ, ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਤੇ ਅਗਲੀ ਪ੍ਰਕਿਰਿਆ ਆਦਿ ਬਾਰੇ ਸਰਕਾਰ ਵੱਲੋਂ ਚੁੱਪ ਧਾਰੀ ਹੋਈ ਹੈ। ਉਹਨਾਂ ਨੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਅਤੇ ਖਜ਼ਾਨਾ ਮੰਤਰੀ ਹਰਪਾਲ ਚੀਮਾ ਨੂੰ ਮੁਲਾਜ਼ਮ ਵਰਗ ਦੀ ਤਰਫੋਂ ਅਪੀਲ ਕਰਦਿਆਂ ਕਿਹਾ ਕਿ ਮੁਲਾਜ਼ਮ ਵਰਗ ਦੀਆਂ ਮਾਰਚ ਮਹੀਨੇ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਵਾਉਣ ਤਾਂ ਕਿ ਮੁਲਾਜ਼ਮਾਂ ਨੂੰ ਹੋਰ ਜਿਆਦਾ ਆਰਥਿਕ ਤੰਗੀ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਗੁਰਸੇਵਕ ਸਿੰਘ, ਰਜਿੰਦਰ ਬਘਾਣਾ, ਪਰਵੀਨ ਭੁੱਟਾ, ਪਵਨ ਕੁਮਾਰ, ਪਰਵਿੰਦਰ ਕੁਮਾਰ,ਅਸ਼ੋਕ ਕੁਮਾਰ, ਪਰਵੀਨ ਕੁਮਾਰ, ਜਸਵੀਰ ਕੁਮਾਰ, ਸਨਦੀਪ ਸਿੰਘ, ਮਨਿੰਦਰ ਕੌਰ, ਕਮਲੇਸ਼ ਕੁਮਾਰੀ, ਰਾਮ ਪਾਲ, ਕੁਲਦੀਪ ਰਾਮ ਆਦਿ ਮੌਜੂਦ ਸਨ।



# ਪੰਜਾਬ ਅੰਦਰ ਭਾਜਪਾ ਦੀ ਸ਼ਾਨਦਾਰ ਜਿੱਤ 'ਚ ਐਸ.ਸੀ. ਮੋਰਚਾ ਮੁੱਖ ਭੂਮਿਕਾ ਨਿਭਾਏਗਾ - ਲੱਕੀ ਸਰਵਟ

**ਫਗਵਾੜਾ 19 ਅਪ੍ਰੈਲ (ਬੀ.ਕੇ. ਰੱਤੂ)**– ਭਾਜਪਾ ਐਸ.ਸੀ. ਮੋਰਚਾ ਜ਼ਿਲ੍ਹਾ ਕਪੂਰਥਲਾ ਦੇ ਮੀਤ ਪ੍ਰਧਾਨ ਲੱਕੀ ਸਰਵਟਾ ਨੇ ਪੰਜਾਬ ਵਿੱਚ ਇਸ ਵਾਰ ਆਪਣੇ ਬਲਬੂਤੇ 'ਤੇ ਚੋਣ ਲੜ ਰਹੀ ਭਾਜਪਾ ਦੀ ਜਿੱਤ ਦੀਆਂ ਸੰਭਾਵਨਾਵਾਂ ਸਬੰਧੀ ਅੱਜ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਵੱਲੋਂ ਪਿਛਲੇ 10 ਸਾਲਾਂ ਦੌਰਾਨ ਜੋ ਕੰਮ ਕੀਤੇ ਗਏ ਹਨ, ਉਹ ਇਤਿਹਾਸਕ ਅਤੇ ਦੇਸ਼ ਦੇ ਅਕਸ ਨੂੰ ਦੁਨੀਆ ਪੱਧਰ ਤੇ ਉਭਾਰਨ ਵਾਲੇ ਹਨ। ਮੋਦੀ ਸਰਕਾਰ ਦੇ ਕੰਮਕਾਜ ਦਾ ਰਿਪੋਰਟ ਕਾਰਡ ਜਨਤਾ ਦੇ ਸਾਹਮਣੇ ਹੈ। ਜਿਸ ਕਰਕੇ ਸਾਰੇ ਚੈਨਲਾਂ ਦੇ ਸਰਵੇਖਣ ਵੀ ਸਪੱਸ਼ਟ ਤੌਰ 'ਤੇ ਕੇਂਦਰ ਵਿਚ ਭਾਜਪਾ ਦੀ ਭਾਰੀ ਬਹੁਮਤ ਨਾਲ ਸੱਤਾ ਵਿਚ ਲਗਾਤਾਰ ਤੀਸਰੀ ਵਾਰ ਵਾਪਸੀ ਦੇ ਸੰਕੇਤ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਾਂਗ ਪੰਜਾਬ ਦੇ ਲੋਕ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਨਾਲ ਹਨ। ਇਸ ਵਾਰ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਭਾਜਪਾ ਦਾ ਪ੍ਰਦਰਸ਼ਨ ਵਿਰੋਧੀਆਂ ਨੂੰ ਹੈਰਾਨ ਕਰਨ ਵਾਲਾ ਹੋਵੇਗਾ। ਉਹਨਾਂ ਕਿਹਾ ਕਿ ਭਾਜਪਾ ਦੀ ਸ਼ਾਨਦਾਰ ਜਿੱਤ 'ਚ ਐਸ।ਸੀ। ਮੋਰਚਾ ਮੁੱਖ ਭੂਮਿਕਾ ਨਿਭਾਏਗਾ ਕਿਉਂਕਿ ਮੋਦੀ ਸਰਕਾਰ ਨੇ ਐਸ.ਸੀ.,ਐਸ.ਟੀ, ਓ।ਬੀ.ਸੀ. ਸਮਾਜ ਨੂੰ ਜੋ ਮਾਣ-ਸਤਿਕਾਰ ਦਿੱਤਾ ਹੈ, ਉਹ ਪਹਿਲਾਂ ਕਿਸੇ ਸਰਕਾਰ ਦੇ ਰਾਜ ਵਿਚ ਨਹੀਂ ਮਿਲਿਆ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਵੀ ਹੁਣ ਵਿਰੋਧੀ ਪਾਰਟੀਆਂ ਦੀਆਂ ਚਾਲਾਂ ਨੂੰ ਸਮਝਣ ਲੱਗ ਪਏ ਹਨ। ਬੇਸ਼ੱਕ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਸਰਕਾਰ ਕਿਸਾਨਾਂ ਨੂੰ ਫਿਰ ਤੋਂ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਹੋਣਗੀਆਂ। ਉਨ੍ਹਾਂ ਕਾਂਗਰਸ ਵੱਲੋਂ ਸੰਵਿਧਾਨ ਬਦਲਣ ਸਬੰਧੀ ਦਿੱਤੇ ਜਾ ਰਹੇ ਬਿਆਨਾਂ ਨੂੰ ਝੂਠ ਦੀ ਰਾਜਨੀਤੀ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਸੰਵਿਧਾਨ ਨੂੰ ਕੋਈ ਖਤਰਾ ਹੈ ਤਾਂ ਉਹ ਕਾਂਗਰਸ ਪਾਰਟੀ ਤੋਂ ਹੈ। ਦੇਸ਼ ਦੇ ਲੋਕ ਜਾਣਦੇ ਹਨ ਕਿ ਐਮਰਜੈਂਸੀ ਦੌਰਾਨ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਸੰਵਿਧਾਨ ਨਾਲ ਕਿਵੇਂ ਖਿਲਵਾੜ ਕੀਤਾ ਸੀ।

# ਮੋਹਣ ਬੈਂਸ ਘੁੰਮਣਾ ਤੇ ਸੁਰਿੰਦਰ ਪਾਲ ਸਿੰਘ ਚਾਚੋਕੀ ਨੇ ਐਨ. ਆਰ. ਆਈਜ਼ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਨਾਲ ਕੀਤੀ ਮੁਲਾਕਾਤ



**ਫਗਵਾੜਾ (ਬੀ.ਕੇ. ਰੱਤੂ)** ਉੱਘੇ ਸਮਾਜ ਸੇਵਕ ਮੋਹਣ ਬੈਂਸ ਘੁੰਮਣਾ (ਕੇਨੈਡਾ) ਅਤੇ ਦਲਿਤ ਆਗੂ ਤੇ ਸਮਾਜ ਸੇਵਕ ਸੁਰਿੰਦਰ ਪਾਲ ਸਿੰਘ ਚਾਚੋਕੀ ਨੇ ਐਨ.ਆਰ.ਆਈਜ਼ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਨਾਲ ਮੁਲਾਕਾਤ ਕੀਤੀ ਅਤੇ ਐਨ।ਆਰ।ਆਈਜ਼ ਨੂੰ ਆ ਰਹੀਆ ਮੁਸ਼ਕਲਾ ਸਬੰਧੀ ਵਿਸਥਾਰ ਪੂਰਵਕ ਗੱਲਬਾਤ ਕੀਤੀ। ਮੋਹਣ ਬੈਂਸ ਤੇ ਸੁਰਿੰਦਰ ਪਾਲ ਸਿੰਘ ਚਾਚੋਕੀ ਨੇ ਪ੍ਰਧਾਨ ਪਰਵਿੰਦਰ ਕੌਰ ਬੰਗਾ ਤੋਂ ਇਹ ਵੀ ਮੰਗ ਕੀਤੀ ਕਿ ਐਨ।ਆਰ।ਆਈਜ਼ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਨ ਦੇ ਨਾਲ ਨਾਲ ਐਨ.ਆਰ.ਆਈਜ਼ ਸਭਾ ਦੀ ਮੈਂਬਰਸ਼ਿਪ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਕਤ ਆਗੂਆਂ ਨੇ ਦੱਸਿਆ ਕਿ ਐਨ.ਆਰ. ਆਈਜ਼ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਨੇ ਭਰੋਸਾ ਦਿੱਤਾ ਕਿ ਐਨ।ਆਰ।ਆਈਜ਼ ਦੀਆਂ ਸਮੱਸਿਆਵਾਂ ਤੇ ਮੁਸ਼ਕਲਾਂ ਦੇ ਹੱਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ਅਤੇ ਸਭਾ ਦੀ ਮੈਂਬਰਸ਼ਿਪ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਮੌਕੇ ਪੰਜਾਬੀ ਗਾਇਕ ਬਲਵਿੰਦਰ ਬਿੰਦਾ ਤੇ ਸੋਹਣ ਲਾਲ ਹਾਜ਼ਰ ਸਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਪ੍ਰਸਿੱਧ ਕਵੀ ਅਮਰੀਕ ਪਲਾਹੀ ਨਾਲ ਰੂ-ਬ-ਰੂ ਅਤੇ ਮਹੀਨਾਵਾਰ ਕਵੀ ਦਰਬਾਰ

**ਫਗਵਾੜਾ–** ਸਕੇਪ ਸਾਹਿਤਕ ਸੰਸਥਾ (ਰਜਿ:) ਵਲੋਂ ਪਰਵਿੰਦਰਜੀਤ ਸਿੰਘ ਪ੍ਰਧਾਨ ਦੀ ਅਗਵਾਈ 'ਚ ਕੈਨੇਡਾ ਵਸਦੇ ਕਵੀ ਅਮਰੀਕ ਪਲਾਹੀ ਨਾਲ ਰੂ-ਬ-ਰੂ ਅਤੇ







ਮਹੀਨਾਵਾਰ ਕਵੀ ਦਰਬਾਰ ਦਾ ਆਯੋਜਿਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪਰਵਿੰਦਰਜੀਤ ਸਿੰਘ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਅਤੇ ਕਵੀ ਅਮਰੀਕ ਪਲਾਹੀ ਨੇ ਕੀਤੀ। ਰੂ-ਬ-ਰੂ ਦਰਮਿਆਨ ਅਮਰੀਕ ਪਲਾਹੀ ਨੇ ਮਾਂ-ਬੋਲੀ ਪੰਜਾਬੀ, ਕੱਚ-ਸੱਚ, ਕਵਿਤਾ ਦੇ ਰੂਬਰੂ, ਕਵਿਤਾਵਾਂ ਸਮੇਤ ਲਗਭਗ ਇਕ ਦਰਜਨ ਦੇ ਕਰੀਬ ਕਵਿਤਾਵਾਂ ਸੁਣਾਈਆਂ। ਮਾਂ-ਬੋਲੀ ਅੰਮ੍ਰਿਤ ਦਾਤ ਹੈ, ਮੈਂ ਟੁੱਟ ਗਏ ਸ਼ੀਸ਼ੇ ਦਾ ਕੱਚ-ਸੱਚ ਹਾਂ, ਕਵਿਤਾ ਕਵੀ ਦੇ ਟੁੱਟ ਭੱਜ ਦੀ ਭੂਰਾ ਚੂਰਾ ਨਹੀਂ ਹੁੰਦੀ, ਸੜਕ ਚੋਂ ਪਗਡੰਡੀ ਲੱਭੀਏ, ਸੂਈ ਜੋਗੀ ਥਾਂ, ਲਾਘਾਂ ਸਾਥੋਂ ਲੰਘ ਨਹੀਂ ਹੋਣ, ਨਾਨਕ ਹੀ ਸੰਗ ਨਹੀਂ ਹੋਣਾ, ਦੁਸ਼ਮਣ ਸ਼ਬਦ ਗੁਨਾਹ ਬਣ ਗਏ ਜਿਹੇ ਸ਼ਬਦ ਸ਼ਿਅਰ ਨਾਲ ਉਹਨਾਂ ਹਾਜ਼ਰੀਨ ਦੀ ਵਾਹ ਵਾਹ ਖੱਟੀ। ਉਹਨਾਂ ਦੀ ਕਵਿਤਾ ਸਬੰਧੀ ਰਵਿੰਦਰ ਚੋਟ ਨੇ ਸੰਖੇਪ 'ਚ ਆਪਣੇ ਵਿਚਾਰ ਰੱਖੇ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਉਹਨਾਂ ਦੇ ਜੀਵਨ ਸਫ਼ਰ ਤੇ ਕਵਿਤਾ ਨਾਲ ਸਰੋਤਿਆਂ ਦੀ ਸਾਂਝ ਪਾਈ ਤੇ ਕਿਹਾ ਕਿ ਅਮਰੀਕ ਧਰਤੀ ਨਾਲ ਜੁੜਿਆ, ਮੋਹ ਭਿੱਜਾ ਸਖਸ਼ ਹੈ, ਜਿਸ ਦੀ ਕਵਿਤਾ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦੀ ਹੈ। ਇਸ ਸਮੇਂ ਸੋਹਣ ਸਹਿਜਲ, ਬਲਦੇਵ ਰਾਜ ਕੋਮਲ, ਸੋਢੀ ਸੱਤੋਵਾਲੀ, ਜਸਵਿੰਦਰ ਫਗਵਾੜਾ, ਲਸ਼ਕਰ ਢੰਡਵਾੜਵੀ, ਬਲਵੀਰ ਕੌਰ ਬੱਬੂ ਸੈਣੀ, ਮਨੋਜ ਫਗਵਾੜਵੀ, ਕੈਪਟਨ ਦਵਿੰਦਰ ਸਿੰਘ ਜੱਸਲ, ਕੁਲਵੰਤ ਭਿੰਡਰ, ਸੋਹਣ ਸਿੰਘ ਭਿੰਡਰ, ਸਿਮਰਤ ਕੌਰ, ਸੁਖਦੇਵ ਗੰਡਵਾ, ਰਵਿੰਦਰ ਰਾਏ, ਸੀਤਲ ਰਾਮ ਬੰਗਾ, ਦਵਿੰਦਰ ਮੇਹਿਮੀ ਕਰਤਾਰਪੁਰ, ਗੁਰਨੂਰ ਕੌਰ ਨੇ ਕਵਿਤਾਵਾਂ ਸੁਣਾਈਆਂ। ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਬਲਦੇਵ ਰਾਜ ਕੋਮਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਸਮੇਂ ਹੋਰਨਾ ਤੋਂ ਇਲਾਵਾ ਪ੍ਰਿੰਸੀਪਲ ਗੁਰਮੀਤ ਸਿੰਘ, ਬਲਵੀਰ ਸਿੰਘ, ਸੁਸ਼ੀਲ ਸ਼ਰਮਾ, ਸੱਤ ਪ੍ਰਕਾਸ਼ ਸਿੰਘ ਸੱਗੂ, ਗੀਤਕਾਰ ਮਨਮੀਤ ਮੇਵੀ ਆਦਿ ਹਾਜ਼ਰ ਸਨ।

## ਪਠਾਨਕੋਟ ਖਬਰਨਾਮਾ / – ਰਾਜਿੰਦਰ ਸਿੰਘ ਪਠਾਨਕੋਟ

# ਸਵੀਪ ਮੁਹਿੰਮ ਤਹਿਤ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ

**ਪਠਾਨਕੋਟ** ਅੱਜ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉੱਪਲ ਦੀ ਅਗਵਾਈ ਹੇਠ ਜ਼ਿਲ੍ਹਾ ਨੋਡਲ ਅਫ਼ਸਰ ਕਮ ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਸਰਦਾਰ ਗੁਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਆਰ।ਐਸ।ਡੀ ਜੁਗਿਆਲ ਗੋਲ ਮਾਰਕਿਟ ਵਿੱਖੇ ਸਵੀਪ ਮੁਹਿੰਮ ਤਹਿਤ ਇੱਕ ਜਾਗਰੂਕਤਾ ਪ੍ਰੋ-ਗਰਾਮ ਕਰਵਾਇਆ ਗਿਆ।



ਪ੍ਰੋਗਰਾਮ ਵਿੱਚ ਡਾ: ਪਵਨ ਸ਼ਹਿਰੀਆਂ ਦੀ ਅਗਵਾਈ ਵਿੱਚ ਵੋਟਰ ਜਾਗਰੂਕਤਾ ਨਾਲ ਸਬੰਧਤ ਨਾਟਕ,ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆ ਅਤੇ ਅਧਿਆਪਕਾ ਵੱਲੋ ਵੋਟਰ ਜਾਗਰੂਕਤਾ ਨਾਲ ਸਬੰਧਤ ਗੀਤ ਪੇਸ਼ ਕੀਤੇ। ਇਸ ਮੌਕੇ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਦੀ ਤਰੱਕੀ ਲਈ ਸਾਰੇ ਨਾਗਰਿਕਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਕੇ ਦੇਸ਼ ਲਈ ਚੰਗੀ ਸਰਕਾਰ ਚੁਣਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇੱਥੇ ਗੋਲ ਮਾਰਕਿਟ ਵਿੱਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਇੱਕ ਪ੍ਰੋਗਰਾਮ ਕੀਤਾ ਗਿਆ ਹੈ ਤਾਂ ਜੋ ਇਸ ਵਾਰ ਚੋਣਾਂ ਵਿੱਚ ਵੋਟ ਪ੍ਰਤੀਸ਼ਤ ਨੂੰ ਵਧਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਪਠਾਨਕੋਟ ਅਧੀਨ ਪੈਂਦੇ ਤਿੰਨ ਵਿਧਾਨ ਸਭਾ ਹਲਕਿਆਂ ਪਠਾਨਕੋਟ, ਸੁਜਾਨਪੁਰ ਅਤੇ ਭੋਆ ਵਿੱਚ 80 ਫੀਸਦੀ ਵੋਟਿੰਗ ਦਾ ਟੀਚਾ ਰੱਖਿਆ ਗਿਆ ਹੈ।

# ਸੜਕ ਹਾਦਸੇ ਵਿੱਚ ਇੱਕ ਦੀ ਮੌਤ

**ਪਠਾਨਕੋਟ–**ਸ਼ਾਹਪੁਰ ਕੰਡੀ ਮੁੱਖ ਰੋਡ ਵਿਖੇ ਪੈਂਦੇ ਕਾਹਨਪੁਰ ਮੋੜ ਨੇੜੇ ਕਿਸੇ ਅਣਪਛਾਤੇ ਵਾਹਨ ਨੇ ਮੋਟਰਸਾਈਕਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਦੇ ਸਿੱਟੇ ਵੱਜੋ 32 ਸਾਲ ਦੇ ਕਰੀਬ ਨੌਜੁਆਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨਿਆ। ਮ੍ਰਿਤਕ ਨੌਜਵਾਨ ਦੀ ਪਹਿਚਾਣ ਨਵੀਨ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀ ਪਿੰਡ ਪੰ-ਗੋਲੀ ਦੇ ਨਾਂ ਵਜੋਂ ਹੋਈ।

ਹੋਰ ਜਾਣਕਾਰੀ ਅਨੁਸਾਰ ਨਵੀਨ ਮੋਟਰਸਾਈਕਲ ਤੇ ਜਾ ਰਿਹਾ ਸੀ ਤਾਂ ਜਦੋਂ ਉਹ ਕਾਹਨਪੁਰ ਮੋੜ ਨੇੜੇ ਪੁੱਜਾ ਤਾਂ ਉਸ ਨਾਲ ਉਕਤ ਘਟਨਾ ਵਾਪਰ ਗਈ। ਥਾਣਾ ਸ਼ਾਹਪੁਰ ਕੰਡੀ ਦੀ ਪੁਲਿਸ ਨੇ ਉਕਤ ਘਟਨਾ ਸਬੰਧੀ ਮਾਮਲਾ ਦਰਜ ਕਰ ਲਿਆ ਹੈ।

ਸਿਵਲ ਹਸਪਤਾਲ ਵਿੱਚ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਿਸ਼ੇਸ਼ ਮੀਟਿੰਗ

**ਪਠਾਨਕੋਟ–**ਸੇਫ ਸਕੂਲ ਵਾਹਨ ਪਾਲਿਸੀ ਤਹਿਤ ਐਸ.ਡੀ.ਐਮ. ਕਮ ਆਰ।ਟੀ।ਓ ਮੇਜਰ ਡਾ: ਸੁਮਿਤ ਮੁੱਧ ਵੱਲੋਂ ਡੀ.ਸੀ. ਕੰਪਲੈਕਸ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਸਮੂਹ ਅਧਿਕਾਰੀ ਸਕੂਲਾਂ ਵਿੱਚ ਪਹੁੰਚ ਕੇ ਸਕੂਲੀ ਵਾਹਨਾਂ ਦੀ ਚੈਕਿੰਗ ਕਰਨ ਅਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਸਾਰੇ ਸਕੂਲੀ ਵਾਹਨ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਕੇ ਕੰਮ ਕਰ ਰਹੇ ਹਨ ਜਾਂ ਨਹੀਂ। ਮੇਜਰ ਡਾ: ਸੁਮਿਤ ਮੁੱਧ ਨੇ ਕਿਹਾ ਕਿ ਉਹ ਸਕੂਲ ਸੰਚਾਲਕਾਂ ਨੂੰ ਜਾਗਰੂਕ ਕਰਨ ਕਿ ਜਿਨ੍ਹਾਂ ਸਕੂਲੀ ਵਾਹਨਾਂ ਰਾਹੀਂ ਬੱਚਿਆਂ ਨੂੰ ਉਨ੍ਹਾਂ ਦੇ ਸਕੂਲਾਂ ਵਿੱਚ ਲਿਆਂਦਾ ਜਾ ਰਿਹਾ ਹੈ, ਉਹ ਸੁਰੱਖਿਅਤ ਸਕੂਲ ਵਾਹਨ ਹਨ। ਪਾਲਿਸੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ ਸਕੂਲ ਸੰਚਾਲਕਾਂ ਨੂੰ ਆਪਣੇ ਸਕੂਲ ਵਿੱਚ ਚੱਲਣ ਵਾਲੀਆਂ ਬੱਸਾਂ ਦੀ ਕੁੱਲ ਗਿਣਤੀ, ਬੱਸ ਨੰਬਰ, ਆਰ।ਸੀ। ਦੀ ਵੈਧਤਾ, ਡਰਾਈਵਿੰਗ ਲਾਇਸੈਂਸ, ਡਰਾਈਵਰ ਨੂੰ ਬੱਸ ਚਲਾਉਂਦੇ ਸਮੇਂ ਫ਼ੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਮੋਬਾਈਲ ਸਿਰਫ਼ ਕੰਡਕਟਰ ਕੋਲ ਹਾਜ਼ਰ ਹੋਣਾ ਚਾਹੀਦਾ ਹੈ, ਬੱਸ ਦੀ ਰਫ਼ਤਾਰ ਸੀਮਾ ਹੋਣੀ



ਚਾਹੀਦੀ ਹੈ। ਬੱਸ ਦੀ ਰਫ਼ਤਾਰ ਸੀਮਾ 40 ਹੋਣੀ ਚਾਹੀਦੀ ਹੈ, ਡਰਾਈਵਰ ਅਤੇ ਕੰਡਕਟਰ ਦੋਵੇਂ ਵਰਦੀ ਵਿੱਚ ਹੋਣੇ ਚਾਹੀਦੇ ਹਨ, ਬੱਸ ਦੀਆਂ ਸਾਰੀਆਂ ਖਿੜਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ, ਬੱਸ ਵਿੱਚ ਇੱਕ ਮੈਡੀਕਲ ਕਿੱਟ ਹੋਣੀ ਚਾਹੀਦੀ ਹੈ, ਅੱਗ ਬੁਝਾਉਣ ਵਾਲਾ ਯੰਤਰ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਐਸ.ਡੀ.ਐਮ ਸੁਮਿਤ ਮੁੱਧ ਨੇ ਇਹ ਵੀ ਕਿਹਾ ਕਿ ਡਰਾਈਵਰ ਕੋਲ ਬੱਸ ਚਲਾਉਣ ਦਾ ਘੱਟੋ-ਘੱਟ 5 ਸਾਲ ਦਾ ਤਜ਼ਰਬਾ ਹੋਣਾ ਚਾਹੀਦਾ ਹੈ, ਡਰਾਈਵਰ ਕੋਲ ਅੱਖਾਂ ਦੀ ਜਾਂਚ ਦਾ ਸਰਟੀਫਿਕੇਟ ਹੋਣਾ ਲਾਜ਼ਮੀ ਹੈ।



# ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਮਜੀਠਾ ਰੋਡ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਮਨਾਇਆ

**ਮਜੀਠਾ (ਜਸਪਾਲ ਕੁਮਾਰ ਆਜਾਦ)–** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਮਜੀਠਾ ਰੋਡ ਵਲੋਂ ਭਾਰਤ ਰਤਨ ਬਾਬਾ





ਸਾਹਿਬ ਡਾ ਭੀਮ ਰਾਓ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਮਨਾਇਆ ਜਿਸ ਵਿਚ ਮੁੱਖ ਮਹਿਮਾਨ ਵੱਜੋਂ ਡਾ. ਸਤਪਾਲ ਅਲੂਣਾ ਰਹੇ ਇਸ ਮੌਕੇ ਡਾ. A P ਕਟਾਰੀਆ Rtrd Er. ਲਛਮਣ ਦਾਸ ਡਾ ਬਰਿੰਦਰ ਸਿੰਘ ਡਾ ਮਨਜੀਤ ਸਿੰਘ ਕਸ਼ਮੀਰ ਸਿੰਘ ਾਚਿ ਰਣਟਦ ਨਰਿੰਦਰ ਥਾਪਾ ਪਰਧਾਨ ਸੁਲੱਖਣ ਸਿੰਘ ਡਾ ਕੁਲਦੀਪ ਸਿੰਘ ਰਮੇਸ਼ ਅੱਤਰੀ ਡਾ ਮੋਹਨ ਲਾਲ ਰਣਟਦ ਚਮਨ ਲਾਲ ਪ੍ਰਿੰਸੀਪਲ ਰਣਟਰ ਡਾ. ਰਾਜੇਂਦਰ ਸਿੰਘ ਮੱਖਣਾ ਮੈਡਮ ਅਮਨਦੀਪ ਕੌਰ ਸਰੂਪ ਲਾਲ ਸੁਰਜੀਤ, ਡਾ. ਕਟਾਰੀਆ ਜੀ ਵਲੋ ਬਾਬਾ ਸਾਹਿਬ ਬਾਰੇ ਬੋਲਦਿਆਂ ਓਹਨਾਂ ਦੀ ਮਹਾਨਤਾ ਨੂੰ ਦਰਸ਼ੋਂਦੇ ਹੋਏ ਦਸਿਆ ਕਿ ਬਾਬਾ ਸਾਹਿਬ ਨੂੰ ਭਾਰਤ ਰਤਨ ਯੂਨੀਵਰਸਲ ਮੇਕਰ,ਗ੍ਰੇਟਰ ਮੈਂਨ ਆਫ ਦੀ ਇੰਡੀਆਮੈਂ, ਗ੍ਰੇਟੈਸਟ ਮੈਂਨ ਆਫ ਦਾ ਵਰਲਡ, ਵਰਗੇ ਖਿਤਾਬਾਂ ਨਾਲ ਨਵਾਜਿਆ ਗਿਆ ਹੈ। ਜੋ ਕਿ ਆਪਣੇ ਆਪ ਵਿੱਚ ਬਹੁਤ ਵੱਡੀ ਉਪਲਬਧੀ ਹੈ। ਜਾਣਕਾਰੀ ਦਿੰਦਿਆਂ ਓਹਨਾਂ ਵਲੋ ਦਸਿਆ ਗਿਆ ਕਿ ਬਾਬਾ ਸਾਹਿਬ ਨੇ ਆਪਣੀ ਜਿੰਦਗੀ ਵਿੱਚ ਬਹੁਤ ਸੰਘਰਸ਼ ਕੀਤਾ ਅਤੇ ਤਸੀਹੇ ਝਲੇ ਆਪਣੇ ਬੱਚੇ ਪਰਿਵਾਰ ਦੀ ਚਿੰਤਾ ਨਾ ਕਰਦੇ ਹੋਏ ਆਪਣੇ ਸਮਾਜ ਨੂੰ ਸੰਵਿਧਾਨ ਤਿਆਰ ਕਰਕੇ ਦਿੱਤਾ ਜਿਸ ਦਾ ਅੱਜ ਅਸੀਂ ਅਨੰਦ ਮਾਨ ਰਹੇ ਹਾਂ।



# ਬਾਬਾ ਬੁੱਧ ਸਿੰਘ ਢਾਹਾਂ ਜੀ ਦੀ ਬਰਸੀ ਮੌਕੇ ਕੁੱਕੜ ਮਜਾਰਾ ਵਿਖੇ ਲਗਾਇਆ ਗਿਆ ਵਿਸ਼ਾਲ ਮੈਡੀਕਲ ਕੈਂਪ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੀਤ ਅਤੇ ਕੰਢੀ ਦੇ ਇਲਾਕੇ ਵਿੱਚ ਉੱਚ ਪੱਧਰ ਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੀ ਸੰਸਥਾ ਗੁਰੂ ਨਾਨਕ ਮਿਸ਼ਨ ਟਰਟਸ ਨਵਾਂਗਰਾਂ ਕੁੱਲਪੁਰ ਦੇ ਬਾਨੀ ਬਾਬਾ ਬੁੱਧ ਸਿੰਘ ਦੀ ਛੇਵੀਂ ਬਰਸੀ ਮੌਕੇ ਇੱਕ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਉਨ੍ਹਾਂ ਦੀ ਯਾਦ ਵਿੱਚ ਇੱਕ ਗੁਰਮਤਿ ਸਮਾਗਮ ਵੀ ਕਰਵਾਇਆ ਗਿਆ। ਕੰਪਲੈਕਸ ਅੰਦਰ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਅਖੰਡ ਪਾਠ ਦੀ ਸਮਾਪਤੀ ਉਪਰੰਤ ਬਾਈ ਜਰਨੈਲ ਸਿੰਘ ਅਤੇ ਭਾਈ ਸਹਿਬ ਭਾਈ ਜੋਗਾ ਸਿੰਘ ਜੀ ਦੇ ਜਥਿਆਂ ਨੇ ਕੀਰਤਨ ਕੀਤਾ। ਬੀਬੀ ਹਰਜਿੰਦਰ ਕੌਰ ਸਾਬਕਾ ਮੇਅਰ ਨੇ ਬੋਲਦਿਆਂ ਕਿਹਾ ਕਿ



ਬਾਬਾ ਜੀ ਵੱਲੋਂ ਲੰਬਾ ਸਮਾਂ ਪੇਂਡੂ ਇਲਕਿਆਂ ਵਿੱਚ ਸਿਹਤ ਅਤੇ ਵਿੱਦਿਆ ਦੀਆਂ ਸਹੂਲਥਾਂ ਮੁਹੱਈਆ ਕਰਵਾਉਣ ਤੋਂ ਬਾਅਦ ਉਮਰ ਦੇ ਨੌਵੇਂ ਦਹਾਕੇ ਵਿੱਚ ਸੇਵਾ ਦਾ ਇੱਕ ਹੋਰ ਵੱਡਾ ਕਾਰਜ ਆਰੰਭਣਾ ਆਪਣੇ ਆਪਣੇ ਵਿੱਚ ਇੱਕ ਬਹੁਤ ਉੱਚੀ ਸੋਚ, ਲੋੜਵੰਦ ਮਰੀਜ਼ਾਂ ਪ੍ਰਤੀ ਹਮਦਰਦੀ ਅਤੇ ਹਿੰਮਤ ਦੀ ਮਸਾਲ ਹੈ। ਟਰੱਸਟ ਪ੍ਰਧਾਨ ਬੀਬੀ ਸੁਸ਼ੀਲ ਕੌਰ ਜੀ ਨੇ ਅਦਾਰੇ ਦੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਬਹੁਤ ਘੱਟ ਖਰਚੇ ਤੇ ਉੱਚ ਪੱਧਰ ਦੀਆਂ ਸਿਹਤ ਸਹੂਲਤਾਂ ਦੇਣ ਲਈ ਹਸਪਤਾਲ ਚਲਾਉਣੇ ਇੱਕ ਬਹੁਤ ਜਿਆਦਾ ਸਿਰੜ ਅਤੇ ਮਿਹਨਤ ਵਾਲਾ ਕਾਰਜ਼ ਹੈ। ਹਲਕਾ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਬੁੱਧ ਸਿੰਘ ਜੀ ਵੱਲੋਂ ਇਸ ਸਹੂਲਤਾਂ ਪੱਖੋਂ ਪੱਛੜੇ ਇਲਾਕੇ ਵਿੱਚ ਦਿੱਤੀ ਇਹ ਹਸਤਪਾਲ ਦੀ ਸਹੂਲਤ ਦਾ ਬਹੁਤ ਲੋਕ ਲਾਭ ਲੈ ਰਹੇ ਹਨ। ਉਨ੍ਹਾਂ ਨੇ ਹਸਪਤਾਲ ਵਿੱਚ ਹੋਰ ਸਹੂਲਤਾਂ ਦੇਣ ਲਈ ਸਰਕਾਰ ਵੱਲੋਂ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਪਰੰਤ ਸੈਕਟਰੀ ਬਲਬੀਰ ਸਿੰਘ ਬੈਂਸ, ਸ ਤਰਲੋਚਨ ਸਿੰਘ ਦੁਪਾਲਪੁਰ, ਮਹਿੰਦਰ ਸਿੰਘ ਵਿਰਦੀ, ਦਰਸ਼ਨ ਸਿੰਘ ਮੱਟੂ, ਡਾ ਹਰਵਿੰਦਰ ਸਿੰਘ ਬਾਠ, ਬੀਬੀ ਪਰਮਜੀਤ ਕੌਰ ਚੇਅਰਪਰਸਨ ਰਾਜਾ ਸਾਹਿਬ ਚੈਰੀਟੇਬਲ ਹਸਪਤਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਬੁੱਧ ਸਿੰਘ ਜੀ ਦੇ ਸ਼ੰਘਰਸ਼ਮਈ ਅਤੇ ਸਮਾਜ ਸੇਵਾ ਨੂੰ ਸਮਰਪਿਤ ਜੀਵਨ ਦੀਆ ਯਾਦਾਂ ਸਾਂਝੀਆਂ ਕੀਤੀਆਂ। ਹਸਪਤਾਲ ਦੇ ਔਰਤਾਂ ਦੇ ਵਿਭਾਗ ਦੇ ਮੁੱਖੀ ਡਾ ਕੁਲਵਿੰਦਰ ਕੌਰ ਐਮ ਡੀ ਨੇ ਆਪਣੀਆਂ ਸੇਵਾਵਾਂ ਇਸ ਇਲਾਕੇ ਦੇ ਲੋੜਵੰਦ ਮਰੀਜ਼ਾਂ ਨੂੰ ਦੇਣ ਲਈ ਕੀਤੇ ਆਪਣੇ ਫੈਸਲੇ ਨੂੰ ਮਾਣ ਵਾਲੀ ਗੱਲ ਦੱਸਿਆ। ਇਸ ਮੌਕੇ ਤੇ ਸ ਇੰਦਰਜੀਤ ਸਿੰਘ ਵਾਰੀਆ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਸ ਜਸਪਾਲ ਸਿੰਘ ਗਿੱਦਾ ਉਪਕਾਰ ਸੰਸਥਾ, ਸ ਮਨਜੀਤ ਸਿੰਘ ਮੈਨੇਜਰ ਬੀ ਡੀ ਸੀ ਨਵਾਂਸ਼ਹਿਰ, ਇੰਜ ਸੁਰਜੀਤ ਸਿੰਘ ਮਾਹੀ, ਬੀਬੀ ਜਗਬੀਰ



ਕੌਰ ਜਲੰਧਰ, ਬੀਬੀ ਕਲਮਜੀਤ ਕੌਰ ਬੈਂਸ, ਬੀਬੀ ਭੁਪਿੰਦਰ ਕੌਰ, ਜੱਥੇਦਾਰ ਪਿਆਰਾ ਸਿੰਘ ਸਹੂੰਗੜਾ, ਇੰਦਰਜੀਤ ਸਿੰਘ, ਬੀਬੀ ਸ਼ਰਨਜੀਤ ਕੌਰ ਦੁਸਾਂਝ ਅਮਰੀਕਾ, ਕੁਲਵਿੰਦਰ ਸਿੰਘ ਰਾਏ, ਨਰਿੰਦਰ ਸਿੰਘ ਰਾਏ ਖਾਨ ਖਾਨਾਂ ਅਤੇ ਅਨੇਕਾਂ ਹੋਰ ਦਾਨੀ ਸੱਜਣਾਂ ਨੇ ਅਦਾਰੇ ਨੂੰ ਮਾਇਕ ਮੱਦਦ ਦਿੱਤੀ।

ਕੈਂਪ ਦਾ ਉਦਘਾਟਨ ਸ ਮਹਿੰਦਰ ਸਿੰਘ ਵਿਰਦੀ ਅਤੇ ਬੀਬੀ ਪਰਮਜੀਤ ਕੌਰ ਚੇਅਰਪਰਸਨ ਰਾਜਾ ਸਾਹਿਬ ਮਜਾਰਾ ਚੈਰੀਟੇਬਲ ਟਰੱਸਟ ਨੇ ਸਾਂਝੇ ਰੂਪ ਵਿੱਚ ਕੀਤਾ। ਕੈਂਪ ਵਿੱਚ ਔਰਤ ਰੋਗਾਂ ਦੇ ਮਾਹਰ ਡਾ ਕੁਲਵਿੰਦਰ ਕੌਰ ਐਮ ਡੀ, ਮੈਡੀਕਲ ਸਪੈਸ਼ਲਿਸਟ, ਡਾ ਅਮਨਪ੍ਰੀਤ ਸਿੰਘ ਅਤੇ ਡਾ ਮਾਨਿਕ ਧੀਮਾਨ ਅਤੇ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਰ ਡਾ ਭਾਨੂ ਯਾਦਵ ਨੇ 220 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਅਤੇ ਅਦਾਰੇ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਅਤੇ ਟੈਸਟਾਂ ਦੀ ਮੁਫਤ ਸਹੂਲਤ ਦਿੱਤੀ ਗਈ।

ਟਰੱਸਟ ਦੇ ਪ੍ਰਬੰਧਕ ਰਘਬੀਰ ਸਿੰਘ ਨੇ ਮਰੀਜ਼ਾਂ ਨੂੰ ਹਸਪਤਾਲ ਵੱਲੋਂ ਮਿਲਦੀਆਂ ਸਿਹਤ ਸਹੂਲਤਾਂ ਦੀ ਵਿਸਥਾਰ ਸਿਹਤ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਟਰੱਸਟ ਪ੍ਰਬੰਧਕਾਂ ਵੱਲੋਂ ਚਾਰ ਨਵੇਂ ਡਾਕਟਰ ਸਾਹਿਬਾਨ ਨੂੰ ਹਸਪਤਾਲ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਜਿਸ ਨਾਲ ਹਸਪਤਾਲ ਵਿੱਚੋਂ ਚੌਵੀ ਘੰਟੇ ਮੈਡੀਕਲ ਅਤੇ ਐਮਰਜੈਂਸੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਜਥੇਦਾਰ ਬਲਜੀਤ ਸਿੰਘ ਭਾਰਾਪੁਰ ਟਰੱਸਟ ਮੈਂਬਰ, ਸ੍ਰੀ ਮੇਹਰ ਚੰਦ ਹਕਲਾ ਸਾਬਕਾ ਸਰਪੰਚ ਨਵਾਂਗਰਾਂ, ਜਥੇਦਾਰ ਸੁੱਚਾ ਸਿੰਘ ਚਾਂਦਪੁਰ ਰੁੜਕੀ, ਸ ਮਨਮੋਹਣ ਸਿੰਘ ਬਜਾਜ, ਸ. ਐਮ ਪੀ ਸਿੰਘ ਗੜਸ਼ੰਕਰ, ਸ ਮੰਗਤ ਸਿੰਘ ਸਰਪੰਚ ਕਾਲੇਵਾਲ ਬੀਤ, ਲਖਬੀਰ ਸਿੰਘ ਨੰਬਰਦਾਰ ਕੁੱਕੜ ਮਜਾਰਾ, ਸ ਜਸਪਾਲ ਸਿੰਘ ਵਿਰਕ ਅਮਰੀਕਾ, ਯੋਗ ਰਾਜ ਗੰਭੀਰ, ਦਵਿੰਦਰ ਸਿੰਘ ਰੋਮੀ, ਸ ਕਮਲਜੀਤ ਸਿੰਘ, ਆਈ ਕੇ ਸਲਿਊਸ਼ਨ ਸੰਸਥਾ, ਜਸਬੀਰ ਸਿੰਘ ਸੁੱਜੋਂ ਲੋਕ ਸੰਪਰਕ ਅਫਸਰ, ਡਾ ਸੰਜੀਵ ਚੀਮਾ, ਡਾ ਬਲਦੇਵ ਜਸਰਾ, ਡਾ ਮਹੁੰਮਦ ਆਸਿਬ, ਰਮਿੰਦਰ ਕੌਰ ਇੰਚਾਰਜ ਮੀਡੀਆ ਸੈਲ, ਸ੍ਰੀ ਸਚਿਨ ਆਂਗਰਾਂ ਮੈਨੇਜਰ ਪਬਲਿਕ ਰੀਲੇਸ਼ਨਜ਼, ਗੁਰਪ੍ਰੀਤ ਸਿੰਘ ਅਤੇ ਅੰਜੂ ਬਾਲਾ ਆਦਿ ਹਾਜ਼ਰ ਸਨ। ਕੈਂਪ ਅਤੇ ਸੰਗਤਾਂ ਵਾਸਤੇ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।

# ਪੰਜਾਬੀ ਸੱਭਿਆਚਾਰਕ ਮੰਚ ਪੰਜਾਬ ਦੀ ਮਹਿਫ਼ਿਲ ਵਿਚ ਕਵੀਆਂ ਨੇ ਰੰਗ ਬਿਖੇਰਿਆ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਪੰਜਾਬੀ ਸੱਭਿਆਚਾਰਕ ਮੰਚ ਪੰਜਾਬ ਦੀ ਬੈਠਕ ਲੋਕ ਰੰਗ ਲਾਇਬਰੇਰੀ ਬਾੜਾ (ਸਰਹਿੰਦ) ਵਿਖੇ ਉੱਘੇ ਸਾਹਿਤਕਾਰ ਡਾ ਗੁਰਵਿੰਦਰ



ਅਮਨ ਦੀ ਪ੍ਰਧਾਨਗੀ ਹੇਠ ਅਤੇ ਸਰਦਾਰਨੀ ਸੁਰਿੰਦਰ ਕੌਰ ਬਾੜਾ ਦੀ ਰਹਿਨੁਮਾਈ ਹੇਠ ਹੋਈ। ਇਸ ਮੌਕੇ ਗ਼ਜ਼ਲਗੋ ਸੰਤ ਸਿੰਘ ਸੋਹਲ ਨੇ ਕਵਿਤਾ ਤੇ ਗ਼ਜ਼ਲ ਬਾਰੇ ਵਿਚਾਰ ਪ੍ਰਗਟ ਕੀਤੇ। ਅਮਰਜੀਤ ਕੌਰ ਮੋਰਿੰਡਾ ਨੇ ਆਪਣੀ ਗ਼ਜ਼ਲ ਸਾਂਝੀ ਕੀਤੀ ਅਤੇ ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਵਿਤਾ ਸੁਣਾਈ। ਕੁਲਵੰਤ ਸਿੰਘ ਜੱਸਲ ਨੇ ਤੂੰਬੀ ਨਾਲ ਲੋਕ ਗੀਤ 'ਤਿੰਨਾਂ ਚੀਜ਼ਾਂ ਨੂੰ ਬਚਾਲੋਂ ,ਬੇਟੀ ਪਾਣੀ ਅਤੇ ਰੁੱਖ ' ਪੇਸ਼ ਕੀਤਾ ਜੋ ਕਾਬਲੇ ਤਾਰੀਫ ਸੀ। ਪ੍ਰੋ ਲਵਲੀ ਸਲੂਜਾ ਪਨੂੰ ਨੇ ਆਪਣੀ ਪੁਆਧੀ ਬੋਲੀ ਉੱਪਰ ਖੋਜ਼ ਭਰਪੂਰ ਸਿੱਠਣੀਆਂ ਘੋੜੀਆਂ ਤੇ ਸੁਹਾਗ ਸੁਣਾਕੇ ਦਰਸ਼ਕਾਂ ਦਾ ਮਨ ਮੋਹ ਲਿਆ। ਡਾ ਗੁਰਵਿੰਦਰ ਅਮਨ ਨੇ ਆਪਣੀ ਚਰਚਿੱਤ ਮਿੰਨੀ ਕਹਾਣੀ 'ਸਾਧ ' ਅਤੇ ਕਵਿਤਾ 'ਕਾਰੀ ' ਸੁਣਾਕੇ ਅਜੋਕੇ ਸਮਾਜ ਤੇ ਕਟਾਕਸ਼ ਕੀਤਾ। ਕਰਮ ਸਿੰਘ ਹਕੀਰ ਨੇ ਕੈਨੇਡਾ ਵਿਚ ਰਹਿੰਦੇ ਬਜ਼ੁਰਗਾਂ ਦੀ ਦਸ਼ਾ ਬਾਰੇ ਆਪਣੀ ਭਾਵਪੂਰਨ ਕਵਿਤਾ ਪੇਸ਼ ਕੀਤੀ। ਨਾਹਰ ਸਿੰਘ ਸੁਪਰਡੈਂਟ ਨੇ ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ। ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਨੇ ਕਵਿਤਾ ਸੁਣਾਈ। ਵਾਤਾਵਰਣ ਪ੍ਰੇਮੀ ਹਰਮਨ ਪ੍ਰੀਤ ਸਿੰਘ ਨੇ ਆਪਣੀ ਕਵਿਤਾ ਨਾਲ ਰੰਗ ਬੰਨਿਆ। ਪੰਜਾਬੀ ਸੱਭਿਆਚਾਰਕ ਮੰਚ ਪੰਜਾਬ ਦੀ ਪ੍ਰਧਾਨ ਸਰਦਾਰਨੀ ਸੁਰਿੰਦਰ ਕੌਰ ਬਾੜਾ ਨੇ ਆਪਣੀ ਬੁਲੰਦ ਆਵਾਜ਼ ਵਿਚ ਘੋੜੀਆਂ ਤੇ ਸਿੱਠਣੀਆਂ ਸੁਣਾਕੇ ਮਾਹੌਲ ਖੁਸ਼ਨੁਮਾ ਬਣਾ ਦਿੱਤਾ। ਗ਼ਜ਼ਲਗੋ ਸੰਤ ਸਿੰਘ ਸੋਹੀ ਨੇ ਕਵਿਤਾ ਅਤੇ ਗ਼ਜ਼ਲ ਦੀ ਛੰਦ ਬੱਧ ਬਾਰੇ ਭਰਪੂਰ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਬੰਧਿਸ਼ ਵਿਚ ਕਵਿਤਾ ਗੀਤ ਵਿਚ ਪਿੰਗਲ ਦਾ ਰਸ ਆਉਣਾ ਜਰੂਰੀ ਹੈ।ਉਨ੍ਹਾਂ ਗ਼ਜ਼ਲ ਲਿਖਣ ਦੀਆਂ ਬਾਰੀਕੀਆਂ ਬਾਰੇ ਭਰਪੂਰ ਜਾਣਕਾਰੀ ਦਿਤੀ। ਅੰਤ ਵਿਚ ਬੈਠਕ ਦੀ ਪ੍ਰਧਾਨਗੀ ਕਰ ਰਹੇ ਡਾ ਗੁਰਵਿੰਦਰ ਅਮਨ ਨੇ ਕਿਹਾ ਕਿ ਹਰ ਰਚਨਾ ਵਿਚ ਸਤਿਅਮ, ਸਿਵਮ ,ਸੁੰਦਰ ਹੋਣਾ ਜਰੂਰੀ ਹੈ ਜਿਸ ਨਾਲ ਹਰ ਰਚਨਾ ਲੋਕ ਪ੍ਰਿਆ ਹੋ ਸਕਦੀ ਹੈ। ਉਨ੍ਹਾਂ ਸਾਰੇ ਕਵੀਆਂ ਦੀ ਰਚਨਾਵਾਂ ਦਾ ਘੋਖਪੁਰਨ ਮੁਲਾਂਕਣ ਕੀਤਾ ਅਤੇ ਪ੍ਰੋਗਰਾਮ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ।

# ਅੰਤਰਰਾਜੀ ਨਸ਼ਾ ਤਸਕਰ ਕਾਬੂ, ਡੀਆਈਜੀ ਬਾਰਡਰ ਰੇਂਜ ਨੇ ਕੀਤੀ ਪ੍ਰੈਸ ਕਾਨਫਰੰਸ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਉਸ ਵਕਤ ਵੱਡੀ ਕਾਮਯਾਬੀ ਹਾਸਿਲ ਕੀਤੀ ਜਦੋਂ ਮਾਧੋਪੁਰ (ਪਠਾਨਕੋਟ) ਨਾਕੇ ਤੇ ਚੈਕਿੰਗ ਕਰਦਿਆ ਇੱਕ ਇਨੋਵਾ ਗੱਡੀ ਵਿੱਚੋਂ 5 ਲੱਖ ਰੁਪਏ ਡਰੱਗ ਮਣੀ 8 ਕਿਲੋ 315 ਗ੍ਰਾਮ ਹੈਰੋ ਹੈਰੋਇਨ ਬਰਾਮਦ ਕੀਤੀ ਗਈ। ਇਸ ਸਬੰਧ ਵਿੱਚ ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨਾਂ ਤੋਂ ਪੁੱਛਗਿੱਛ ਜਾਰੀ ਹੈ



ਜਿਨਾਂ ਤੋਂ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ। ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਡੀਆਈਜੀ ਬਾਰਡਰ ਰੇਂਜ ਰਕੇਸ਼ ਕੌਸਲ ਨੇ ਦੱਸਿਆ ਕਿ ਕਾਬੂ ਕੀਤੇ ਗਏ ਤਿੰਨ ਨਸ਼ਾ ਤਸਕਰ ਗੁਰਜੰਟ ਸਿੰਘ, ਸਿਮਰਜੀਤ ਸਿੰਘ, ਜਸਪ੍ਰੀਤ ਸਿੰਘ ਦੇ ਨਾਂ ਵਰਨਨ ਯੋਗ ਹਨ। ਇਹਨਾਂ ਵਿੱਚੋਂ ਦੋ ਦੇ ਖਿਲਾਫ ਇੱਕ- ਇੱਕ ਦੋ-ਦੋ ਕੇਸ ਪਹਿਲਾਂ ਵੀ ਦਰਜ ਹਨ। ਉਹਨਾਂ ਦੱਸਿਆ ਕਿ ਹਰਪਾਲ ਸਿੰਘ ਬਿੱਟੂ ਜੋ ਇੱਕ ਗੈਂਗਸਟਾਰ ਹੈ ਅਤੇ ਕਨੇਡਾ ਵਿੱਚ ਰਹਿ ਰਿਹਾ ਹੈ ਅਸਲ ਵਿੱਚ ਇਹ ਸਾਰਾ ਰੈਕਟ ਉਥੋਂ ਤਿਆਰ ਕਰਦਾ ਹੈ।ਡੀਆਈਜੀ ਬਾਰਡਰ ਨੇ ਦੱਸਿਆ ਕਿ ਜੰਮੂ ਸਾਈਡ ਤੋਂ ਮਾਧੋਪੁਰ ਪਠਾਨਕੋਟ ਪੰਜਾਬ ਆਉਣ ਵਾਲੇ ਵਾਈਕਲਾਂ ਦੀ ਕੀਤੀ ਜਾ ਰਹੀ ਚੈਕਿੰਗ ਦੌਰਾਨ ਇਨੋਵਾ ਗੱਡੀ ਨੂੰ ਪੁਲਿਸ ਪਾਰਟੀ ਨੇ ਰੋਕਿਆ ਗਿਆ ਤਾਂ ਗੱਡੀ ਚਲਾ ਰਹੇ ਗੁਰਜੰਟ ਸਿੰਘ ਉਰਫ ਰਵੀ ਪੁੱਤਰ ਸੁਖਦੇਵ ਸਿੰਘ ਅਤੇ ਉਸ ਦੇ ਨਾਲ ਬੈਠੇ ਸਿਮਰਜੀਤ ਸਿੰਘ ਉਰਫ ਨਿੱਕਾ ਬਾਠ ਪੁੱਤਰ ਗੁਰਪਾਲ ਸਿੰਘ ਵਾਸੀਅਨ ਕਿਲਾ ਮੁਹੱਲਾ ਫਤਿਹਾਬਾਦ ਜ਼ਿਲਾ ਤਰਨ ਤਾਰਨ ਦੱਸਿਆ ਤਲਾਸ਼ੀ ਦੌਰਾਨ ਉਹਨਾਂ ਤੋਂ 15 ਗ੍ਰਾਮ ਹੈਰੋਇਨ 5 ਲੱਖ ਰੁਪਏ ਡਰੱਗ ਬਣੀ ਬਰਾਮਦ ਕੀਤੀ ਗਈ ਜਿਨਾਂ ਦੇ ਖਿਲਾਫ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ। ਉਹਨਾਂ ਦੱਸਿਆ ਕਿ ਦੋਸੀਆਂ ਦਾ ਚਾਰ ਦਿਨਾਂ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ। ਪੁੱਛਗਿੱਛ ਦੌਰਾਨ ਉਕਤ ਦੋਸੀਆਂ ਪਾਸੋਂ ਇਨੋਵਾ ਗੱਡੀ ਤੇ ਤੇਲ ਦੀ ਟੈਂਕੀ ਵਿੱਚ ਬਣਾਏ ਗਏ ਗੁਪਤ ਖਾਨੇ ਵਿੱਚੋਂ ਅੱਠ ਕਿਲੋ 300 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਜਿਸ ਦੇ ਉਕਤ ਮੁਕਦਮੇ ਵਿੱਚ ਐਨਡੀਪੀਐਸ ਐਕਟ ਦਾ ਵਾਧਾ ਕੀਤਾ ਗਿਆ ਅਤੇ ਮੁਕਦਮੇ ਵਿੱਚ ਦੋਸ਼ੀਆਂ ਦੇ ਫਰਦ ਇਨਸਾਫ ਮੁਤਾਬਕ ਹਰਪਾਲ ਸਿੰਘ ਉਰਫ ਬਿੱਟੂ ਭਨਵਾਲ ਪੁੱਤਰ ਨਿਸ਼ਾਨ ਸਿੰਘ ਵਾਸੀ ਜਾਮਾ ਰਾਏ ਥਾਣਾ ਗੋਇੰਦਵਾਲ ਜ਼ਿਲਾ ਤਰਨ ਤਾਰਨ ਅਤੇ ਜਸਪ੍ਰੀਤ ਸਿੰਘ ਪੁੱਤਰ ਜਾਗਰ ਸਿੰਘ ਵਾਸੀ ਜੋੜਾ ਸਿੰਘ ਵਾਲਾ ਜਿਲਾ ਤਰਨ ਤਾਰਨ ਨੂੰ ਮੁਕਦਮੇ ਵਿੱਚ ਦੋਸ਼ੀ ਨਾਮਜਦ ਕੀਤਾ ਗਿਆ ਜੋ ਜਸਪ੍ਰੀਤ ਸਿੰਘ ਨੂੰ ਉਕਤ ਮੁੱਕਦਮ ਵਿੱਚ ਦੋਸ਼ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਛੇ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਜਿਨਾਂ ਤੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ਇਸ ਮੌਕੇ ਤੇ ਐਸਐਸਪੀ ਸੁਹੇਲ ਕਾਸਮ ਮੀਰ ਤੋਂ ਇਲਾਵਾ ਅਨੇਕਾਂ ਪੁਲਿਸ ਅਧਿਕਾਰੀ ਸ਼ਾਮਿਲ ਸਨ।

# ਬਾਲਿਆਂਵਾਲੀ ਵਿਖੇ ਪੰਜਾਬੀ ਸਾਹਿਤ ਅਕਾਡਮੀ ਦੀ ਨਵੀਂ ਚੁਣੀ ਟੀਮ ਦੇ ਸਨਮਾਨ ਸਮਾਰੋਹ ਵਿੱਚ ਸ਼ਬਦ ਤ੍ਰਿੰਜਣ ਦਾ ਨਵਾਂ ਅੰਕ ਲੋਕ-ਅਰਪਣ





ਸਾਹਿਤ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ, ਨਿਰੰਤਰ ਕਰਵਾਏ ਜਾਂਦੇ ਪ੍ਰੋਗਰਾਮਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਦਿਆਂ ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਵੱਲੋਂ, ਸ੍ਰ. ਸੁਰਜੀਤ ਸਿੰਘ ਮਾਧੋਪੁਰੀ (ਕੈਨੇਡਾ ਸਰਕਾਰ ਪਾਸੋਂ ਸਰਵਸ੍ਰੇਸ਼ਟ ਪੁਰਸਕਾਰ ਵਿਜੇਤਾ) ਅਤੇ 'ਸਾਈ ਲੋਨਜ਼ ਮੈਲਬੋਰਨ' ਦੇ ਸਹਿਯੋਗ ਨਾਲ, 'ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ, ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਅਤੇ ਕੰਪਿਊਟਰ ਸੈਂਟਰ' ਬਾਲਿਆਂਵਾਲੀ ਵਿਖੇ ਸੈਮੀਨਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਸਟੇਟ ਐਵਾਰਡੀ ਅਮਰਜੀਤ ਸਿੰਘ ਪੇਂਟਰ ਵੱਲੋਂ ਗੁਰਬਾਣੀ ਨਾਲ ਸਬੰਧਿਤ ਬਣਾਏ ਚਿੱਤਰਾਂ ਦੀ ਪ੍ਰਦਰਸ਼ਨੀ,ਖਿੱਚ ਦਾ ਕੇਂਦਰ ਸੀ। ਸਭਾ ਦੇ ਜਨਰਲ ਸਕੱਤਰ ਮਾਸਟਰ ਜਗਨਨਾਥ ਨੇ ਸਮਾਗਮ ਦਾ ਆਰੰਭ ਕਰਦਿਆਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

ਅੱਜ ਦੇ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਸਾਹਿਤ ਅਕਾਦਮੀ ਪੰਜਾਬ ਦੇ ਅਹੁੱਦੇਦਾਰਾਂ ਡਾ. ਸਰਬਜੀਤ ਸਿੰਘ ਪ੍ਰਧਾਨ, ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ, ਡਾ. ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਤੋਂ ਇਲਾਵਾ, ਜੀਤ ਸਿੰਘ ਚਹਿਲ (ਸਭਾ ਦੇ ਸਾਬਕਾ ਪ੍ਰਧਾਨ) ਅਤੇ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੇ ਪ੍ਰਧਾਨ ਸੁਖਦਰਸ਼ਨ ਗਰਗ ਵਿਰਾਜਮਾਨ ਸਨ। ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਫ਼ੋਟੋ ਤੋਂ ਪਰਦਾ ਡਾ. ਗੁਲਜ਼ਾਰ ਸਿੰਘ ਪੰਧੇਰ, ਅਜਮੇਰ ਔਲਖ ਦੀ ਫ਼ੋਟੋ ਤੋਂ ਪਰਦਾ ਡਾ. ਅਰਵਿੰਦਰ ਕੌਰ ਕਾਕੜਾ ਅਤੇ ਬਾਬਾ ਨਜਮੀ ਦੇ ਚਿੱਤਰ ਤੋਂ ਪਰਦਾ ਸ੍ਰੀ. ਸੁਰਿੰਦਰ ਕੈਲੇ ਵੱਲੋਂ ਹਟਾ ਕੇ ਇਹਨਾਂ ਨੂੰ ਲੋਕ-ਅਰਪਣ ਕੀਤਾ ਗਿਆ। ਸ਼ੁਰੂਆਤ ਵਿੱਚ ਸੁਖਦਰਸ਼ਨ ਗਰਗ ਨੇ ਸਭਾ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਭਵਿੱਖ ਵਿੱਚ ਇੱਥੇ ਇਕ ਸੈਂਟਰ ਚਾਲੂ ਕਰਨ ਦਾ ਐਲਾਨ ਕੀਤਾ ਜਿਸ ਵਿੱਚ ਨੇੜੇ ਤੇੜੇ ਦੇ ਬੱਚੇ ਆਈ.ਏ.ਐਸ, ਪੀ.ਸੀ.ਐਸ ਅਤੇ ਸਰਕਾਰੀ ਨੌਕਰੀ ਹਾਸਲ ਕਰਨ ਦੇ ਮੁਕਾਬਿਲਆਂ ਦੀ ਤਿਆਰੀ ਕਰਨ ਲਈ ਟ੍ਰੇਨਿੰਗ ਪ੍ਰਾਪਤ ਕਰ ਸਕਣਗੇ। ਸਾਲ 2008 ਤੋਂ ਬਠਿੰਡਾ ਤੋਂ ਲਗਾਤਾਰ ਛਾਪੇ ਜਾ ਰਹੇ ਹਾਸ ਵਿਅੰਗ ਦੇ ਮੈਗਜ਼ੀਨ 'ਸ਼ਬਦ ਤ੍ਰਿੰਜਣ' (ਤਿਮਾਹੀ) ਦੇ ਨਵੇਂ ਅੰਕ ਨੂੰ ਪ੍ਰਧਾਨਗੀ ਮੰਡਲ ਵੱਲੋਂ ਰੀਲੀਜ਼ ਕੀਤਾ ਗਿਆ। 'ਪੰਜਾਬੀ ਭਾਸ਼ਾ ਅਤੇ ਮੌਜੂਦਾ ਸਮੇਂ' ਉਪਰ ਪਰਚਾ ਡਾ. ਸਰਬਜੀਤ ਸਿੰਘ ਵੱਲੋਂ ਪੜ੍ਹਿਆ ਗਿਆ ਜਿਸ ਵਿੱਚ ਉਹਨਾਂ ਨੇ ਪੰਜਾਬੀ ਭਾਸ਼ਾ ਨੂੰ ਗਿਆਨ-ਵਿਗਿਆਨ ਦੀ ਭਾਸ਼ਾ ਬਣਾਉਣ ਤੇ ਜ਼ੋਰ ਦਿੱਤਾ ਅਤੇ ਹੋਰ ਅਨੇਕਾਂ ਨੁਕਤਿਆਂ ਤੇ ਉਂਗਲ ਰੱਖੀ।ਬਹਿਸ ਦਾ ਆਰੰਭ ਡਾਕਟਰ ਗੁਲਜ਼ਾਰ ਸਿੰਘ ਪੰਧੇਰ ਨੇ ਕੀਤਾ ਅਤੇ ਡਾ।ਅਰਵਿੰਦਰ ਕੌਰ ਕਾਕੜਾ, ਜਸਪਾਲ ਮਾਨਖੇੜਾ, ਅਮਰਜੀਤ ਸਿੰਘ ਪੇਂਟਰ, ਸੁਰਿੰਦਰ ਕੈਲੇ, ਸੁਰਿੰਦਰਪ੍ਰੀਤ ਘਣੀਆ, ਡਾ. ਹਰਵਿੰਦਰ ਸਿੰਘ ਸਿਰਸਾ, ਰਮੇਸ਼ ਗਰਗ, ਸੰਜੀਵਨ ਸਿੰਘ ਅਤੇ ਕਰਮਜੀਤ ਸਿੰਘ ਗਰੇਵਾਲ ਨੇ ਆਪੋ ਆਪਣੇ ਵਿਚਾਰ ਰੱਖਦਿਆਂ ਇਸ ਸੈਮੀਨਾਰ ਨੂੰ ਸਾਰਥਿਕ ਬਣ-ਇਆ। ਸਭਾ ਵੱਲੋਂ, ਪਿਛੇ ਜਿਹੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਨਵੀਂ ਚੁਣੀ ਗਈ ਸਮੁੱਚੀ ਟੀਮ ਉਪਰ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਦੇ ਸਮੁੱਚੇ ਵਿਕਾਸ ਦਾ ਬੋਝ ਪਾਉਂਦਿਆਂ, ਉਹਨਾਂ ਸੱਭ ਦਾ ਸਨਮਾਨ ਕੀਤਾ ਗਿਆ।

ਪ੍ਰਭਾਵਸ਼ਾਲੀ ਅਤੇ ਕਾਵਿਕ ਸ਼ਬਦਾਂ ਨਾਲ ਸਟੇਜ ਦਾ ਸੰਚਾਲਨ ਕਰਦਿਆਂ ਮਾਸਟਰ ਜਗਨ ਨਾਥ ਨੇ ਪ੍ਰੋਗਰਾਮ ਦੀ ਰੌਚਕਤਾ ਬਣਾਈ ਰੱਖੀ। ਇਸ ਮੌਕੇ ਸਭਾ ਦੇ ਮੈਂਬਰ ਅਹੁਦੇਦਾਰ ਅਤੇ ਇਲਾਕੇ ਦੀਆਂ ਮੰਨੀਆਂ ਪ੍ਰਮੰਨੀਆਂ ਹਸਤੀਆਂ, ਅਜਮੇਰ ਸਿੰਘ ਦੀਵਾਨਾ, ਚਮਕੌਰ ਸਿੰਘ, ਨਸੀਬ ਸ਼ਰਮਾ, ਗੁਰਪ੍ਰੀਤ ਕੌਰ, ਗੁਰਤੇਜ ਸਿੰਘ,ਗੁਰਮੇਲ ਸਿੰਘ ਮੇਲਾ ਗੁਰਵਿੰਦਰ ਸਿੱਧੂ, ਗੁਰਮੀਤ ਕੁਮਾਰ, ਡਾ. ਗੁਰਮੇਲ ਸਿੰਘ ਮੌਜੀ, ਗੁਰਪ੍ਰੀਤ ਸਿੰਘ, ਜਸਵਿੰਦਰ ਸ਼ਰਮਾ, ਜਗਮੇਲ ਸਿੰਘ ਜਠੌਲ ਦਰਸ਼ਨ ਭੰਮੇ, ਦਰਸ਼ਨ ਪ੍ਰੀਤੀਮਾਨ, ਲਛਮਣ ਸਿੰਘ ਮਲੂਕਾ, ਕਾਮਰੇਡ ਜਰਨੈਲ ਸਿੰਘ, ਦਮਜੀਤ ਦਰਸ਼ਨ, ਅਸ਼ੋਕ ਕੁਮਾਰ ਗੁਪਤਾ ਆਸਟਰੇਲੀਆ,ਸੁਖਪਾਲ ਸਿੰਘ ਸਰਾਂ, ਜਸਬੀਰ ਸਿੰਘ ਢਿੱਲੋਂ, ਹਰਭਜਨ ਸੇਲਬਰਾਹ, ਅੰਮ੍ਰਿਤ ਕਲੇਰ, ਬਖਸ਼ੇ ਵਿਰਦੀ ਆਦਿ ਹਾਜ਼ਰ ਸਨ। ਅਖੀਰ ਵਿੱਚ ਸਭਾ ਦੇ ਵਿੱਤ ਸਕੱਤਰ ਮਾਸਟਰ ਦਰਸ਼ਨ ਸਿੰਘ ਨੇ ਆਏ ਮਹਿਮਾਨਾਂ ਦਾ ਅਦਬੀ ਸ਼ਬਦਾਂ ਨਾਲ ਧੰਨਵਾਦ ਕੀਤਾ।

**ਸੁਖਦਰਸ਼ਨ ਗਰਗ ਪ੍ਰਧਾਨ,**
**ਮੰਗਤ ਕੁਲਜਿੰਦ ਕੌਮਾਂਤਰੀ ਪ੍ਰਤੀਨਿੱਧ**
**ਪੇਂਡੂ ਸਾਹਿਤ ਸਭਾ ਬਾਲਿਆਂਵਾਲੀ**
+91 94177-53892 (ਬਠਿੰਡਾ),
+1 425 286 0163 (ਸਿਆਟਲ)

## ਸਕੇਪ ਸਾਹਿਤਕ ਸੰਸਥਾ ਦੀ ਸਲਾਨਾ ਚੋਣ - ਕਮਲੇਸ਼ ਸੰਧੂ ਪ੍ਰਧਾਨ ਬਣੇ

**ਫਗਵਾੜਾ-** ਪੰਜਾਬ 'ਚ ਵਿਲੱਖਣ ਸਾਹਿਤਕ ਸਰਗਰਮੀਆਂ ਲਈ ਜਾਣੀ ਜਾਂਦੀ ਸਕੇਪ ਸਾਹਿਤਕ ਸੰਸਥਾ ਦੀ ਸਲਾਨਾ ਚੋਣ ਸਮੇਂ ਕਵਿੱਤਰੀ ਕਮਲੇਸ਼ ਸੰਧੂ ਸਾਲ 2024-25 ਲਈ ਪ੍ਰਧਾਨ ਚੁਣੇ ਗਏ। ਸੰਸਥਾ ਦੀ ਕੋਰ ਕਮੇਟੀ ਦੇ ਫੈਸਲੇ ਨੂੰ ਜਨਰਲ ਬਾਡੀ 'ਚ ਪੇਸ਼ ਕਰਦਿਆਂ ਮੌਜੂਦਾ ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਕਵਿੱਤਰੀ ਕਮਲੇਸ਼ ਸੰਧੂ ਨੂੰ ਪ੍ਰਧਾਨ,



ਸੋਢੀ ਸੱਤੋਵਾਲੀਆ ਮੀਤ ਪ੍ਰਧਾਨ, ਪਰਵਿੰਦਰਜੀਤ ਸਿੰਘ ਨੂੰ ਜਨਰਲ ਸਕੱਤਰ, ਦਵਿੰਦਰ ਜੱਸਲ ਸਕੱਤਰ, ਮਨਦੀਪ ਸਿੰਘ ਖਜ਼ਾਨਚੀ, ਅਸ਼ੋਕ ਸ਼ਰਮਾ ਪ੍ਰੈਸ ਸਕੱਤਰ ਚੁਣੇ ਗਏ ਹਨ। ਉਹਨਾਂ ਨੇ ਸਾਹਿਤਕ ਸੰਸਥਾ ਦੀਆਂ ਪਿਛਲੇ ਸਾਲ ਦੀਆਂ ਸਰਗਰਮੀਆਂ ਨੂੰ ਇਜਲਾਸ ਵਿਚ ਪੇਸ਼ ਕੀਤਾ। ਉਹਨਾਂ ਦੱਸਿਆ ਕਿ "ਸ਼ਬਦ ਸਿਰਜਣਹਾਰੇ-4" ਸੰਪਾਦਿਤ ਪੁਸਤਕ ਸਾਲ 2023 'ਚ ਛਾਪੀ ਗਈ ਹੈ ਅਤੇ ਨਿਰੰਤਰਤਾ ਨਾਲ ਇਸ ਵਰ੍ਹੇ ਵੀ ਛਾਪੀ ਜਾਏਗੀ। ਉਹਨਾਂ ਨੇ ਜਨਰਲ ਇਜਲਾਸ ਮੈਂਬਰਾਂ ਵਲੋਂ ਉਹਨਾਂ ਨੂੰ ਸਾਹਿਤਕ ਸਰਗਰਮੀਆਂ ਵਧਾਉਣ ਲਈ ਧੰਨਵਾਦ ਕੀਤਾ।

## ਪਿੰਡ ਗੋਬਿੰਦਪੁਰ ਵਿਖੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ)-** ਬੀਤੀ ਰਾਤ ਮਾਂ ਕਾਬਲ ਸਿੰਘ ਦੇ ਪਿੰਡ ਗੋਬਿੰਦਪੁਰ ਵਿਖੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ



ਦੇ ਤੌਰ ਤੇ ਗੁਰਦਿਆਲ ਬੋਧ ਜੀ ਅਤੇ ਪ੍ਰੋਫੈਸਰ ਰਾਮ ਕ੍ਰਿਸ਼ਨ ਜੀ ਖੜਕ ਖੁਰਦ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਸਾਡੇ ਲਈ ਆਪਣਾ ਸਭ ਕੁਝ ਵਾਰ ਗਏ ਪਰ ਉਨ੍ਹਾਂ ਨੇ ਆਪਣੇ ਮਿਸ਼ਨ ਤੋਂ ਪਿਛੇ ਮੁੜ ਕੇ ਕਦੇ ਨਹੀਂ ਦੇਖਿਆ। ਉਹਨਾਂ ਦੀ ਜ਼ਿੰਦਗੀ ਵਿੱਚ ਦੁੱਖ ਹੀ ਦੁੱਖ ਸਨ, ਪਰ ਉਹ ਮਹਾਨ ਮਹਾਂਪੁਰਸ਼ ਧਾਰਮਿਕ ਅਜ਼ਾਦੀ, ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੇ ਲਈ ਲਗਾਤਾਰ ਯਤਨਸ਼ੀਲ ਰਹੇ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ, ਅਸੀਂ ਅੱਜ ਵੀ ਉਨ੍ਹਾਂ ਅੰਧਵਿਸ਼ਵਾਸ, ਵਹਿਮ ਭਰਮ ਅਤੇ ਪਾਖੰਡਵਾਦ ਨੂੰ ਛੱਡਣਾ ਨਹੀਂ ਚਾਹੁੰਦੇ। ਅਸੀਂ ਉਸੇ ਤਰ੍ਹਾਂ ਉਸ ਧਰਮ ਨੂੰ ਜੱਫੀ ਪਾਈ ਹੋਈ ਹੈ। ਅਜ ਵੀ ਤੁਹਾਡੇ ਕੋਲ ਮੌਕਾ ਹੈ, ਕਿ ਉਸ ਧਰਮ ਨੂੰ ਛੱਡੋ ਅਤੇ ਆਪਣਾ ਰਾਜ ਭਾਗ ਕਾਇਮ ਕਰੋਂ। ਗੁਰਦਿਆਲ ਬੋਧ ਜੀ ਦੇ ਦੁਆਰਾ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਲਿਖੀ ਗਈ ਕਿਤਾਬ 'ਤਥਾਗਤ ਬੁੱਧ ਅਤੇ ਉਨ੍ਹਾਂ ਦਾ ਧੰਮ' ਗ੍ਰੰਥ ਕਈ ਨੌਜਵਾਨਾਂ ਅਤੇ ਔਰਤਾਂ ਨੂੰ ਵੰਡ ਕਿ ਖੁਸ਼ੀ ਦਾ ਪ੍ਰਗਟਾਵਾ ਕੀਤਾ। 'ਮਾਨਵ ਕਲਾਂ ਕੇਂਦਰ' ਲਸਾੜਾ ਦੀ ਟੀਮ ਨੇ ਵੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਬਹੁਤ ਵਧੀਆ ਪ੍ਰੋਗਰਾਮ ਪੇਸ਼ ਕੀਤਾ। ਨਾਮਵਰ ਪੱਤਰਕਾਰ ਤੇ ਲੇਖਕ ਡਾਕਟਰ ਚਰਨਜੀਤ ਸੱਲ੍ਹਾ ਅਤੇ ਮੈਡਮ ਬਲਬੀਰ ਕੌਰ ਨੇ ਵੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਸਮਰਪਿਤ ਕਵਿਤਾਵਾਂ ਬੋਲੀਆਂ। ਨਗਰ ਨਿਵਾਸੀਆ ਨੇ ਸਮਾਗਮ ਨੂੰ ਰਾਤ ਦੇ ਦੇਰ ਤੱਕ ਵੇਖ, ਸੁਣ ਕੇ ਬਾਬਾ ਸਾਹਿਬਜੀ ਦੇ ਕ੍ਰਾਂਤੀਕਾਰੀਜੀਵਨ ਵਾਰੇ ਜਾਣਕਾਰੀ ਪ੍ਰਾਪਤ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਵੀ ਲੰਗਰ ਅਤੇ ਚਾਹ ਦੀ ਸੇਵਾ ਬਹੁਤ ਹੀ ਚਾਵਾਂ ਨਾਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਅਟਾਰੀ, ਪ੍ਰਕਾਸ਼ ਚੰਦ ਫਰਾਲਾ, ਬਹਾਦਰ ਸਿੰਘ ਸੰਧਵਾਂ, ਮਹੇਸ਼ ਅਟਾਰੀ, ਚਰਨਜੀਤ ਸੱਲ੍ਹਾ ਨੰਬਰਦਾਰ, ਕੁਲਵਿੰਦਰ ਕੌਰ, ਮਨਜੀਤ ਕੌਰ ਅਤੇ ਕਮੇਟੀ ਦੇ ਮੈਂਬਰ ਡਾਕਟਰ ਸੋਨੂੰ ਮੱਲ, ਸੰਜੀਵ ਕੁਮਾਰ, ਬਲਵਿੰਦਰ ਕਲੇਰ, ਲਛਮਣ ਕਲੇਰ, ਕੋਮਲ ਕਲੇਰ, ਪਰਮਿੰਦਰ ਕੁਮਾਰ ਪੰਚ, ਅਜੈ ਕੁਮਾਰ, ਪਰਮਜੀਤ ਮੱਲ, ਬਲਿਹਾਰ ਮੱਲ,ਅਮਰ ਕਲੇਰ ਅਤੇ ਬਜ਼ੁਰਗ, ਔਰਤਾਂ, ਨੌਜਵਾਨ ਅਤੇ ਬੱਚੇ ਹਾਜ਼ਰ ਰਹੇ। ਇਹ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਸਮਾਗਮ ਇੱਕ ਨਾਂ ਭੁੱਲਣ ਯੋਗ ਬਣ ਕੇ ਰਹਿ ਗਿਆ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ








ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖਸੀਅਤ ਸ੍ਰੀ ਸੁਖਚੈਨ ਸਿੰਘ (ਜਨਰਲ ਸਕੱਤਰ ਇੰਡਸ ਵੈਲੀ ਚੈਂਬਰ ਆਫ ਕਾਮਰਸ ਅਤੇ ਚੇਅਰਮੈਨ ਅਮੈਰਿਕਨ ਸੀਨੀਅਰ ਸਿਟੀਜ਼ਨ ਗਰੁੱਪ, ਸੈਕਰਾਮੈਂਟੋ) ਦੇ ਹੋਣਹਾਰ ਪੋਤਰੇ ਡਾਇਲਾਨ ਸੁੱਖ ਸਿੰਘ ਨੇ ਹਵਾਈ ਯੂਨੀਵਰਸਿਟੀ ਤੋਂ ਐਮ. ਡੀ. ਕੀਤੀ ਅਤੇ ਜੁਲਾਈ 2024 ਵਿਚ ਉਹ ਸਟੈਨਫਰਡ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿਚ ਪਲਾਸਟਿਕ ਸਰਜਰੀ ਸਬੰਧਤ ਦਾਖਲਾ ਹੋਵੇਗਾ ਅਤੇ ਸੱਤ ਸਾਲ ਵਿਚ ਪਲਾਸਟਿਕ ਸਰਜਰੀ ਸਪੈਸ਼ਲਿਸਟ ਹੋਵੇਗਾ। ਇੱਥੇ ਵਰਣਨਯੋਗ ਇਹ ਹੈ ਕਿ ਯੂਨਾਈਟਿਡ ਸਟੇਟ ਆਫ ਅਮੈਰਿਕਾ ਅੰਦਰ ਸਿਰਫ ਦੋ ਸੀਟਾਂ ਖਾਲੀ ਸਨ, ਜਿਹਨਾਂ ਵਿਚ ਇਕ ਸੀਟ ਹਾਸਲ ਕਰਨ 'ਚ ਡਾਇਲਨ ਸੁੱਖ ਸਿੰਘ ਕਾਮਯਾਬ ਰਿਹਾ। ਇਹ ਜਾਣਕਾਰੀ ਸ੍ਰੀ ਸੁਖਚੈਨ ਸਿੰਘ ਜੀ ਨੇ ਫੋਨ ਤੇ ਅਦਾਰਾ 'ਦੇਸ਼ ਦੁਆਬਾ' ਨੂੰ ਦਿੰਦਿਆਂ ਖੁਸ਼ੀ ਜ਼ਾਹਿਰ ਕੀਤੀ ਅਤੇ ਅਦਾਰਾ ਸਮੂਹ ਸਿੰਘ ਪਰਿਵਾਰ ਤੇ ਖਾਸ ਕਰਕੇ ਡਾਇਲਨ ਸੱਖ ਸਿੰਘ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ ਤੇ ਸ਼ੁਭ ਕਾਮਨਾਵਾਂ ਕਰਦਾ ਹੈ ਕਿ ਉਸ ਨੂੰ ਆਪਣੀ ਮੰਜ਼ਿਲ ਮੁਕਾਮ ਹਾਸਲ ਕਰਨ 'ਚ ਸਫਲਤਾ ਮਿਲੇ।

# ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਬਾਰੇ ਸੈਮੀਨਾਰ



**ਲਹਿਰਾਗਾਗਾ, (ਦਲਜੀਤ ਕੌਰ)** ਪੀਜੀਆਈ ਸੈਟੇਲਾਈਟ ਕੇਂਦਰ, ਘਾਬਦਾਂ (ਸੰਗਰੂਰ) ਦੀ ਟੀਮ ਵੱਲੋਂ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਵਿਦਿਆਰਥੀ-ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਦੌਰਾਨ ਕਮਿਓਨਿਟੀ ਮੈਡੀਸਨ ਦੇ ਐਸੋਸੀਏਟ ਪ੍ਰੋਫੈਸਰ ਡਾਕਟਰ ਹਰ ਅਸ਼ੀਸ਼ ਜਿੰਦਲ ਅਤੇ ਗਾਇਨੀ ਵਿਭਾਗ ਦੀ ਪ੍ਰੋਫੈਸਰ ਡਾਕਟਰ ਭਾਰਤੀ ਸ਼ਰਮਾ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਬਾਰੇ ਜਾਗਰੂਕ ਕੀਤਾ। ਡਾਕਟਰ ਭਾਰਤੀ ਸ਼ਰਮਾ ਨੇ ਬੋਲਦਿਆਂ ਕਿਹਾ ਕਿ 10 ਤੋਂ 19 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਿਸ਼ੋਰ ਅਵਸਥਾ ਦੌਰਾਨ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਬਦਲਾਵ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਦੌਰਾਨ ਬੱਚਿਆਂ ਦੇ ਸੁਭਾਅ ਵਿਚ ਰੋਜ਼ਾਨਾ ਫਰਕ ਆਉਂਦਾ ਹੈ। ਕਿਸ਼ੋਰ ਅਵਸਥਾ ਦੌਰਾਨ ਲੜਕੀਆਂ ਵਿੱਚ ਕਈ ਤਰ੍ਹਾਂ ਦੀਆਂ ਸਰੀਰਕ ਤਬਦੀਲੀਆਂ ਆਉਂਦੀਆਂ ਹਨ ਜੋ ਕਿ ਕੁਦਰਤੀ ਹਨ। ਉਨ੍ਹਾਂ ਕਿਹਾ ਕਿ ਸਰੀਰਕ ਤਬਦੀਲੀਆਂ ਦੇ ਨਾਲ ਇਸ ਉਮਰ ਵਿੱਚ ਮਾਨਸਿਕ ਸੋਚ ਵਿੱਚ ਵੀ ਬਦਲਾਅ ਆਉਂਦਾ ਹੈ ਅਤੇ ਇਸ ਅਵਸਥਾ ਨੂੰ ਬਿਨ੍ਹਾਂ ਕਿਸੇ ਤਣਾਅ ਦੇ ਇੱਕ ਉਮਰ ਦੇ ਬਦਲਾਅ ਵਜੋਂ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਇਸ ਅਵਸਥਾ ਦੌਰਾਨ ਕਿਸੇ ਪ੍ਰਕਾਰ ਦੇ ਤਣਾਅ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਅਤੇ ਇਸ ਸਬੰਧੀ ਸਹੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ।ਸਕੂਲ ਪ੍ਰਿੰਸੀਪਲ ਬਿਬਿਨ ਅਲੈਗਜ਼ੈਂਡਰ ਅਤੇ ਮੈਡਮ ਗੁਰਦੀਪ ਕੌਰ ਨੇ ਆਈ ਟੀਮ ਦਾ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ ਹੁਸ਼ਿਆਰਪੁਰ 'ਚ ਕਣਕ ਦੀ ਖ਼ਰੀਦ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦਾਣਾ ਮੰਡੀ ਹੁਸ਼ਿਆਰਪੁਰ ਵਿਖੇ ਕਣਕ ਦੀ ਖ਼ਰੀਦ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਸੁਚਾਰੂ ਢੰਗ ਨਾਲ ਸ਼ੁਰੂ ਹੋ ਚੁੱਕੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿਚ 693 ਮੀਟ੍ਰਿਕ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 130 ਮੀਟ੍ਰਿਕ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚ ਕਿਸਾਨਾਂ ਵੱਲੋਂ ਖ਼ਰੀਦ ਏਜੰਸੀਆਂ ਨੂੰ ਵੇਚੀ ਗਈ ਫ਼ਸਲ ਦੀ ਤੁਰੰਤ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 66 ਮੰਡੀਆਂ ਹਨ। ਇਸ ਤੋਂ ਇਲਾਵਾ 8 ਟੈਂਪਰੇਰੀ ਯਾਰਡ ਮੰਡੀਆਂ ਵੀ ਬਣਾਈਆਂ ਗਈ ਹਨ। ਇਸ ਤਰ੍ਹਾਂ ਜ਼ਿਲ੍ਹੇ ਵਿਚ 74 ਮੰਡੀਆਂ ਵਿਚ ਕਣਕ ਦੀ ਖ਼ਰੀਦ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਨਾਲ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਮਧੂ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਾਲ ਮੰਡੀਆਂ ਵਿਚ 3,25,461 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦੀ ਆਸ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ ਦੀ ਫ਼ਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਣਕ ਦੀ ਖ਼ਰੀਦ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿਚ ਫ਼ਸਲ ਵੇਚਣ ਦੌਰਾਨ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿਚ ਸਟਾਫ ਦੀ ਪੋਸਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਰੀਆਂ ਮੰਡੀਆਂ ਵਿਚ ਪਾਣੀ, ਲਾਈਟਾਂ, ਪੱਖੇ, ਛਾਂ, ਜਨਰੇਟਰ ਸੈਟ ਅਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਕਣਕ ਦਾ ਐਮ।ਐਸ।ਪੀ 2275 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਫ਼ਸਲ ਪੂਰੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿਚ ਲਿਆਉਣ ਦੀ ਅਪੀਲ ਕੀਤੀ, ਤਾਂ ਜੋ ਉਨ੍ਹਾਂ ਨੂੰ ਫ਼ਸਲ ਦੇ ਮੰਡੀਕਰਨ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਅਧਿਕਾਰੀਆਂ ਅਤੇ ਖ਼ਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਪੇਸ਼ ਨਾ ਆਵੇ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਰੂਰਤਮੰਦ ਲੜਕੀ ਦੇ ਵਿਆਹ ਲਈ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਨੇ ਆਰਥਿਕ ਸਹਾਇਤਾ ਦਿੱਤੀ



ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਅਜਮਾਨ ਯੁਏਈ ਵੱਲੋਂ ਸਮੇਂ-ਸਮੇਂ ਤੇ ਜ਼ਰੂਰਤਮੰਦ ਪਰਿਵਾਰਾਂ, ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਸੋਸਾਇਟੀ ਵਲੋਂ ਅੰਜੁਲੀ ਸਪੁੱਤਰੀ ਗੁਰਸ਼ਰਨ ਸਿੰਘ ਵਾਸੀ ਪਿੰਡ ਕੁਲਾਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਵਾਂ ਸ਼ਹਿਰ ਨੂੰ ਵਿਆਹ ਲਈ ਆਰਥਿਕ ਸਹਾਇਤਾ ਭੇਜੀ ਹੈ। ਸੋਸਾਇਟੀ ਵਲੋਂ ਕਮੇਟੀ ਆਗੂ ਅਤੇ ਪ੍ਰਚਾਰਕ ਕਮਲਰਾਜ ਸਿੰਘ ਗੱਡੂ ਨੇ ਪਰਿਵਾਰਕ ਮੈਂਬਰਾਂ ਨੂੰ ਆਰਥਿਕ ਸਹਾਇਤਾ ਦਿਤੀ ਹੈ। ਇਸ ਮੌਕੇ ਸਾਬਕਾ ਸਰਪੰਚ ਸੋਹਣ ਲਾਲ, ਅੰਜੁਲੀ, ਜਸਵਿੰਦਰ ਕੌਰ ਸਰਵਜੀਤ ਕੌਰ ਅਤੇ ਸਾਬਕਾ ਸਰਪੰਚ ਸੁਵਿੰਦਰ ਕੌਰ ਗੱਡੂ ਆਦਿ ਹਾਜਰ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆ ਸੋਸਾਇਟੀ ਦੇ ਪ੍ਰਧਾਨ ਰੂਪ ਸਿੱਧੂ ਨੇ ਦੱਸਿਆ ਕਿ ਸੋਸਾਇਟੀ ਵਲੋਂ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਅਸੀਂ ਵਿਕਸਿਤ ਅਤੇ ਬਰਾਬਰਤਾ ਵਾਲਾ ਸਮਾਜ ਬਣਾ ਸਕੀਏ। **- ਕੁਲਦੀਪ ਚੰਦ 9417563054**

## 'ਸੇਫ ਸਕੂਲ ਵਾਹਨ ਪਾਲਿਸੀ'

# ਨਿਰਧਾਰਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ 7 ਸਕੂਲ ਬੱਸਾਂ ਦਾ ਹੋਇਆ ਚਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲ੍ਹੇ ਵਿਚ ਅੱਜ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਸੰਭਾਲ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਦਿੱਲੀ ਇੰਟਰਨੈਸ਼ਨਲ ਸਕੂਲ, ਜੀ.ਐਮ.ਏ ਸਿਟੀ ਪਬਲਿਕ ਸਕੂਲ, ਅਕੈਡਮਿਕ ਹਾਈਟਸ ਪਬਲਿਕ ਸਕੂਲ ਅਤੇ ਸੇਂਟ ਜੋਸਫ ਕਾਨਵੈਂਟ ਸਕੂਲ ਰਾਜ ਕਲੋਨੀ ਕੈਂਪ ਵਿਚ 60 ਬੱਸਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜਿਨ੍ਹਾਂ ਸਕੂਲ ਬੱਸਾਂ ਦੀ ਮਿਆਦ ਪੁੱਗ ਚੁੱਕੀ ਸੀ ਜਾਂ ਜਿਨ੍ਹਾਂ ਸਕੂਲ ਬੱਸਾਂ ਵਿਚ ਫਸਟ ਏਡ ਕਿੱਟਾਂ, ਅੱਗ ਬੁਝਾਉਣ ਵਾਲਾ ਯੰਤਰ, ਸੀ.ਸੀ.ਟੀ.ਵੀ ਕੈਮਰਾ, ਬੱਸ ਵਿਚ ਬੈਠਣ ਦੀ ਵੱਧ ਸਮਰੱਥਾ ਵਰਗੀਆਂ ਕਮੀਆਂ ਪਾਈਆਂ ਗਈਆਂ, ਉਨ੍ਹਾਂ 7 ਸਕੂਲ ਬੱਸਾਂ ਦਾ ਚਲਾਨ ਕੱਟਿਆ ਗਿਆ।



ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ, ਸਮਾਜ ਸੇਵਕ ਰਣਜੀਤ ਕੌਰ, ਟ੍ਰੈਫਿਕ ਇੰਚਾਰਜ ਦੀਪਕ ਕੁਮਾਰ ਅਤੇ ਸਮੂਹ ਟੀਮ ਵੱਲੋਂ ਵੱਖ-ਵੱਖ ਸਕੂਲਾਂ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੇ ਬਾਰੇ ਵਿਚ ਜਾਗਰੂਕਤਾ ਕੀਤੀ ਗਈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀਆਂ ਵੱਲੋਂ ਬੱਸਾਂ ਵਿਚ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਾ ਅਤਿ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਦੇ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਮੌਕੇ ਟਾਸਕ ਫੋਰਸ ਵੱਲੋਂ ਦੱਸਿਆ ਗਿਆ ਕਿ ਇਸ ਮੁਹਿੰਮ ਨੂੰ ਪੂਰੇ ਜ਼ਿਲ੍ਹੇ ਵਿਚ ਲਗਾਤਾਰ ਚਲਾਇਆ ਜਾਵੇਗਾ। ਟਾਸਕ ਫੋਰਸ ਵੱਲੋਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ, ਉਨ੍ਹਾਂ ਦੇ ਬੱਸ 'ਤੇ ਚੜ੍ਹਨ ਅਤੇ ਉਤਰਦੇ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨਾਂ ਸਕੂਲੀ ਬੱਸਾਂ ਵਿਚ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ।

# ਕਿੱਤਣਾ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮਦਿਨ ਦਿਨ ਮਨਾਇਆ ਗਿਆ

**ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)–** ਬਲਾਕ ਗੜ੍ਹਸੰਕਰ ਦੇ ਅਧੀਨ ਪੈਂਦੇ ਪਿੰਡ ਕਿੱਤਣਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ 133 ਵੇ ਜਨਮ ਦਿਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਜਿਥੇ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਪ੍ਰਤਿ ਇੱਕ ਨਾਟਕ ਵੀ ਬੱਚਿਆਂ ਵਲੋਂ ਪੇਸ਼ ਕੀਤੇ ਗਏ। ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਤੇ ਬੱਚਿਆਂ ਵਲੋਂ ਪੇਸ਼ ਕੀਤੇ ਗਏ ਨਾਟਕ ਖਿੱਚ ਦਾ ਕੇਂਦਰ ਬਣਿਆ ਤੇ ਆਪਣੇ ਹੋਏ ਬੁਲਾਰਿਆਂ ਤੇ ਉਥੇ ਬੈਠੇ ਲੋਕਾਂ ਨੇ ਨਾਟਕ ਦੀ ਸ਼ਲਾਘਾ ਕੀਤੀ ਤੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੇ ਪੂਰਨਿਆਂ ਤੇ ਚੱਲਣ ਦਾ ਪ੍ਰਣ ਕੀਤਾ। ਇਸ ਕੀਤੇ ਗਏ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਜਿਨ੍ਹਾਂ ਵਿੱਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਕਿੱਤਣਾ ਪ੍ਰਧਾਨ ਸੁਰਿੰਦਰ ਕੁਮਾਰ,ਰਾਮ ਨਾਥ, ਰਾਮ ਸਰੂਪ, ਰੋਸ਼ਨ ਲਾਲ, ਸਾਬਕਾ ਪੰਚ ਸਤਨਾਮ ਸਿੰਘ, ਸਰਦਾਰ ਸੁਰਿੰਦਰ ਸਿੰਘ ਖਾਲਸਾ, ਜਗਤਾਰ ਸਿੰਘ, ਲਛਮਣ ਸਿੰਘ, ਮੇਜ਼ਰ ਰਾਮ, ਕਸ਼ਮੀਰ ਲਾਲ, ਠੇਕੇਦਾਰ ਨਰਿੰਦਰ ਕੁਮਾਰ,ਪੰਚ ਸੱਤਪਾਲ, ਨਵੀਂ ਸਟੂਡੀਓ, ਬਲਜਿੰਦਰ ਕੁਮਾਰ, ਪ੍ਰਿੰਸੀਪਲ ਸੋਹਣ ਸਿੰਘ ਸੂਨੀ, ਮਾਸਟਰ ਮਲਕੀਤ ਸਿੰਘ ਸੂਨੀ, ਮਾਸਟਰ ਨਰੇਸ਼ ਭੱਮਿਆ, ਪ੍ਰਿਸੀਪਲ ਸਤਨਾਮ ਸਿੰਘ ਖ਼ਾਨਪੁਰ, ਕੁੰਵਰਜਗਵੀਰ ਸਿੰਘ ਸਹੂੰਗੜਾ, ਸੰਜੀਵ ਬੋਧੀ ਐਮਾਂ ਜੱਟਾਂ, ਕੋਰੀਓਗਰਾਫਰੀ ਰਣਜੀਤ ਕੁਮਾਰ ਪੋਸੀ, ਸਟੇਜ ਸੰਚਾਲਕ ਸੋਨੂੰ ਲੱਧੜ, ਸੁਰਿੰਦਰ ਕੁਮਾਰ ਐਮਾਂ ਮੁਗਲਾਂ ਆਦਿ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਇਲਾਕਾ ਨਿਵਾਸੀ ਹਾਜ਼ਰ ਹੋਏ।




# ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਵੱਲੋਂ ਨਵਾਂਸ਼ਹਿਰ ਵਿਖੇ ਵਿਸ਼ਾਲ ਰੈਲੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵੱਲੋਂ 58 ਸਾਲ ਤੋਂ ਵੱਡੀ ਉਮਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਅਚਾਨਕ ਵਿਭਾਗ ਤੋਂ ਫ਼ਾਰਗ ਕਰਨ ਦੇ ਵਿਰੋਧ ਵਿੱਚ ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਸਿਵਲ ਸਰਜਨ ਦਫਤਰ ਵਿਖੇ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਕੀਤੀ ਗਈ ਅਤੇ ਸਿਵਲ ਸਰਜਨ ਡਾ ਜਸਪ੍ਰੀਤ ਕੌਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਰੈਲੀ ਵਿੱਚ ਬੋਲਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸ਼ੰਕੁਤਲਾ ਦੇਵੀ, ਬਲਵਿੰਦਰ ਕੌਰ ਬਾਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਕੀਤੀ ਗਈ 17 ਸਾਲ ਦੀ ਲੰਬੀ ਸੇਵਾ ਨੂੰ ਅਣਗੌਲਿਆਂ ਕਰਕੇ ਉਹਨਾ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਤਹਿ ਕਰਕੇ 31 ਮਾਰਚ ਤੋਂ ਬਾਅਦ ਖਾਲੀ ਹੱਥ ਘਰੀਂ ਤੋਰਨ ਦਾ ਫੁਰਮਾਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਨਾਲ ਪੰਜਾਬ ਅੰਦਰ ਹਜ਼ਾਰਾਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਜ਼ਬਰਦਸਤ ਧੱਕਾ ਵੱਜਾ ਹੈ।ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਵੜੈਚ , ਡੀਟੀਐਫ ਦੇ ਸੂਬਾ ਸਕੱਤਰ ਮੁਕੇਸ਼ ਕੁਮਾਰ ਗੁਜਰਾਤੀ, ਇਸਤਰੀ ਜਾਗ੍ਰਤੀ ਮੰਚ ਦੇ ਸੂਬਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਬਲਵੀਰ ਕੁਮਾਰ ਸਾਬਕਾ ਜਿਲਾ ਪ੍ਰਧਾਨ ਡੀ।ਟੀ। ਐਫ, ਸ਼ੰਕਰ ਦਾਸ ਬੰਗਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਆਸ਼ਾ ਵਰਕਰਾਂ ਦੇ ਮਿਹਨਤਾਨੇ ਵਿੱਚ ਦੁੱਗਣਾ ਵਾਧਾ ਕੀਤਾ ਜਾਵੇਗਾ ਅਤੇ ਘੱਟੋ ਘੱਟ ਉਜ਼ਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ ਪ੍ਰੰਤੂ ਦੁੱਗਣਾ ਵਾਧਾ ਕਰਨ ਦੀ ਬਜਾਏ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਖਾਲੀ ਹੱਥੀਂ ਘਰ ਤੋਰਨ ਦਾ ਫੁਰਮਾਨ ਜਾਰੀ ਕਰਕੇ ਉਹਨਾ ਨਾਲ ਦੁੱਗਣਾ ਧਰੋਹ ਕਮਾਇਆ ਹੈ। ਪੰਜਾਬ ਸਰਕਾਰ ਦੀ ਇਸ ਹੋਛੀ ਕਾਰਵਾਈ ਨਾਲ ਪੰਜਾਬ ਸਰਕਾਰ ਦਾ ਵਰਕਰ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ।

ਜਥੇਬੰਦੀ ਦੀਆਂ ਆਗੂ ਬਲਵਿੰਦਰ ਕੌਰ ਜਨਰਲ ਸੈਕਟਰੀ, ਗੀਤਾ ਮੁਜ਼ੱਫਰਪੁਰ, ਅਨੀਤਾ ਥੋਪੀਆ, ਕਾਂਤਾ ਰਾਣੀ ਚੱਕ ਮੰਡੇਰ, ਸਤਵਿੰਦਰ ਕੌਰ, ਰਣਜੀਤ ਕੌਰ, ਗੁਰਦੀਪ ਕੌਰ, ਨਰਿੰਦਰ ਮੁਕੰਦਪੁਰ, ਸਵੀਟੀ, ਰਾਜਵਿੰਦਰ ਕੌਰ ਕੱਟ, ਨੀਤਾ,ਹਰਬੰਸ ਕੌਰ, ਗਗਨ ਕੁਮਾਰੀ, ਰਣਜੀਤ ਕੌਰ, ਹਰਬੰਸ ਕੌਰ ਮੁਜੱਫਰਪੁਰ, ਮਨਜੀਤ ਕੌਰ, ਜਸਵੀਰ ਕੌਰ ਰਜਨੀ ਗਰਚਾ, ਸੀਮਾ ਆਦਿ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਸ ਮਾਰੂ ਪੱਤਰ ਨੂੰ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ। ਉਹਨਾਂ ਨੇ ਮੰਗ ਕੀਤੀ ਕਿ ਵਰਕਰਾਂ ਦੀ ਸੇਵਾਮੁਕਤੀ ਉਮਰ 65 ਸਾਲ ਕੀਤੀ ਜਾਵੇ।

ਸੇਵਾ ਮੁਕਤੀ ਮੌਕੇ ਹਰ ਵਰਕਰ ਨੂੰ ਪੰਜ ਲੱਖ ਰੁਪਏ ਗਰੈਚੁਟੀ ਦਿੱਤੀ ਜਾਵੇ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ। ਇਸ ਮੌਕੇ ਤੇ ਹਰਮੇਸ਼ ਰਾਣੀ ਕੁਲਥਮ, ਜਸਵਿੰਦਰ ਕੌਰ ਰਟੈਂਡਾ, ਰਾਜ ਰਾਣੀ ਬਹੂਆ, ਸਤਪਾਲ ਕਲੇਰ ਗੜਸ਼ੰਕਰ ਨੇ ਵੀ ਸੰਬੋਧਨ ਕੀਤਾ।



# ਬੀ.ਡੀ.ਪੀ.ਓ ਬਲਾਕ 1 (ਹੁਸ਼ਿਆਰਪੁਰ) ਮਨਰੇਗਾ ਵਰਕਰਾਂ ਦੇ ਅਧਿਕਾਰਾਂ ਦੀ ਕਰ ਰਹੇ ਅਣਦੇਖੀ

**ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)–** ਕੰਮ ਉਤੇ ਪਸੀਨਾ ਬਹਾਉਣ ਤੋਂ ਬਾਅਦ ਵੀ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਲਈ 4/4 ਮਹੀਨੇ ਇੰਤਜਾਰ ਕਰਨ ਤੋਂ ਬਾਅਦ ਵੀ ਨਿਯਮਾਂ ਤਹਿਤ ਉਜਰਤ ਦਾ ਨਾ ਮਿਲਣਾ ਅਤਿ ਮਾੜਾ ਹੈ। ਮਨਰੇਗਾ ਲੇਬਰ ਮੂਵਮੈਂਟ ਵਲੋਂ ਪਿੰਡ ਬੱਸੀ ਗੁਲਾਮ ਹੁਸੈਨ ਵਿਚ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਨਾ ਮਿਲਣ ਨੂੰ ਲੈ ਕੇ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮੇਟ ਨਿਰਮਲ ਕੌਰ ਨੂੰ ਨਾਲ ਲੈ ਕੇ ਉਨ੍ਹਾਂ ਦੀਆਂ ਮੁਸ਼ਿਕਲਾਂ ਸੁਣੀਆਂ ਅਤੇ ਵਰਕਰਾਂ ਨੇ ਦਸਿਆ ਕਿ ਉਹ ਇਸ ਮਹਿੰਗਾਈ ਦੇ ਯੁੱਗ ਵਿਚ ਦਿਹਾੜੀ ਨਾ ਮਿਲਣ ਕਰਕੇ ਬਹੁਤ ਮੁਸ਼ਿਕਲ ਵਿਚ ਹਨ।

ਧੀਮਾਨ ਨੇ ਵਰਕਰਾ ਨੂੰ ਨਾਲ ਲੈ ਕੇ ਪੰਜਾਬ ਸਰਕਾਰ ਦੇ ਬਲਾਕ 1



ਹੁਸ਼ਿਆਰਪੁਰ ਦੇ ਬੀਡੀਪੀਓ ਅਤੇ ਸਰਕਾਰ ਵਿਰੁਧ ਮੁਜਾਹਰਾ ਕਰਦਿਆਂ ਸਖਤ ਨਿੰਦਾ ਕੀਤੀ ਤੇ ਕਿਹਾ ਕਿ ਇਹ ਸਭ ਕੁਝ ਸਰਕਾਰ ਦੀਆ ਅਣਗਹਿਲੀਆ ਕਾਰਨ ਹੋ ਰਿਹਾ ਹੈ। ਮਨੇਗਾ ਵਰਕਰਾਂ ਨੇ ਦਸਿਆ ਕਿ ਸੁਰਜੀਤ ਕੌਰ ਜੌਬ ਕਾਰਡ ਨੰ: 36 ਨੂੰ ਫਰਵਰੀ 2024 ਵਿਚ 13 ਦਿਨਾ ਦੇ ਪੈਸੇ ਨਹੀਂ ਮਿਲੇ।

ਇਸੇ ਤਰ੍ਹਾਂ ਤਰਸੇਮ ਕੌਰ (ਜੌਬ ਕਾਰਡ ਨੰਬਰ 88) ਦਸੰਬਰ 23 ਵਿਚ 10 ਦਿਨਾਂ ਅਤੇ ਫਰਵਰੀ 24 ਵਿਚ 13 ਦਿਨਾਂ ਦੇ ਕੰਮ ਦੀ ਉਜਰਤ ਨਹੀਂ ਮਿਲੀ। ਨੀਲਮ (37) ਫਰਵਰੀ 24 ਵਿਚ 13 ਦਿਨ ਦੇ ਕੰਮ ਦੇ, ਬਲਵੀਰ ਕੌਰ ਦਸੰਬਰ 23 ਦੇ 13 ਦਿਨਾਂ ਦੇ, ਕਮਲਜੀਤ ਕੌਰ ਜੌਬ ਕਾਰਡ ਨੰਬਰ 11 ਨੂੰ 13 ਦਿਨਾਂ ਅਤੇ 7 ਦਿਨਾਂ ਦੇ ਕੰਡੀ ਕਨਾਲ ਉਤੇ ਕੀਤੇ ਕੰਮ ਦੇ, ਭੋਲੀ ਜੌਬ ਕਾਰਡ ਨੰਬਰ 07 ਨੂੰ 13 ਦਿਨਾਂ ਦੇ ਫਰਵਰੀ 24 ਵਿਚ ਅਤੇ 13 ਦਿਨਾ ਦੇ ਜਨਵਰੀ 2024 ਵਿਚ ਕੀਤੇ ਕੰਮ ਦੀ ਉਜਰਤ ਨਹੀਂ ਮਿਲੀ। ਸੁਨੀਤਾ ਜੌਬ ਕਾਰਡ ਨੰ:14 ਨੂੰ 13 ਦਿਨਾ ਦੇ ਫਰਵਰੀ 2024 ਦੇ, ਮੀਨਾ ਜੌਬ ਕਾਰਡ ਨੰ:75 ਨੂੰ 13 ਦਿਨਾ ਦੇ ਫਰਵਰੀ 24 ਦੇ 13 ਦਿਨਾਂ ਦੇ ਮਾਰਚ 2024 ਦੇ , ਮਨਜੋਤ ਕੌਰ ਜੌਬ ਕਾਰਡ ਨੰ: 77 ਨੂੰ 11 ਦਿਨਾ ਦੇ ਦਸੰਬਰ 2023 ਦੇ ਅਤੇ 9 ਦਿਨਾਂ ਦੇ ਜਨਵਰੀ 2024 ਦੇ, ਬਿਮਲਾ ਰਾਣੀ ਜੌਬ ਕਾਰਡ ਨੰ: 83 ਨੂੰ ਦਸੰਬਰ 2023 ਦੇ 07 ਦਿਨਾ ਦੇ ਅਤੇ ਜਨਵਰੀ 2024 ਦੇ 13 ਦਿਨਾਂ ਦੇ, ਕਾਂਤਾ ਦੇਵੀ ਜੌਬ ਕਾਰਡ ਨੰ: 84 ਲੂੰ ਜਨਵਰੀ 24 ਦੇ 13 ਦਿਨਾਂ ਦੇ ਤੇ ਦਸੰਬਰ 23 ਦੇ 07 ਦਿਨਾਂ ਦੇ ਅਤੇ ਇਸੇ ਤਰ੍ਹਾਂ ਮੇਟ ਨੂੰ ਵੀ ਜਨਵਰੀ 2024 ਦੇ 13 ਦਿਨਾਂ ਦੇ ਅਤੇ ਫਰਵਰੀ 2024 ਦੇ 13 ਦਿਨਾਂ ਦੇ ਕੀਤੇ ਕੰਮ ਦੀ ਉਜਰਤ ਨਹੀਂ ਮਿਲੀ। ਧੀਮਾਨ ਨੇ ਦਸਿਆ ਕਿ ਇਹ ਸਭ ਕੁਝ ਸਰਕਾਰੀ ਅਤੇ ਸਬੰਧਤ ਅਧਿਕਾਰੀਆਂ ਦੀਆਂ ਗਲਤੀਆਂ ਕਾਰਨ ਹੁੰਦਾ ਹੈ। ਜਦੋਂ ਕਿ ਮਗਨਰੇਗਾ ਦਾ ਸਪੈਸ਼ਲ ਬਜ਼ਟ ਤਹਿ ਹੁੰਦਾ ਹੈ। ਨਿਯਮਾਂ ਅਨੁਸਾਰ ਅਗਰ ਕਿਸੇ ਵੀ ਮਨਰੇਗਾ ਵਰਕਰ ਨੂੰ 15 ਦਿਨਾ ਤੋਂ ਬਾਅਦ ਕੀਤੇ ਕੰਮ ਦੀ ਉਜਰਤ ਮਿਲਦੀ ਹੈ ਤਾਂ ਉਹ ਮਨਰੇਗਾ ਵਰਕਰ ਦੇਰੀ ਭੁਗਤਾਨ ਐਕਟ 1936 ਦੇ ਤਹਿਤ 1500 ਰੁ: ਤੋਂ ਲੈ ਕੇ 3000 ਰੁ: ਦੇ ਲੇਟ ਉਜਰਤ ਭੱਤੇ ਦਾ ਹੱਕਦਾਰ ਹੈ। ਪਰ ਹੋ ਕੀ ਰਿਹਾ ਹੈ ? ਮਨਰੇਗਾ ਵਰਕਰਾਂ ਨੂੰ ਮਿਲਣ ਵਾਲਾ ਭੱਤਾ ਜਾਣਬੁੱਝ ਕੇ ਹੇਠਲੇ ਪਧੱਰ ਉਤੇ ਨਹੀਂ ਦਿਤਾ ਜਾਂਦਾ। ਜਦੋਂ ਕਿ ਇਹ ਸੰਵਿਧਾਨਕ ਹੱਕ ਹੈ। ਜਿਲ੍ਹਾ ਪੱਧਰ ਉਤੇ ਮਗਨਰੇਗਾ ਬਜਟ ਦੇ ਹਿੱਸੇ ਉਤੇ ਬੈਠੇ ਕੁਝ ਭ੍ਰਿਸ਼ਟਾਚਾਰੀਆਂ ਸਮੇਤ ਬੀਡੀਪੀਓ ਮੋਜਾਂ ਕਰ ਰਹੇ ਹਨ। ਹੁੰਦਾ ਇਹ ਹੈ ਕਿ ਵਰਕਰਾਂ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਕੰਮ ਨਾ ਦੇਣ ਦੀਆਂ ਕਹਾਵਤਾ ਪਾ ਕੇ ਦਬਾ ਦਿਤਾ ਜਾਂਦਾ ਹੈ। ਮਨਰੇਗਾ ਵਰਕਰ ਅਸਲ ਵਿਚ ਪਹਿਲਾਂ ਹੀ ਅਨਪੜ੍ਹਤਾ ਦਾ ਸ਼ਿਕਾਰ ਹੁੰਦਾ ਹੈ ਤੇ ਉਸ ਦਾ ਨਜਾਇਜ ਫਾਇਦਾ ਲਿਆ ਜਾਂਦਾ ਹੈ।

ਧੀਮਾਨ ਨੇ ਦਸਿਆ ਕਿ ਉਨ੍ਹਾਂ ਨੇ ਮਗਨਰੇਗਾ ਅੰਦਰ ਕਈ ਘਪਲੇ ਉਜਾਗਰ ਕੀਤੇ ਪਰ ਸਬੰਧਤ ਬੀਡੀਪੀਓ ਅਤੇ ਹੋਰ ਉਚ ਅਧਿਕਾਰੀ ਵਿਭਾਗੀ ਗਲਤੀਆਂ ਕਹਿ ਕਿ ਉਨ੍ਹਾਂ ਉਤੇ ਮਿੱਟੀ ਪਾ ਦਿੰਦੇ ਹਨ। ਮਗਨਰੇਗਾ ਵਿਚ ਘਪਲੇ ਸਭ ਮਿਲੀ ਭੁਗਤ ਨਾਲ ਚੱਲਦੇ ਹਨ।ਧੀਮਾਨ ਨੇ ਇਸ ਸਬੰਧ ਵਿਚ ਲੋਕਪਾਲ ਮਗਨਰੇਗਾ ਹੁਸ਼ਿਆਰਪੁਰ ਜੀ ਨੂੰ ਸ਼ਕਾਇਤ ਕੀਤੀ ਤੇ ਮੰਗ ਕੀਤੀ ਕਿ ਨਿਯਮਾਂ ਅਨੁਸਾਰੇ ਲੇਟ ਉਜਰਤ ਭੁਗਤਾਨ ਐਕਟ ਅਨੁਸਾਰ ਸਾਰੇ ਮਗਨਰੇਗਾ ਵਰਕਰਾਂ ਨੂੰ 3000 ਰੁ: ਮੁਆਵਜੇ ਸਮੇਤ ਉਜਰਤ ਦਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਬਲਾਕ 1 ਦੇ ਬੀਡੀਪੀਓ ਦੀ ਤੁਰੰਤ ਬਦਲੀ ਕੀਤੀ ਜਾਵੇ ਤਾਂ ਕਿ ਹੁਸ਼ਿਆਰਪੁਰ ਦਾ ਪੰਚਾਇਤੀ ਵਿਭਾਗ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਸਕੇ।

# ਡਾ. ਅੰਬੇਡਕਰ ਦੇ ਕ੍ਰਾਂਤੀਕਾਰੀ ਬੋਲਾਂ ਦੀ ਗੂੰਜ ਇੱਕ ਦਿਨ ਪੂਰੇ ਡੰਕੇ ਨਾਲ ਪਵੇਗੀ - ਬਲਦੇਵ ਭਾਰਤੀ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ ਐੱਲ ਓ) ਵਲੋਂ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਡਾ. ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ ਦੇ ਮੌਕੇ ਤੇ ਵੱਖ ਥਾਵਾਂ ਸਾਦਾ ਸਮਾਗਮ ਕਰਵਾਏ ਗਏ ਅਤੇ ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਤੇ ਜੱਥੇਬੰਦੀ ਦੇ ਕਨਵੀਨਰ ਬਲਦੇਵ ਭਾਰਤੀ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਡਾ ਅੰਬੇਡਕਰ 9 ਭਾਸ਼ਾਵਾਂ ਦੇ ਮਾਹਰ ਸਨ ਅਤੇ ਉਹਨਾਂ ਨੇ 32 ਡਿਗਰੀਆਂ ਦੀ ਉਪਾਧੀ ਹਾਸਲ ਕੀਤੀ। ਦੁਨੀਆ ਭਰ ਵਿੱਚ ਉਹਨਾਂ ਦੀ ਪਹਿਚਾਣ ਮਹਾਨ ਸਮਾਜ ਸੁਧਾਰਕ, ਕ੍ਰਾਂਤੀਕਾਰੀ ਬੁੱਧੀਜੀਵੀ, ਕਾਨੂੰਨਦਾਨ, ਅਰਥਸ਼ਾਸਤਰੀ ਅਤੇ ਇਨਕਲਾਬੀ ਬੁਲਾਰੇ ਵਜੋਂ ਕੀਤੀ ਜਾਂਦੀ ਸੀ। ਉਹਨਾਂ ਨੂੰ ਜਿੰਨਾ ਸਮਝਿਆ ਗਿਆ ਉਹ ਉਹਨਾਂ ਦੀ ਸੰਪੂਰਨ ਸ਼ਖਸੀਅਤ ਦਾ 10ਵਾਂ ਹਿੱਸਾ ਵੀ ਨਹੀਂ ਹੈ। ਜਿੰਨੀ ਛੂਆਛਾਤ, ਗਰੀਬੀ, ਪਰਿਵਾਰਕ ਦੁੱਖ, ਵਿਰੋਧ ਅਤੇ ਬੇਅਰਾਮੀ ਉਹਨਾਂ ਨੇ ਆਪਣੇ ਜੀਵਨ ਸੰਘਰਸ਼ ਦੌਰਾਨ ਹੰਢਾਈ ਉਸ ਦੀ ਮਿਸਾਲ ਮਿਲਣੀ ਬੜੀ ਔਖੀ ਹੈ। ਡਾ. ਅੰਬੇਡਕਰ ਵਲੋਂ ਮਜ਼ਦੂਰ ਵਰਗ ਕੀਤੇ ਮਹਾਨ ਕਾਰਜਾਂ ਦਾ ਪ੍ਰਚਾਰ ਸਹੀ ਤਰੀਕੇ ਨਾਲ ਨਾਲ ਕੀਤਾ ਜਾਂਦਾ ਤਾਂ ਦੇਸ਼ ਵਿੱਚ ਇੱਕ ਵੱਡੀ ਮਜ਼ਦੂਰ ਲਹਿਰ ਨੂੰ ਉਸਾਰਿਆ ਸਕਦਾ ਸੀ । ਉਹਨਾਂ ਨੂੰ ਸਿਰਫ ਅਛੂਤਾਂ ਦੇ ਮਸੀਹਾ ਵਜੋਂ ਪ੍ਰਚਾਰ ਕਰਕੇ ਜਾਤਾਂ ਦੀਆਂ ਵਗਲਣਾਂ ਅੰਦਰ ਕੈਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਡਾ. ਅੰਬੇਡਕਰ ਦੇਸ਼ ਦੇ ਉਹ ਮਹਾਨ ਜਰਨੈਲ ਸਨ ਜਿਹਨਾਂ ਦੇ ਕ੍ਰਾਂਤੀਕਾਰੀ ਬੋਲਾਂ ਦੀ ਗੂੰਜ ਇੱਕ ਦਿਨ ਪੂਰੇ ਡੰਕੇ ਨਾਲ ਪਵੇਗੀ। ਸਾਡੀ ਬਦਕਿਸਮਤੀ ਹੈ ਕਿ ਅਸੀਂ ਉਹਨਾਂ ਦੇ ਵੱਡਮੁੱਲੇ ਗਿਆਨ, ਦ੍ਰਿੜ ਇਰਾਦੇ, ਬੁਲੰਦ ਹੌਂਸਲੇ, ਹਰ ਚੁਣੌਤੀ ਦਾ ਸਾਹਮਣਾ ਕਰਨ ਦੀ ਤਾਕਤ ਤੇ ਸਮਾਜ ਪ੍ਰਤੀ ਜੋਸ਼ ਅਤੇ ਜਜ਼ਬਾਤਾਂ ਦਾ ਪੂਰਾ ਲਾਹਾ ਨਹੀਂ ਲੈ ਸਕੇ।

# ਡਾ. ਬੀ. ਆਰ. ਅੰਬੇਡਕਰ ਜਯੰਤੀ ਨੂੰ ਸਮਰਪਿਤ ਖ਼ੂਨਦਾਨ ਕੈਂਪ ਵਿੱਚ 51 ਯੂਨਿਟ ਇਕੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਜਿਲ੍ਹਾ ਰੈੱਡਕਰਾਸ ਸੁਸਾਇਟੀ ਦੀ ਅਗਵਾਈ ਅਤੇ ਬਲੱਡ ਡੋਨਰ ਕੌਂਸਲ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਡਾ. ਭੀਮ ਰਾਓ ਅੰਬੇਦਕਰ ਦੀ ਜਯੰਤੀ ਨੂੰ ਸਮਰਪਿਤ ਪਹਿਲਾ ਸਵੈ ਇੱਛੁਕ ਖ਼ੂਨਦਾਨ ਕੈਂਪ ਪ੍ਰੀਮੀਅਮ ਕਲੱਬ, ਬੀਣੇਵਾਲ ਵਲੋਂ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਹਾਲ ਵਿਚ ਲਗਾਇਆ ਗਿਆ। ਖ਼ੂਨਦਾਨ ਕੈਂਪ ਵਿੱਚ 51 ਖ਼ੂਨਦਾਨੀਆਂ ਵਲੋਂ ਖ਼ੂਨ ਦਾਨ ਕੀਤਾ ਗਿਆ। ਕੈਂਪ ਦਾ ਉਦਘਾਟਨ ਸੇਵਾਮੁਕਤ ਡੀ। ਪੀ। ਪਰਮਜੀਤ ਸਿੰਘ ਵਲੋਂ ਕੀਤਾ ਗਿਆ। ਕੈਂਪ ਦੌਰਾਨ ਵਿਛੜੀ ਰੂਹ ਸਮਾਜ ਸੇਵਿਕਾ ਮੈਡਮ ਸੰਤੋਸ਼ ਸੋਨੀ ਜੀ ਨੂੰ ਵੀ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਗਈ। ਪ੍ਰੀਮੀਅਮ ਕਲੱਬ ਵਲੋਂ ਖ਼ੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਡਾ। ਅਜੇ ਬੱਗਾ, ਮੋਟੀਵੇਟਰ ਅਸ਼ਵਨੀ ਰਾਣਾ, ਮੋਟੀਵੇਟਰ ਅਜੇ ਰਾਣਾ, ਮੋਟੀਵੇਟਰ ਜਸਵਿੰਦਰ ਸਿੰਘ ਸਾਜਨ, ਮੋਟੀਵੇਟਰ ਸਰਬਜੀਤ ਸਾਬੀ, ਮੋਟੀਵੇਟਰ ਰਾਜੀਵ ਭਾਰਦਵਾਜ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ, ਹਰੀ ਓਮ, ਸੰਦੀਪ ਬੰਗਾ, ਮਿੱਠੂ ਗੜੀ, ਜੱਸੀ ਕੋਕੋਵਾਲ, ਲੈਕਚਰਾਰ ਰਾਜ ਕੁਮਾਰ, ਹੈੱਡ ਟੀਚਰ ਰਾਕੇਸ਼ ਚੱਢਾ, ਸਮਾਜ ਸੇਵੀ ਰਾਮ ਲੁਭਾਇਆ, ਗੁਰਬਖਸ਼ ਸਿੰਘ, ਜਸਵਿੰਦਰ ਸਿੰਘ ਫੌਜੀ, ਨਿਰਮਲ ਨਿੰਮਾ, ਅਮਰਜੀਤ ਸਿੰਘ, ਕੇਸਰ ਡੱਲੇਵਾਲ, ਪ੍ਰੀਮੀਅਮ ਕਲੱਬ ਤੇ ਗ੍ਰੀਨ ਵਿਲੇਜ ਵੈਲਫੇਅਰ ਸੁਸਾਇਟੀ, ਬੀਨੇਵਾਲ ਦੇ ਸਮੂਹ ਮੈਂਬਰ ਅਤੇ ਨਗਰ ਨਿਵਾਸੀ ਹਾਜ਼ਰ ਸਨ।



# ਉਪਕਾਰ ਸੋਸਾਇਟੀ ਨਵਾਂ ਸ਼ਹਿਰ ਵਲੋ 'ਉਪਕਾਰ ਯੁਵਾ ਕਲੱਬ' ਦੀ ਸਥਾਪਨਾ



**ਨਵਾਂ ਸ਼ਹਿਰ (ਤਰਲੋਚਨ ਸਿੰਘ ਦੁਪਾਲ ਪੁਰ)** ਲਗਭਗ 18 ਸਾਲ ਤੋਂ ਦੋ ਸਮਾਜਿਕ ਬੁਰਾਈਆਂ ਕੰਨਿਆਂ ਭਰੂਣ ਹੱਤਿਆ ਅਤੇ ਨਸ਼ਾ ਖੋਰੀ ਵਿਰੁੱਧ ਜਾਗਰੂਕਤਾ ਨੂੰ ਸਮਰਪਤ ਪ੍ਰਸਿੱਧ ਸੰਸਥਾ 'ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨਵਾਂ ਸ਼ਹਿਰ ਵਲੋਂ ਉਪਕਾਰ ਯੁਵਾ ਕਲੱਬ ਦੀ ਸਥਾਪਨਾ ਸ.ਸ.ਸ.ਸਕੂਲ ਲੰਗੜੋਆ (ਨਵਾਂ ਸ਼ਹਿਰ) ਵਿਖੇ ਕੀਤੀ ਗਈ! ਇੱਥੇ ਆਯੋਜਿਤ ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਨਵਗਠਿਤ ਯੁਵਾ ਕਲੱਬ ਦੇ ਅਹੁਦੇਦਾਰਾਂ ਵਜੋਂ ਸਰਦਾਰ ਤਨਬੀਰ ਸਿੰਘ ਭਾਰਟਾ ਨੂੰ ਪ੍ਰਧਾਨ, ਅਕਰਸ਼ ਬਾਲੀ ਨੂੰ ਸਕੱਤਰ ਤੇ ਹਰਸਿਮਰਨ ਕੌਰ ਤੱਖੀ ਨੂੰ ਕੈਸ਼ੀਅਰ ਦੀ ਜਿੰਮੇਂਵਾਰੀ ਸੌਂਪੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਾਲ ਸ੍ਰੀ ਸੁਰਿੰਦਰਪਾਲ ਅਗਨੀਹੋਤਰੀ, ਮਾਸਟਰ ਸੁਖਵਿੰਦਰ ਲਾਲ, ਹਰਿੰਦਰ ਸਿੰਘ ਮੈਡਮ ਗੁਨੀਤ ਅਤੇ ਰਣਜੀਤ ਕੌਰ ਆਈ.ਟੀ.ਆਈ. (ਮਹਿਲਾ) ਨਵਾਂ ਸ਼ਹਿਰ ਤੋਂ ਮੈਡਮ ਪ੍ਰਿਆ ਅਤੇ ਵਿਦਿਆਰਥਣਾ ਸਨ। ਉਪਕਾਰ ਸੰਸਥਾ ਵਲੋਂ ਜਸਪਾਲ ਸਿੰਘ ਗਿੱਦਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋ ਮਜਾਰਾ, ਡਾ:ਅਵਤਾਰ ਸਿੰਘ ਦੇਣੋ ਵਾਲ ਕਲਾਂ, ਦੇਸ ਰਾਜ ਬਾਲੀ, ਬੀਰਬਲ ਤੱਖੀ, ਨਰਿੰਦਰ ਪਾਲ ਸਾਬਕਾ ਪੋਸਟ ਮਾਸਟਰ, ਮੈਡਮ ਬਲਵਿੰਦਰ ਕੌਰ ਬਾਲੀ, ਮੈਡਮ ਜਯੋਤੀ ਬੱਗਾ ਤੇ ਪਰਮਜੀਤ ਸਿੰਘ ਹਾਜਰ ਸਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਅਗਨੀਹੋਤਰੀ ਜੀ ਨੇ ਕਿਹਾ ਕਿ ਭਾਵੇਂ ਸਮਾਜਿਕ ਬੁਰਾਈਆਂ ਦੀ ਸੂਚੀ ਬਹੁਤ ਲੰਬੀ ਹੈ ਪਰ ਬੱਚੀਆਂ ਨੂੰ ਮਾਂ ਦੀ ਕੁੱਖ ਵਿੱਚ ਹੀ ਮਾਰ ਮੁਕਾਉਣ ਤੇ ਨਸ਼ਿਆਂ ਦਾ ਕੋਹੜ ਸਾਡੇ ਸਮਾਜ ਨੂੰ ਖਤਰੇ 'ਚ ਪਾ ਰਹੇ ਹਨ।ਇਨ੍ਹਾਂ ਦੀ ਰੋਕਥਾਮ ਅਤਿ ਲੋੜੀਂਦੀ ਹੈ!

ਉਨਾਂ ਉਪਕਾਰ ਸੋਸਾਇਟੀ ਵਲੋਂ ਦੋਨਾਂ ਸਮਾਜਿਕ ਬੁਰਾਈਆਂ ਵਿਰੁੱਧ ਲੰਬੇ ਸਮੇਂ ਤੋਂ ਜਾਗਰੂਕਤਾ ਫੈਲਾਉਣ ਲਈ ਸੰਸਥਾ ਦਾ ਧੰਨਵਾਦ ਕੀਤਾ! ਜਸਪਾਲ ਸਿੰਘ ਗਿੱਦਾ ਨੇ ਸਿਹਤ ਵਿਭਾਗ ਵਲੋਂ ਜਾਰ੍ਹੀ ਕੀਤੇ ਅੰਕੜਿਆਂ ਦੀ ਬਿਨਾ 'ਤੇ ਦੱਸਿਆ ਕਿ ਇੱਕ ਹਜਾਰ ਮੁੰਡਿਆਂ ਪਿੱਛੇ 962 ਕੁੜੀਆਂ ਦੀ ਗਿਣਤੀ ਨਾਲ ਸ਼ਹੀਣ ਭਗਤ ਸਿੰਘ ਨਗਰ ਪੰਜਾਬ ਭਰ 'ਚੋਂ ਪਹਿਲਾ ਸਥਾਨ ਗ੍ਰਹਿਣ ਕਰ ਚੁੱਕਾ ਹੈ। ਨਸ਼ਿਆਂ ਦੀ ਭਿਆਨਕਤਾ ਬਾਰੇ ਅੰਕੜੇ ਪੇਸ਼ ਕਰਦਿਆਂ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਣ ਦੀ ਪ੍ਰੇਰਨਾ ਕੀਤੀ। ਉਪਕਾਰ ਸੋਸਾਇਟੀ ਵਲੋਂ ਸ੍ਰੀ ਅਗਨੀਹੋਤਰੀ ਜੀ ਦਾ ਸਨਮਾਨ ਵੀ ਕੀਤਾ ਗਿਆ। ਮਾਸਟਰ ਸੁਖਵਿੰਦਰ ਲਾਲ ਨੇ ਸਟੇਜ ਦਾ ਸਫ਼ਲ ਸੰਚਾਲਨ ਕੀਤਾ। ਸਮਾਪਤੀ 'ਤੇ ਮੈਡਮ ਗੁਨੀਤ ਨੇ ਪਤਵੰਤੇ ਪ੍ਰਬੰਧਕ ਸਾਹਿਬਾਨ ਅਤੇ ਸਮੂੰਹ ਹਾਜਰੀਨ ਦਾ ਧੰਨਵਾਦ ਕੀਤਾ!

# ਉੱਘੀ ਸਾਹਿਤਕ ਤੇ ਲੋਕਪੱਖੀ ਸ਼ਖ਼ਸੀਅਤ ਹਰਬੰਸ ਹੀਓਂ ਨੂੰ ਸੈਂਕੜੇ ਲੋਕਾਂ ਨੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਜਾਣੀ-ਪਛਾਣੀ ਇਨਕਲਾਬੀ ਜਮਹੂਰੀ ਸ਼ਖ਼ਸੀਅਤ ਅਤੇ ਇਲਾਕੇ ਵਿਚ ਅਗਾਂਹਵਧੂ ਸਾਹਿਤਿਕ ਸਰਗਰਮੀਆਂ ਦੇ ਥੰਮ ਹਰਬੰਸ ਹੀਓਂ ਦਾ ਅੱਜ ਉਨ੍ਹਾਂ ਦੇ ਪਿੰਡ ਹੀਓਂ ਵਿਖੇ ਅੰਤਮ ਸੰਸਕਾਰ ਕੀਤਾ ਗਿਆ। ਉਹ ਲੰਮਾ ਸਮਾਂ ਗੁਰਦਿਆਂ ਦੀ ਲਾਇਲਾਜ਼ ਬੀਮਾਰੀ ਨਾਲ ਬੁਲੰਦ ਹੌਸਲੇ ਨਾਲ ਜੂਝਦੇ ਹੋਏ ਇਸ ਦੁਨੀਆ ਤੋਂ ਰੁਖ਼ਸਤ ਹੋਏ। ਉਨ੍ਹਾਂ ਦੀ ਵਸੀਅਤ ਅਨੁਸਾਰ ਉਨ੍ਹਾਂ ਦੇ ਅੰਤਮ ਸੰਸਕਾਰ ਮੌਕੇ ਕੋਈ ਧਾਰਮਿਕ ਤੇ ਰੂੜ੍ਹੀਵਾਦੀ ਰਸਮ ਨਹੀਂ ਕੀਤੀ ਗਈ। ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਸੂਹੇ ਫੁੱਲ ਭੇਂਟ ਕਰਕੇ ਕਮਿਊਨਿਸਟ ਝੰਡੇ ਪਾ ਕੇ ਇਨਕਲਾਬੀ ਨਾਅਰੇ ਲਗਾ ਕੇ ਸਤਿਕਾਰ ਭੇਂਟ ਕੀਤਾ ਗਿਆ। ਪਰਿਵਾਰ, ਸਕੇ-ਸਬੰਧੀਆਂ, ਸੰਘਰਸ਼ਾਂ ਤੇ ਸਾਹਿਤਕ ਸਰਗਰਮੀਆਂ ਦੇ ਸੰਗੀ-ਸਾਥੀਆਂ, ਪੱਤਰਕਾਰਾਂ ਅਤੇ ਲੋਕ ਜਥੇਬੰਦੀਆਂ ਦੇ ਆਗੂਆਂ ਨੇ ਸੇਜਲ ਅੱਖਾਂ ਨਾਲ ਉਨ੍ਹਾਂ ਨੂੰ ਅੰਤਮ ਵਿਦਾਇਗੀ ਦਿੱਤੀ। ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਗਗਨਦੀਪ ਦੇ ਦਿਖਾਈ। ਇਸ ਮੌਕੇ ਵੱਡੀ ਗਿਣਤੀ 'ਚ ਰਿਸ਼ਤੇਦਾਰਾਂ, ਸਕੇ-ਸਬੰਧੀਆਂ ਤੋਂ ਇਲਾਵਾ ਪਲਸ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਉੱਘੇ ਕਮਿਊਨਿਸਟ ਆਗੂ ਸਰਦਾਰਾ ਸਿੰਘ ਮਾਹਲ, ਜਮਹੂਰੀ ਅਧਿਕਾਰ ਸਭਾ ਦੇ ਸੂਬ-ਾਈ ਆਗੂ ਬੂਟਾ ਸਿੰਘ ਮਹਿਮੂਦਪੁਰ, ਜਸਵੀਰ ਦੀਪ, ਇਸਤ੍ਰੀ ਜਾਗਰਿਤੀ ਮੰਚ ਦੀ ਸੂਬਾ ਪ੍ਰਧਾਨ ਗੁਰਬਖ਼ਸ਼ ਕੌਰ ਸੰਘਾ, ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂ ਜਸਵਿੰਦਰ ਫ਼ਗਵਾੜਾ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਪ੍ਰੋਫੈਸਰ ਸੁਰਜੀਤ ਜੱਜ, ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ, ਰਿਟਾਇਰਡ ਪ੍ਰਿੰਸੀਪਲ ਮੋਹਣ ਲਾਲ ਰਾਹੀ, ਕਵੀ ਜਸਵੰਤ ਖਟਕੜ, ਕਵੀ ਤਲਵਿੰਦਰ ਸ਼ੇਰਗਿੱਲ, ਇਨਕਲਾਬੀ ਗਾਇਕ ਧਰਮਿੰਦਰ ਮਸਾਣੀ, ਇਨਕਲਾਬੀ ਗਾਇਕ ਪਰਮਜੀਤ ਚੱਕ ਦੇਸਰਾਜ, ਕਹਾਣੀਕਾਰ ਅਜਮੇਰ ਸਿੱਧੂ, ਕਿਸਾਨ ਆਗੂ ਤਲਵਿੰਦਰ ਹੀਰ ਅਤੇ ਤਰਸੇਮ ਸਿੰਘ ਬੈਂਸ, ਚਰਨਜੀਤ ਚੰਨੀ, ਰਤਨ ਪਾਲ ਮਹਿਮੀ ਯੂ.ਕੇ., ਕਵੀ ਦੀਪ ਕਲੇਰ, ਇੰਜੀਨੀਅਰ ਹਰਪਾਲ ਸਿੰਘ, ਪ੍ਰੋਫੈਸਰ ਇਕਬਾਲ ਸਿੰਘ ਚੀਮਾ, ਐਡਵੋਕੇਟ ਪਰਮਜੀਤ ਸਿੰਘ ਖੱਟੜਾ, ਤੀਰਥ ਰਾਮ ਰਸੂਲਪੁਰੀ, ਰਵਿੰਦਰ ਸਿੰਘ ਝਿੱਕਾ, ਬਾਵਾ ਸਿੰਘ ਅਟਵਾਲ, ਅਵਤਾਰ ਸਿੰਘ ਕੱਟ, ਸ਼ਿੰਗਾਰਾ ਸਿੰਘ ਲੰਗੇਰੀ, ਕੁਲਵਿੰਦਰ ਕੁੱਲਾ, ਮੋਹਣ ਲਾਲ ਬੀਕਾ, ਖੁਸ਼ੀਰਾਮ ਗੁਣਾਚੌਰ, ਮਹਿੰਦਰ ਕੌਰ ਰਾਇਪੁਰ ਡੱਬਾ, ਪਰਮਜੀਤ ਕੌਰ ਰਾਇਪੁਰ ਡੱਬਾ, ਤੇਜਪਾਲ ਸਿੰਘ ਕਪੂਰਥਲਾ, ਸਾਬਕਾ ਵਿਧਾਇਕ ਮੋਹਣ ਸਿੰਘ ਬੰਗਾ, ਬਸਪਾ ਆਗੂ ਪ੍ਰਵੀਨ ਬੰਗਾ, ਪੱਤਰਕਾਰ ਹਰਮੇਸ਼ ਵਿਰਦੀ, ਨਰਿੰਦਰ ਮਾਹੀ, ਚਮਨ ਲਾਲ ਬੰਗਾ ਸਮੇਤ ਇਲਾਕੇ ਦੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਦੀ ਯਾਦ ਵਿਚ ਸਤਿਕਾਰ ਸਮਾਗਮ 28 ਅਪ੍ਰੈਲ ਨੂੰ ਪਿੰਡ ਹੀਓਂ ਵਿਖੇ ਉਨ੍ਹਾਂ ਦੇ ਨਿਵਾਸ ਨੇੜੇ 12 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਕੀਤਾ ਜਾਵੇਗਾ। ਜਿਸ ਵਿਚ ਵੱਖ-ਵੱਖ ਆਗੂ ਉਨ੍ਹਾਂ ਦੀ ਲੋਕ ਸੰਘਰਸ਼ਾਂ ਅਤੇ ਲੋਕਪੱਖੀ ਸਾਹਿਤਕ ਖੇਤਰ ਵਿਚ ਦੇਣ ਬਾਰੇ ਚਰਚਾ ਕਰਨਗੇ ਤੇ ਉਨ੍ਹਾਂ ਨੂੰ ਸਤਿਕਾਰ ਭੇਂਟ ਕਰਨਗੇ।



# ਲੋਕਾਂ ਨੇ ਧੱਕੇਸ਼ਾਹੀ ਖ਼ਿਲਾਫ ਅਵਾਜ਼ ਬੁਲੰਦ ਕਰਨ ਦਾ ਵਜਾਇਆ ਬਿਗਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਸਾਂਝਾ ਕਿਸਾਨ ਮਜਦੂਰ ਮੋਰਚਾ ਦੀ ਅਗਵਾਈ ਵਿੱਚ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆ ਦੇ ਆਗੂਆਂ ਵਲੋਂ ਪ੍ਰਸ਼ਾਸਨਿਕ ਅਧਿਕਾਰੀਆ ਦੀਆਂ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆ ਖਿਲਾਫ ਇੱਕ ਮੰਚ ਉਪਰ ਇਕੱਠੇ ਹੋ ਕੇ ਸੰਘਰਸ਼ ਦਾ ਬਿਗਲ ਵਜਾਇਆ। ਇਸ ਮੌਕੇ ਸਾਂਝਾ ਕਿਸਾਨ ਮਜਦੂਰ ਮੋਰਚਾ ਦੇ ਆਗੂ ਆਏ ਦਿਨ ਛਾਪੇਮਾਰੀ ਕਰਕੇ ਪਰੇਸ਼ਾਨ ਕੀਤਾ ਜਾ ਹੈ। ਇਹ ਸਭ ਵਧੀਕੀਆਂ ਕਦੇ ਵੀ ਬਰਦਾਸ਼ਤ ਨਹੀ ਕੀਤੀਆ ਜਾਣਗੀਆਂ। ਉਨ੍ਹਾਂ ਆਖਿਆ ਕਿ ਅਜਿਹੀਆਂ ਆ ਆਪਹੁਦਰੀਆਂ ਗਤੀਵਿਧੀਆਂ ਨੂੰ ਜਾ ਤਾਂ ਜ਼ਿਲ੍ਹਾ ਅਤੇ ਤਹਿਸੀਲ ਪ੍ਰਸਾਸਨ ਕੰਟਰੋਲ ਕਰੇ ਨਹੀ ਤਾਂ ਉਨ੍ਹਾਂ ਅਧਿਕਾਰੀਆਂ ਖਿਲਾਫ ਵੀ ਮਜਦੂਰ ਕਿਸਾਨ ਸਾਂਝਾ ਮੋਰਚਾ ਇਲਾਕੇ ਦੀਆਂ ਧਾਰਮਿਕ ਅਤੇ



ਕਰਨ ਸਿੰਘ ਰਾਣਾ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਕੁੱਝ ਲੋਕਾਂ ਦੀ ਸਹਿ ਉਪਰ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਸੁਨੀਤਾ ਚੈਰੀਟੇਬਲ ਹਸਪਤਾਲ ਦੇ ਸੰਚਾਲਕਾ ਨੂੰ ਵਾਰ ਵਾਰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ । ਉਨ੍ਹਾਂ ਆਖਿਆ ਕਿ ਇਹ ਚੈਰੀਟੇਬਲ ਹਸਪਤਾਲ ਇਲਾਕੇ ਅੰਦਰ ਸਮਾਜ ਸੇਵਾ ਦੀ ਇੱਕ ਮਿਸਾਲ ਵਜੋਂ ਹੈ ਜਿਨ੍ਹਾਂ ਵਲੋਂ ਜਿੱਥੇ ਹਸਪਤਾਲ ਵਿੱਚ ਜਰੂਰਤਮੰਦ ਮਰੀਜਾਂ ਦਾ ਮੁਫਤ ਇਲਾਜ਼ ਕੀਤਾ ਜਾਦਾ ਹੈ ਉਥੇ ਹੀ ਖੂਨਦਾਨ ਵਿੱਚ ਵੀ ਆਪਣੀ ਵੱਡਮੁੱਲੀ ਭਾਗੇਦਾਰੀ ਪਾਈ ਜਾ ਰਹੀ ਹੈ। ਜ਼ਰੂਰਤਮੰਦ ਬੱਚਿਆਂ ਦੀ ਪੜਾਈ, ਜਰੂਰਤਮੰਦ ਲੜਕੀਆਂ ਦੇ ਵਿਆਹ, ਵਾਤਾਵਰਣ ਸੁਰੱਖਿਆ, ਪਸ਼ੂਆਂ ਅਤੇ ਪੰਛੀਆਂ ਦੀ ਸੁਰੱਖਿਆ ਲਈ ਵੀ ਜਿਹੜਾ ਯੋਗਦਾਨ ਪਾਇਆ ਜਾ ਰਿਹਾ ਹੈ ਉਹ ਕਿਸੇ ਤੋਂ ਲੁਕਿਆ ਛੁਪਿਆ ਨਹੀ ਹੈ । ਆਪਣੀਆਂ ਸਮਾਜ ਸੇਵੀ ਉਪਲੱਭਦੀਆਂ ਕਾਰਨ, ਨਿਮਰਤਾ ਅਤੇ ਕੜੀ ਮਿਹਨਤ ਨਾਲ ਇਸ ਚੈਰੀਟੇਬਲ ਹਸਪਤਾਲ ਨੇ ਇਲਾਕੇ ਅੰਦਰ ਹੀ ਨਹੀ ਬਲਕਿ ਹੋਰ ਵੀ ਵੱਖ ਵੱਖ ਜ਼ਿਲਿਆਂ ਵਿੱਚ ਆਪਣੀ ਵਿਸ਼ੇਸ ਪਹਿਚਾਣ ਬਣਾਈ ਹੈ, ਜੋ ਕਿਸੇ ਨੂੰ ਚੁੱਭਦੀਆ ਹਨ?

ਚੈਰੀਟੇਬਲ ਹਸਪਤਾਲ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਰਹਿੰਦਾ ਹੈ ਉਸ ਨੂੰ ਵਿਸ਼ੇਸ ਤੌਰ ਤੇ ਟਾਰਗੈਟ ਬਣਾ ਕੇ ਜੋ ਸਮਾਜਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਇੱਕ ਅਜਿਹਾ ਸੰਘਰਸ਼ ਵਿੱਢਣਗੀਆਂ ਜਿਸ ਵਿੱਚ ਇਨ੍ਹਾਂ ਸਾਰੇ ਅਧਿਕਾਰੀਆਂ ਦੀਆਂ ਵਧੀਕੀਆਂ ਨੂੰ ਜੱਗ ਜ਼ਾਹਿਰ ਕੀਤਾ ਜਾਵੇਗਾ। ਅਜਿਹੇ ਅਧਿਕਾਰੀਆਂ ਦੇ ਦਫਤਰਾ ਅੱਗੇ, ਘਰਾ ਅੱਗੇ ਢੋਲ ਵਜਾ ਕੇ ਇੱਕ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ, ਲੋਕਾਂ ਦੀ ਕਚਹਿਰੀ ਵਿੱਚ ਅਜਿਹੇ ਸਾਰੇ ਅਧਿਕਾਰੀਆਂ ਦੀਆ ਵਧੀਕੀਆਂ ਦੇ ਪੋਤੜੇ ਫਰੋਲੇ ਜਾਣਗੇ। ਉਨ੍ਹਾਂ ਆਖਿਆ ਕਿ ਜਿਲ੍ਹਾ ਅਤੇ ਸਬ ਡਵੀਜ਼ਨ ਦੇ ਅਜਿਹੇ ਅਧਿਕਾਰੀਆਂ ਖਿਲਾਫ ਇੱਕ ਮੰਗ ਪੱਤਰ ਪੰਜਾਬ ਸਰਕਾਰ ਅਤੇ ਪੰਜਾਬ ਦੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆ ਨੂੰ ਭੇਜਿਆ ਜਾਵੇਗਾ ।

ਇਸ ਮੌਕੇ ਕਰਨ ਰਾਣਾ, ਪਰਮਿੰਦਰ ਮੇਨਕਾ, ਹਰਦੀਪ ਸਿੰਘ, ਸ਼ਿਵ ਰਮਾਂ, ਹਰਪਾਲ ਸਿੰਘ ਮੱਕੋਵਾਲ, ਜਤਿੰਦਰ ਹੈਪੀ ਨੂਰਪੁਰ, ਮੱਖਣ ਸਿੰਘ ਸਹੋਤਾ, ਕਸ਼ਮੀਰ ਸਿੰਘ ਢਿੱਲੋ, ਪੰਡਿਤ ਰਾਮ ਸਰੂਪ, ਪੰਡਿਤ ਰਮੇਸ਼ ਸ਼ਰਮਾ, ਨਰੇਸ਼ ਵਰਮਾਂ, ਦਵਿੰਦਰ ਵਰਮਾਂ, ਰਾਜੇਸ਼ ਅਨੰਦ, ਹੈਰੀ, ਪਵਨ ਕੁਮਾਰ, ਹੰਸ ਰਾਜ ਕਮਲ ਚੌਧਰੀ, ਸੁਨੀਤਾ ਸ਼ਰਮਾਂ, ਅਮਨ ਵਰਮਾਂ, ਸਿਕੰਦਰ ਸਿੰਘ, ਜੋਗਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਹੋਰ ਵੀ ਪ੍ਰਮੁੱਖ ਸਖਸ਼ੀਅਤਾ ਸ਼ਾਮਲ ਸਨ।

# ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ ਨਵਾਂਸ਼ਹਿਰ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਦਾਣਾ ਮੰਡੀ



ਨਵਾਂਸ਼ਹਿਰ ਵਿੱਚ ਕਣਕ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਦੌਰਾ ਕਰਕੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਅਤੇ ਕਿਹਾ ਕਿ ਉਹ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਉਣ ਦੇਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ 'ਚ ਕਣਕ ਦੀ ਨਿਰਵਿਘਨ ਖਰੀਦ ਲਈ ਅਧਿਕਾਰੀਆਂ ਤੇ ਸਟਾਫ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।ਮੰਡੀਆਂ 'ਚ ਬਾਰਦਾਨੇ ਸਮੇਤ ਲੋੜ ਮੁਤਾਬਕ ਤਰਪਾਲਾਂ ਦੀ ਉਪਲਬਧਤਾ, ਕਿਸਾਨਾਂ, ਮਜ਼ਦੂਰਾਂ ਆਦਿ ਦੇ ਬੈਠਣ ਸਮੇਤ ਪੀਣ ਵਾਲੇ ਪਾਣੀ, ਪਖਾਣੇ, ਛਾਂ ਸਮੇਤ ਹੋਰ ਬੁਨਿਆਦੀ ਲੋੜਾਂ ਨੂੰ ਯਕੀਨੀ ਵੀ ਬਣਾਇਆ ਗਿਆ ਹੈ।ਉਨ੍ਹਾਂ ਨੇ ਕਿਹਾ ਕਿ ਚੱਲ ਰਹੇ ਸੀਜਨ ਦੌਰਾਨ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ 3595 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ। ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 3213 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਸਲ ਨੂੰ ਸੁੱਕਾ ਕੇ ਹੀ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਦੌਰਾਨ ਮੰਡੀਆਂ ਵਿਚ ਨਾ ਰੁਕਣਾ ਪਵੇ। ਉਨ੍ਹਾਂ ਨੇ ਇਸ ਮੌਕੇ 'ਤੇ ਕਣਕ ਦੀ ਨਮੀ ਅਤੇ ਤੋਲ ਵੀ ਚੈਕ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਾ ਆਉਣ ਦੇਣ।

# ਪਿੰਡ ਮਹਾਲੋਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਮੌਕੇ ਖੂਨਦਾਨ ਕੈਂਪ ਲਗਾਇਆ ਜਾਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਪਿੰਡ ਮਹਾਲੋਂ ਦੀ ਸਮਾਜ ਭਲਾਈ ਸੰਸਥਾ ਵੱਲੋ ਵਿਸ਼ਵ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ 7ਵਾਂ ਸਵੈ-ਇਛੁੱਕ ਖੂਨਦਾਨ ਕੈਂਪ 28 ਅਪ੍ਰੈਲ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ ਪਿੰਡ ਮਹਾਲੋਂ ਵਿਖੇ ਲਗਾਇਆ ਜਾ ਰਿਹਾ ਹੈ। ਸਮਾਜ ਭਲਾਈ ਸੰਸਥਾ ਪਿੰਡ ਮਹਾਲੋਂ ਦੇ ਸੀਨੀਅਰ ਮੈਂਬਰ ਅਤੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਆਰਗੇਨਾਈਜ਼ਰ ਡਾਕਟਰ ਸੁਰਿੰਦਰ ਮਹਾਲੋਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਾਡੇ ਪਿੰਡ ਦੀ ਸਮਾਜ ਭਲਾਈ ਸੰਸਥਾ ਸਮਾਜ ਦੀ ਭਲਾਈ ਵਾਸਤੇ ਹਮੇਸ਼ਾਂ ਉਪਰਾਲੇ ਕਰਦੀ ਰਹਿੰਦੀ ਹੈ।

ਇਸੇ ਲੜੀ ਤਹਿਤ 28 ਅਪ੍ਰੈਲ ਦਿਨ ਐਤਵਾਰ ਨੂੰ ਸੰਸਥਾ ਵੱਲੋ ਇੱਕ ਸਵੈ-ਇਛੁੱਕ ਖੂਨਦਾਨ ਕੈਂਪ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ ਪਿੰਡ ਮਹਾਲੋਂ ਵਿਖੇ ਲਗਾਇਆ ਜਾਵੇਗਾ। ਕਿਉਂਕਿ ਖੂਨਦਾਨ ਇੱਕ ਉਤਮ ਦਾਨ ਹੈ। ਕਿਸੇ ਦੇ ਖੂਨਦਾਨ ਨਾਲ ਕਿਸੇ ਲੋੜਵੰਦ ਇਨਸਾਨ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾ ਵੱਲੋਂ ਇਲਾਕਾ ਨਿਵਾਸੀ ਸੱਜਣਾਂ ਨੂੰ ਇਸ ਮਹਾਨ ਕਾਰਜ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ। ਇਸ ਸਮੇਂ ਸੰਸਥਾ ਦੇ ਮੈਂਬਰ ਲੱਡੂ ਪ੍ਰਧਾਨ, ਬੌਬੀ, ਤਾਰੀ, ਬੁੱਧ ਰਾਮ, ਡਾਕਟਰ ਸੁਰਿੰਦਰ ਮਹਾਲੋਂ, ਬਲਵੀਰ ਸਿੰਘ, ਜਗਤਾਰ ਸਿੰਘ, ਹੈਪੀ, ਜਗਜੀਤ ਸਿੰਘ ਅਤੇ ਸੁਰਜੀਤ ਸਿੰਘ ਆਦਿ ਮੌਜੂਦ ਸਨ।

# ਗਾਇਕਾ ਪ੍ਰੀਆ ਬੰਗਾ ਦਾ ਜਨਮ ਦਿਨ ਮੌਕੇ ਕੀਤਾ ਗੋਲਡ ਮੈਡਲ ਨਾਲ ਸਨਮਾਨ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਵਾਲੀ ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਜੋ ਇਸ ਸਮੇ ਵਿੱਚ ਇੰਗਲੈਂਡ ਗਏ ਹਨ ਗਾਇਕਾ ਪ੍ਰੀਆ ਬੰਗਾ ਦਾ ਸ਼੍ਰੀ ਗੁਰੂ ਰਵਿਦਾਸ ਟੈਂਪਲ ਨਿਊਹੈਂਮ ਲੰਡਨ ਵਿੱਚ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਗਾਇਕਾ ਪ੍ਰੀਆ ਬੰਗਾ ਵਲੋਂ ਆਪਣਾ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਤੇ ਮਹਾਨ ਰਹਿਬਰਾਂ ਦੇ ਇਤਿਹਾਸ ਤੋਂ ਸੰਗਤ ਨੂੰ ਗੀਤਾਂ ਰਾਹੀਂ ਜਾਣੂੰ ਕਰਵਾਇਆ ਪ੍ਰੋਗਰਾਮ ਉਪਰੰਤ ਸ਼੍ਰੀ ਗੁਰੂ ਰਵਿਦਾਸ ਟੈਂਪਲ ਨਿਊਹੈਂਮ ਲੰਡਨ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰੀਆ ਬੰਗਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ ਇਸ ਮੌਕੇ ਗਾਇਕਾ ਪ੍ਰੀਆ ਬੰਗਾ ਵਲੋਂ ਸਮੁੱਚੀ ਪ੍ਰਬੰਧਕ ਕਮੇਟੀ ਦਾ ਇਹ ਮਾਣ ਸਤਿਕਾਰ ਦੇਣ ਲਈ ਧੰਨਵਾਦ ਕੀਤਾ ਤੇ ਆਪਣੇ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਜਿਨਾ ਮਹਾਨ ਰਹਿਬਰਾਂ ਨੇ ਸਾਡੀ ਕੌਮ ਦੀ ਹੋਂਦ ਬਚਾਉਣ ਲਈ ਸੰਘਰਸ਼ ਮਈ ਜੀਵਨ ਬਿਤਾਇਆ ਅੱਜ ਸਾਡਾ ਫਰਜ ਬਣਦਾ ਕਿ ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਪ੍ਰਫੁੱਲਿਤ ਕਰਨ ਲਈ ਆਪਣਾ ਯੋਗਦਾਨ ਪਾਈਏ ਤੇ ਉਨਾ ਦੇ ਇਤਿਹਾਸ ਨੂੰ ਲੋਕਾਂ ਤੱਕ ਪਹੁੰਚਾਈਏ।

# ਸਰਕਾਰੀ ਹਾਈ ਸਮਾਰਟ ਸਕੂਲ ਡਘਾਮ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵਲੋਂ ਸਾਲ 2023-24 ਸੈਸ਼ਨ ਦਸਵੀਂ ਕਲਾਸ ਦੇ ਵਿੱਚ ਸਰਕਾਰੀ ਹਾਈ ਸਮਾਰਟ



ਸਕੂਲ ਡਘਾਮ ਦਾ ਨਤੀਜਾ ਵੀ ਸ਼ਾਨਦਾਰ ਰਿਹਾ। ਸਕੂਲ ਦੇ ਸਾਰੇ ਦੇ ਸਾਰੇ ਵਿਦਿਆਰਥੀ ਪਹਿਲੀ ਪੁਜੀਸ਼ਨ ਵਿੱਚ ਪਾਸ ਹੋ ਗਏ। ਸਕੂਲ ਦੀ ਵਿਦਿਆਰਥਣ ਰਵੀਨਾ ਪੁੱਤਰੀ ਅਜੈ ਕੁਮਾਰ 78-3 ਫੀਸਦੀ ਅੰਕ ਲੈ ਕੇ ਸਕੂਲ ਵਿਚੋਂ ਸਭ ਤੋਂ ਅੱਗੇ ਰਹੀ। ਇਸ ਤਰ੍ਹਾਂ ਪ੍ਰਭਜੋਤ ਕੌਰ ਪੁੱਤਰੀ ਗੁਰਪਾਲ ਸਿੰਘ 73-5 ਫੀਸਦੀ ਅੰਕ ਲੈ ਕੇ ਦੂਸਰੇ ਸਥਾਨ ਅਤੇ ਰਾਜਦੀਪ ਕੌਰ ਪੁੱਤਰੀ ਸੋਨੀ 72 ਫੀਸਦੀ ਅੰਕ ਲੈ ਕੇ ਤੀਸਰੇ ਸਥਾਨ ਤੇ ਰਹੀ। ਇਸ ਸ਼ਾਨਦਾਰ ਨਤੀਜੇ ਲਈ ਮੁੱਖ ਅਧਿਆਪਕ ਨਵਦੀਪ ਸਹਿਗਲ, ਸਕੂਰ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦੀਦਾਰ ਸਿੰਘ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ- ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਹੋਰ ਨਿਖਾਰ ਲਿਆਉਣ ਲਈ ਪ੍ਰੇਰਿਤ ਕੀਤਾ।

# ਸ਼ਹੀਦ ਬਲਦੇਵ ਰਾਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਣੇਵਾਲ ਦਾ 10ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਸ੍ਰੀ ਖੁਰਾਲਗੜ੍ਹ ਸਾਹਿਬ/20 ਅਪਰੈਲ: ਸ਼ਹੀਦ ਬਲਦੇਵ ਰਾਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਣੇਵਾਲ ਦਾ ਸੈਸ਼ਨ 2023-24 ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਇੰਚਾਰਜ ਪ੍ਰਦੀਪ ਸਿੰਘ ਨੇ ਦੱਸਿਆ ਕਿ ਸੈਸ਼ਨ ਦੌਰਾਨ 10ਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ। ਉਨ੍ਹਾਂ ਦੱਸਿਆ ਕਿ ਸਕੂਲ ਦੇ ਕਈ ਬੱਚਿਆਂ ਨੇ ਵਿਸ਼ਿਆਂ ਵਿੱਚ 100 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਇਸ ਦੇ ਨਾਲ ਹੀ ਸਕੂਲ ਦੀ ਵਿਦਿਆਰਥਣ ਕਸ਼ਿਸ਼ ਨੇ 95.69% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਅੰਮ੍ਰਿਤ ਕੌਰ ਨੇ 86.76% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਰਜਨੀ ਬਾਲਾ ਨੇ 82.61% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਬੱਚਿਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਇੰਚਾਰਜ ਪ੍ਰਦੀਪ ਸਿੰਘ ਮਾਈਰਾ ਅਤੇ ਸਮੂਹ ਸਟਾਫ਼ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਸਕੂਲ ਸਟਾਫ਼ ਨੇ ਸਾਰੇ ਬੱਚਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਸਮੇਂ ਰਮੇਸ਼ ਕੁਮਾਰ, ਸੋਢੀ ਰਾਮ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਪਵਨ ਪੁਰੀ, ਲਾਭ ਸਿੰਘ, ਗੁਰਪ੍ਰੀਤ ਸਿੰਘ, ਜੋਤੀ ਕੌਸ਼ਲ, ਜਸਵੀਰ ਡਾ। ਕੌਰ, ਮਨਦੀਪ ਕੌਰ, ਸੁਪ੍ਰੀਆ, ਅਨੁਪ੍ਰੀਤ ਕੌਰ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਪੇਂਡੂ ਮਜਦੂਰ ਯੂਨੀਅਨ ਨੇ 'ਅੰਬੇਡਕਰਵਾਦ ਅਤੇ ਮਜਦੂਰ ਜਮਾਤ' ਵਿਸ਼ੇ 'ਤੇ ਸੈਮੀਨਾਰ ਕਰਵਾਇਆ

## ਕੱਟੜ ਵਿਰੋਧੀ ਵੀ ਡਾ. ਅੰਬੇਡਕਰ ਨੂੰ ਹਾਈਜੈਕ ਕਰਨ ਦੀ ਕਰ ਰਹੇ ਹਨ ਕੋਸ਼ਿਸ਼-ਆਗੂ






**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਅੱਜ ਪੇਂਡੂ ਮਜਦੂਰ ਯੂਨੀਅਨ ਵਲੋਂ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਡਾਕਟਰ ਬੀ।ਆਰ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ 'ਅੰਬੇਡਕਰਵਾਦ ਅਤੇ ਮਜਦੂਰ ਜਮਾਤ' ਵਿਸ਼ੇ ਉੱਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਵਿਚਾਰ ਪੇਸ਼ ਕਰਦਿਆਂ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਡਾਕਟਰ ਅੰਬੇਡਕਰ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਜਿੱਥੇ ਦੇਸ਼ ਨੂੰ ਸੰਵਿਧਾਨ ਦਿੱਤਾ ਉੱਥੇ ਦਲਿਤਾਂ ਅਤੇ ਮਜਦੂਰ ਜਮਾਤ ਨੂੰ ਲੰਮੀ ਨੀਂਦਰ ਵਿਚ ਸੁੱਤਿਆਂ ਨੂੰ ਹਲੂਣਾ ਦੇ ਕੇ ਜਗਾਇਆ, ਵਿਦਿਆ ਦੀ ਲੋੜ ਦੀ ਚੇਤਨਤਾ ਭਰੀ, ਉਹਨਾਂ ਨੂੰ ਉਹਨਾਂ ਦੀ ਤਾਕਤ ਦਾ ਅਹਿਸਾਸ ਕਰਵਾਇਆ ਅਤੇ ਆਪਣੇ ਹੱਕਾਂ ਲਈ ਲੜਨਾ ਸਿਖਾਇਆ। ਉਹਨਾਂ ਨੇ ਕਈ ਮਹਾਨ ਕੰਮ ਕੀਤੇ। ਜਾਤਪਾਤ ਦੇ ਖਾਤਮੇ ਲਈ ਕੰਮ ਕੀਤਾ, ਸੰਵਿਧਾਨ ਵਿਚ ਜਿੰਨਾ ਕੁਝ ਦੱਬੇ ਕੁਚਲਿਆਂ ਲਈ ਲਿਖਿਆ ਜਾ ਸਕਦਾ ਸੀ ਲਿਖਿਆ। ਉਹ ਸ਼ਖਸੀ ਪੂਜਾ ਦੇ ਵੀ ਵਿਰੋਧੀ ਸਨ। ਉਹਨਾਂ ਕਿਹਾ ਹੈ ਕਿ ਜਾਤਪਾਤ ਦੇ ਬੀਜ ਹਿੰਦੂ ਧਰਮ ਵਿਚ ਪਏ ਹਨ। ਮੰਨੂੰ ਸਮ੍ਰਿਤੀ ਨੂੰ ਜਨਤਕ ਤੌਰ ਉੱਤੇ ਸਾੜਕੇ ਜਾਤੀ ਪ੍ਰਬੰਧ ਵਿਰੁੱਧ ਬਹੁਤ ਵੱਡਾ ਅਤੇ ਜੁਅਰਤ ਭਰਿਆ ਕੰਮ ਕੀਤਾ। ਇਹ ਵੱਡੀ ਬੁਰਾਈ ਪੁਰਾਣੇ ਅਤੇ ਨਵੇਂ ਹਿੰਦੋਸਤਾਨ ਵਿਚ ਹੈ। ਹੁਣ ਵੀ ਜਾਤਪਾਤ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ ਤੁਸੀਂ ਖੁਦ ਵੀ ਦੇਖ ਸਕਦੇ ਹੋ। ਦੇਸ਼ ਦੇ ਦਲਿਤ ਮਜਦੂਰ ਅੱਜ ਵੀ ਉੱਚ ਜਾਤੀਆਂ ਦਾ ਦਾਬਾ ਜਰ ਰਹੇ ਹਨ। ਦੇਸ਼ ਦੇ ਕੁੱਲ ਧੰਨ ਦੇ ਵੱਡੇ ਹਿੱਸੇ ਉੱਤੇ ਸਵਰਨ ਜਾਤੀ ਕਾਰਪੋਰੇਟ ਨਾਗਕੁੰਡਲੀ ਮਾਰੀ ਬੈਠੇ ਹਨ। ਉਹਨਾਂ ਕਿਹਾ ਕਿ ਸਰਕਾਰੀ ਅਦਾਰੇ ਬੜੀ ਤੇਜ਼ੀ ਨਾਲ ਨਿੱਜੀ ਹੱਥਾਂ ਵਿਚ ਵੇਚੇ ਜਾ ਰਹੇ ਹਨ। ਜਿਸ ਨਾਲ ਦਲਿਤਾਂ ਰਾਖਵਾਂਕਰਨ ਦੀ ਸਹੂਲਤ ਤੋਂ ਦੂਰ ਹੋ ਗਏ ਹਨ। ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਕਿਹਾ ਕਿ ਆਰਥਿਕ ਆਜਾਦੀ ਬਿਨਾਂ ਰਾਜਸੀ ਆਜਾਦੀ ਅੱਧੀ ਅਧੂਰੀ ਹੈ। ਡਾਕਟਰ ਬੀ.ਆਰ. ਅੰਬੇਡਕਰ ਤੋਂ ਬਾਅਦ ਬਾਬੂ ਕਾਂਸ਼ੀ ਰਾਮ ਨੇ ਲਹਿਰ ਚਲਾਕੇ ਦਲਿਤਾਂ ਵਿਚ ਸਮਾਜਿਕ ਅਤੇ ਰਾਜਨੀਤਕ ਚੇਤਨਾ ਪੈਦਾ ਕੀਤੀ ਪਰ ਮੌਜੂਦਾ ਬਸਪਾ ਲੀਡਰਸ਼ਿਪ ਬਾਬੂ ਕਾਂਸ਼ੀ ਰਾਮ ਦੇ ਸਿਧਾਂਤਾਂ ਨੂੰ ਤਿਲਾਂਜਲੀ ਦੇ ਚੁੱਕੀ ਹੈ,ਹਾਕਮ ਜਮਾਤੀ ਪਾਰਟੀ ਬਣ ਚੁੱਕੀ ਹੈ। ਇਹ ਪਾਰਟੀ ਦਲਿਤਾਂ ਅਤੇ ਮਜਦੂਰਾਂ ਦੀ ਬੇੜੀ ਪਾਰ ਨਹੀਂ ਲਾ ਸਕਦੀ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਉਹਨਾਂ ਤਾਕਤਾਂ ਵਲੋਂ ਵੀ ਡਾਕਟਰ ਬੀ.ਆਰ. ਅੰਬੇਡਕਰ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਅੰਬੇਡਕਰਵਾਦ ਦੇ ਕੱਟੜ ਵਿਰੋਧੀ ਹਨ।

ਉਹਨਾਂ ਕਿਹਾ ਕਿ ਭਵਿੱਖ ਵਿਚ ਆਪਣੇ ਹੱਕਾਂ ਦੀ ਉਹ ਹੀ ਲੜਾਈ ਲੜ੍ਹਨਗੇ ਜੋ ਡਾਕਟਰ ਅੰਬੇਡਕਰ ਨੂੰ ਪੜ੍ਹਣਗੇ। ਉਹਨਾਂ ਕਿਹਾ ਕਿ ਲੈਂਡ ਸੀ-ਲਿੰਗ ਐਕਟ 1972 ਵਿਚ ਬਣਿਆਂ ਪਰ ਇਹ ਕਿਸੇ ਵੀ ਸਰਕਾਰ ਨੇ ਅੱਜ ਤੱਕ ਲਾਗੂ ਨਹੀਂ ਹੋਇਆ। ਇਸ ਐਕਟ ਅਨੁਸਾਰ 17 ਏਕੜ ਤੋਂ ਵੱਧ ਜਮੀਨ ਉਸ ਵਿਅਕਤੀ ਕੋਲੋਂ ਖੋਹ ਕੇ ਬੇਜਮੀਨਿਆਂ ਵਿਚ ਵੰਡਣੀ ਸੀ, ਪਰ ਵੰਡੀ ਨਹੀਂ ਗਈ। ਕਾਨੂੰਨ ਅਨੁਸਾਰ ਪੰਚਾਇਤੀ ਜਮੀਨ ਦਾ ਤੀਜਾ ਹਿੱਸਾ ਦਲਿਤਾਂ ਨੂੰ ਵਾਹੀ ਲਈ ਦਿੱਤਾ ਜਾਣਾ ਹੈ ਪਰ ਇਹ ਕਾਨੂੰਨ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ।

ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ ਅਤੇ ਨੀਲਮ ਰਾਣੀ ਕੋਟ ਰਾਂਝਾ ਨੇ ਕਿਹਾ ਕਿ ਡਾਕਟਰ ਅੰਬੇਡਕਰ ਨੇ ਕਿਹਾ ਸੀ ਕਿ ਪੜ੍ਹੋ, ਜੁੜੋ, ਸੰਘਰਸ਼ ਕਰੋ। ਇਸਦੇ ਬਹੁਤ ਡੂੰਘੇ ਅਰਥ ਹਨ ਪਰ ਹਾਕਮਾਂ ਨੇ ਵਿਦਿਆ ਦਾ ਵਪਾਰੀਕਰਨ ਕਰਕੇ ਮਜਦੂਰ ਵਰਗ ਦੇ ਵਿਦਿਆ ਪ੍ਰਾਪਤੀ ਦੇ ਅਧਿਕਾਰ ਨੂੰ ਖਤਮ ਕਰ ਦਿੱਤਾ ਹੈ। ਅਸੀਂ ਜੁੜਨ ਵਿਚ ਬਹੁਤ ਦੇਰੀ ਕਰ ਰਹੇ ਹਾਂ, ਸੰਘਰਸ਼ ਕਰਨ ਵਿਚ ਤਾਂ ਕਿਤੇ ਜਿਆਦਾ ਪਿੱਛੇ ਹਾਂ। ਮਜਦੂਰ ਵਰਗ ਨੂੰ ਪੜ੍ਹਨ, ਜੁੜਨ ਅਤੇ ਸੰਘਰਸ਼ ਕਰਨ ਦੇ ਡਾਕਟਰ ਬੀ. ਆਰ ਅੰਬੇਡਕਰ ਦੇ ਇਸ ਕਥਨ ਨੂੰ ਆਪਣੀ ਜ਼ਿੰਦਗੀ ਵਿਚ ਫੌਰੀ ਢਾਲਣਾ ਪਵੇਗਾ ,ਬਿਨਾਂ ਕਿਸੇ ਦੇਰੀ ਤੋਂ। ਇਸ ਮੌਕੇ ਬਲਜੀਤ ਧਰਮਕੋਟ ਨੇ ਇਨਕਲਾਬੀ ਗੀਤ ਪੇਸ਼ ਕੀਤਾ। ਇਸ ਮੌਕੇ ਅਵਤਾਰ ਸਿੰਘ ਤਾਰੀ, ਗੁਰਦਿਆਲ ਰੱਕੜ, ਸੁਰਿੰਦਰ ਮੀਰਪੁਰੀ, ਹਰੀ ਲਾਲ, ਹਰੇ ਰਾਮ, ਪਰਵੀਨ ਕੁਮਾਰ ਨਿਰਾਲਾ, ਸ਼ਿਵ ਨੰਦਨ, ਰਾਜੂ, ਗੋਪਾਲ, ਕਿਰਨਜੀਤ ਕੌਰ, ਤਰਨਜੀਤ, ਨਿਰਮਲ ਜੰਡੀ, ਲਾਡੀ ਕੋਟ ਰਾਂਝਾ, ਪ੍ਰੇਮ ਸਿੰਘ ਸ਼ਹਾਬ ਪੁਰ, ਸੁਰਜੀਤ ਪੈਲੀ, ਸੁਰਜੀਤ ਸਿੰਘ ਬਘੌਰਾਂ ਆਗੂ ਵੀ ਹਾਜਰ ਸਨ।

# ਚੀਮਾ ਖੁਰਦ ਵਿਖੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਹਾੜਾ ਮਨਾਇਆ



**ਫਿਲੌਰ, ਅੱਪਰਾ (ਜੱਸੀ)**- ਭਾਰਤ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 133 ਵਾਂ ਜਨਮ ਦਿਨ ਪਿੰਡ ਚੀਮਾ ਖੁਰਦ ਵਿਖੇ ਸਾਰੇ ਨਗਰ ਨਿਵਾਸੀਆਂ ਅਤੇ ਗ੍ਰਾਮ ਪੰਚਾਇਤ ਵਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਾਜ਼ਰ ਮੋਹਤਬਰਾਂ ਨੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਬਾਰੇ, ਉਨ੍ਹਾਂ ਦੇ ਗਰੀਬ ਮਜ਼ਦੂਰ ਤੇ ਦਲਿਤ ਸਮਾਜ ਲਈ ਕੀਤੇ ਹੋਏ ਸੰਘਰਸ਼ ਬਾਰੇ ਦੱਸਿਆ ਅਤੇ ਲੋਕਾਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ ਚੱਲਣ ਦੀ ਅਪੀਲ ਕੀਤੀ। ਇਸ ਮੌਕੇ 'ਬਾਬਾ ਸਾਹਿਬ ਦੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ' ਦੇ ਅਸਮਾਨ ਗੂੰਜਦੇ ਨਾਅਰਿਆਂ ਨਾਲ ਆਸਮਾਨ ਗੂੰਜ ਉੱਠਿਆ। ਇਸ ਮੌਕੇ ਡਾ. ਜਸਵਿੰਦਰ ਚੀਮਾ ਸਾਬਕਾ ਸਰਪੰਚ, ਐਡਵੋਕੇਟ ਕ੍ਰਿਪਾਲ ਸਿੰਘ ਪਾਲੀ, ਐਡਵੋਕੇਟ ਸੰਜੀਵ ਭੌਰਾ, ਕਮਲਜੀਤ ਸਿੰਘ ਸਰਪੰਚ, ਸੁਰਜੀਤ ਸਿੰਘ ਨੰਬਰਦਾਰ, ਆਤਮਾ ਰਾਮ, ਜਸਵੀਰ ਦੁੱਗਲ ਪੰਚ, ਬਲਵਿੰਦਰ ਕੁਮਾਰ ਪੰਚ, ਰਜਿੰਦਰ ਕੁਮਾਰ ਰਾਣਾ, ਮਾਸਟਰ ਚੰਦ, ਲੇਖ ਰਾਜ, ਅਮਰਜੀਤ ਕਲੇਰ, ਕੁਲਵੀਰ ਸਿੰਘ, ਸੁਦਾਗਰ ਸਿੰਘ, ਪਲਵਿੰਦਰ ਸਿੰਘ ਚੀਮਾ ਤੇ ਸਮੂਹ ਅੰਬੇਡਕਰੀ ਆਗੂ ਤੇ ਸੰਗਤਾਂ ਹਾਜ਼ਰ ਸਨ।

# ਵਿੱਦਿਆ ਮੰਦਿਰ ਹਾਈ ਸਕੂਲ 'ਚ ਦਸਵੀਂ ਕਲਾਸ 'ਚ ਅੱਵਲ ਆਉਣ ਵਾਲੇ ਵਿਦਿਆਰਥੀ ਸਨਮਾਨਿਤ

**ਫਿਲੌਰ, ਅੱਪਰਾ (ਜੱਸੀ)**-ਸਥਾਨਕ ਸ੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ 'ਚ ਦਸਵੀਂ ਕਲਾਸ 'ਚ ਅੱਵਲ ਆਉਣ ਵਾਲੇ ਵਿਦਿਆਰਥੀਆਂ



ਨੂੰ ਸਕੂਲ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਮਾਸਟਰ ਗੁਰਜੀਤ ਸਿੰਘ ਨੇ ਦੱਸਿਆ ਕਿ ਬੋਰਡ ਦੁਆਰਾ ਐਲਾਨੇ ਗਏ ਨਤੀਜਿਆਂ 'ਚ ਸੰਜਨਾ ਕਲੇਰ (557/ 650) ਨੇ ਪਹਿਲਾ, ਤਾਨੀਆ (556/ 650) ਨੇ ਦੂਸਰਾ ਤੇ ਹਰਸਿਮਰਨ (547/ 650) ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ । ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਸਫਲਤਾ ਦਾ ਸਿਹਰਾ ਉਨਾਂ ਦੀ ਮਿਹਨਤ ਤੇ ਅਧਿਆਪਕਾਂ ਤੇ ਮਾਪਿਆਂ ਦੀ ਲਗਨ ਨੂੰ ਜਾਂਦਾ ਹੈ । ਸਕੂਲ ਪ੍ਰਿੰਸੀਪਲ ਨੇ ਸਾਰੇ ਹੀ ਵਿਦਿਆਰਥੀਆਂ ਨੂੰ ਉਨਾਂ ਦੇ ਸੁਨਹਿਰੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

# ਜਾਨਵੀ ਸਹੋਤਾ ਨੇ 10ਵੀਂ ਕਲਾਸ 'ਚ 92 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਚਮਕਾਇਆ ਸਕੂਲ ਤੇ ਮਾਪਿਆਂ ਦਾ ਨਾਮ



**ਫਿਲੌਰ, ਅੱਪਰਾ (ਜੱਸੀ)**- ਸਥਾਨਕ ਐਸ। ਡੀ ਪਬਲਿਕ ਸਕੂਲ ਅੱਪਰਾ ਦੀ ਦਸਵੀ ਕਲਾਸ ਦੀ ਵਿਦਿਆਰਥਣ ਜਾਨਵੀ ਸਹੋਤਾ ਪੁੱਤਰੀ ਸੋਮ ਦੱਤ ਸੋਮੀ ਨੇ (599/650) 92.15 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ । ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਬੋਰਡ ਦੁਆਰਾ ਐਲਾਨੇ ਗਏ ਨਤੀਜਿਆਂ 'ਚ ਜਾਨਵੀ ਸੋਹਤਾ ਨੇ ਸਕੂਲ 'ਚ ਅੱਵਲ ਆਉਣ ਵਾਲੀਆਂ ਪਹਿਲੀਆਂ 10 ਵਿਦਿਆਰਥਣਾਂ 'ਚ ਵੀ ਆਪਣਾ ਨਾਂ ਦਰਜ ਕਰਵਾਇਆ ਹੈ । ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਜਾਨਵੀ ਸੋਹਤਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਸਫਲਤਾ ਦਾ ਸਿਹਰਾ ਜਾਨਵੀ ਸੋਹਤਾ ਦੀ ਮਿਹਨਤ ਤੇ ਅਧਿਆਪਕਾਂ ਤੇ ਮਾਪਿਆਂ ਦਾ ਲਗਨ ਨੂੰ ਜਾਂਦਾ ਹੈ।

# ਮੈਡੀਕਲ ਖੋਜ ਕਾਰਜਾਂ ਲਈ ਮ੍ਰਿਤਕ ਦੇਹ ਪ੍ਰਦਾਨੀ ਬੀਬੀ ਹਰਬੰਸ ਕੌਰ ਦਾ ਸਤਿਕਾਰ ਸਮਾਗਮ ਵੱਡੇ ਸੁਨੇਹੇ ਦੇ ਗਿਆ ਹੈ

**ਫਗਵਾੜਾ –** ਤਰਕਸ਼ੀਲ ਤੇ ਜਮਹੂਰੀ ਲਹਿਰ ਦੀ ਹਮਦਰਦ ਬੀਬੀ ਹਰਬੰਸ ਕੌਰ ਰਿਟਾਇਰਡ ਟੀਚਰ ਕੈਂਸਰ ਦੀ ਬੀਮਾਰੀ ਕਾਰਨ 12 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮ੍ਰਿਤਕ ਸਾਥੀ ਹਰਬੰਸ ਕੌਰ ਦੇ ਪਤੀ ਸੁਖਦੇਵ ਸਿੰਘ ਅਤੇ ਪਰਿਵਾਰ ਵਲੋਂ ਬੀਬੀ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸੀ ਐਮ ਸੀ (ਕ੍ਰਿਸ਼ਚੀਅਨ ਮੈਡੀਕਲ ਕਾਲਜ) ਲੁਧਿਆਣਾ ਨੂੰ ਪ੍ਰਦਾਨ ਕੀਤੀ ਗਈ। ਅੱਜ ਹਰਬੰਸ ਕੌਰ ਜੀਵਲੋਂ ਜਿਉਂਦੇ ਜੀਅ ਕੀਤੇ ਕਾਰਜਾਂ ਅਤੇ ਮੌਤੋਂ ਬਾਦ ਮ੍ਰਿਤਕ ਸਰੀਰ ਮੈਡੀਕਲ ਖੋਜਕਾਰਜਾਂ ਲਈ ਭੇਂਟ ਕਰਨ ਦੇ ਉਦਮੀ ਕਾਰਜ ਲਈ ਪਰੰਪਰਾਵਾਦੀ ਲੀਹਾਂ ਤੋਂ ਹਟ ਕੇ ਨਨਕਾਣਾ ਬਰਾਦਰੀ ਜੰਝਘਰ ਫਗਵਾੜਾ ਵਿਖੇ ਹਰਬੰਸ ਕੌਰ ਸਤਿਕਾਰ ਸਮਾਗਮ ਅਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਤਰਕਸ਼ੀਲ ਲਹਿਰ, ਸਮਾਜਿਕ – ਜਮਹੂਰੀ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੱਭ ਤੋਂ ਪਹਿਲਾਂ ਆਏ ਲੋਕਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਕੇ ਬੀਬੀ ਜੀ ਨੂੰ ਨਮਨ ਕੀਤਾ ਅਤੇ ਫਿਰ ਫੋਟੋ ਨੂੰ ਫੁੱਲ ਅਰਪਿਤ ਕਰਕੇ ਸਤਿਕਾਰ ਭੇਂਟ ਕੀਤਾ। ਸਤਿਕਾਰ ਸਮਾਗਮ ਦੇ ਇਕੱਠ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਮੁਖੀ ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸ਼ਭਾ ਦੇ ਆਗੂ ਬੂਟਾ ਸਿੰਘ ਮਹਿਦੂਦਪੁਰ , ਅਧਿਆਪਕ ਭਲਾਈ ਕਮੇਟੀ ਆਗੂ ਪ੍ਰਿੰਸੀਪਲ ਹਰਮੇਸ਼ ਪਾਠਕ, ਮਨਪ੍ਰੀਤ ਕੌਰ ਜਮਹੂਰੀ ਕਾਰਕੁੰਨ, ਮੈਗਜੀਨ ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ , ਤਰਕਸ਼ੀਲ ਆਗੂ ਸੁਰਜੀਤ ਟਿੱਬਾ ਅਤੇ ਬੀਬੀ ਜੀ ਦੇ ਦਾਮਾਦ ਡਾ ਪੰਕਜ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਨੇ ਜਿਉਂਦੇ ਜੀਅ ਲੰਬਾ ਸਮਾਂ ਅਧਿਆਪਨ ਦਾ ਕੰਮ ਬੜੀ ਇਮਾਨਦਾਰੀ ਨਾਲ ਕੀਤਾ, ਲੋਕ ਹਿਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਪੂਰਨ ਸਹਿਯੋਗ ਕੀਤਾ ਅਤੇ ਆਪਣੇ ਪਤੀ ਸੁਖਦੇਵ ਫਗਵਾੜਾ ਦੇ ਮੁਲਾਜਮ, ਜਮਹੂਰੀ ਲਹਿਰ ਤੇ ਤਰਕਸ਼ੀਲ ਕੰਮਾਂ ਲਈ ਮੋਢੇ ਨਾਲ ਮੋਢਾ ਲਾ ਕੇ ਖੜੀ ਰਹੀ । ਸੁਖਦੇਵ ਫਗਵਾੜਾ ਪਿਛਲੇ ਲੰਬੇ ਸਮੇਂ ਤੋਂ ਅੰਧ ਵਿਸ਼ਵਾਸ਼ ਤੇ ਵਹਿਮ ਭਰਮ ਖਿਲਾਫ ਕੰਮ ਕਰਦੀ ਤਰਕਸ਼ੀਲ ਲਹਿਰ ਦਾ ਆਗੂ ਰੋਲ ਨਿਭਾਉਂਦਾ ਆ ਰਿਹਾ ਹੈ। ਵਿਗਿਆਨਿਕ ਵਿਚਾਰਧਾਰਾ ਹਰ ਪ੍ਰਕਾਰ ਦੀ ਗੈਬੀ ਸ਼ਕਤੀਆਂ ਜਾਂ ਦੁਨੀਆਂ ਦੇ





ਸਿਰਜਣਹਾਰ ਵਾਲੀਆਂ ਧਾਰਮਿਕ ਮਨੌਤਾਂ ਨੂੰ ਰੱਦ ਕਰਦੀ ਆ ਰਹੀ ਹੈ। ਲੋਕ ਹਿਤਾਂ ਨਾਲ ਧੁਰ ਅੰਦਰ ਤੱਕ ਜੁੜੀ ਹੋਈ ਹਰਬੰਸ ਕੌਰ ਦੇ ਪਰਿਵਾਰ ਸੁਖਦੇਵ ਸਿੰਘ , ਡਾ ਨਵਕਿਰਨ , ਡਾ ਪੰਕਜ, ਨਵਦੀਪ ਤੇ ਅਮਨਦੀਪ ਕੌਰ ਅਸਟ੍ਰੇਲੀਆਨੇ ਹਰਬੰਸ ਕੌਰ ਦੇ ਮਿਤਕ ਸਰੀਰ ਨੂੰ ਲੋਕ ਹਿਤਾਂ ਲਈ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਕੇ ਸਮਾਜ ਨੂੰ ਵੱਡੀ ਸੇਧ ਦਿੱਤੀ ਹੈ। ਬੁਲਾਰਿਆਂ ਹੋਰ ਕਿਹਾ ਸਰਕਾਰਾਂ ਦੀ ਲੋਕਾਂ ਪ੍ਰਤੀ ਬੇਰੁਖੀ ਕਾਰਨ ਲੋਕ ਬੀਮਾਰੀਆਂ , ਗਰੀਬੀ , ਬੇਰੁਜਗਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਰਕਾਰਾਂ ਸਰਮਾਏਦਾਰਾਂ ਦੇ ਹਿਤਾਂ ਨੂੰ ਤਰਜੀਹਾਂ ਦੇ ਰਹੀ ਹੈ। ਲੋਕਾਂ ਨੂੰ ਅਣਗੋਲਿਆ ਕਰਨ ਵਾਲੀਆਂ ਹਕੂਮਤਾਂ ਧਾਰਮਿਕ ਜਨੂੰਨ ਅਤੇ ਅੰਧਵਿਸ਼ਵਾਸ਼ੀ ਪਰੰਪਰਾਵਾਂ ਦੀ ਆੜ ਹੇਠ ਆਪਣੇ ਗੁਨਾਹ ਛੁਪਾਉਂਦੀਆਂ ਹਨ ਅਤੇ ਲੋਕਾਂ ਦੇ ਦਿਮਾਗ ਨੂੰ ਖੁੰਡਾ ਕਰਦੀਆਂ ਹਨ ਤਾਂ ਜੋ ਲੋਕ ਕਿਤੇ ਵਿਗਿਆਨਿਕ ਵਿਚਾਰਧਾਰਾ ਨਾਲ ਲੈਸ ਹੋ ਕੇ ਲੁਟੇਰਿਆਂ ਤੇ ਲੁਟੇਰੀ ਵਿਵਸਥਾ ਖਿਲਾਫ ਅਵਾਜ ਬੁਲੰਦ ਨਾ ਕਰ ਸਕਣ. ਇਹ ਸਤਿਕਾਰ ਸਮਾਗਮ ਧਾਰਮਿਕ ਰਸਮਾਂ ਰਿਵਾਜਾਂ ਤੋਂ ਰਹਿਤ ਹੈ ਕਿਉਂਕਿ ਅਸੀ ਸਮਝਦੇ ਹਾਂ ਕਿ ਇਹ ਰਸਮਾਂ ਰਿਵਾਜ ਮਨੁੱਖੀ ਸਮਾਜ ਦੀ ਉਨਤੀ ਵਿੱਚ ਕੋਈ ਰੋਲ ਨਹੀਂ ਨਿਭਾਉਂਦੇ ਸਗੋਂ ਉਲਟਾ ਕਾਰਨਾਂ ਉਤੇ ਪਰਦਾ ਪਾਉਂਦੇ ਹਨ ਅਤੇ ਗੁਨਾਹਾਂ ਦੇ ਜਿੰਮੇਵਾਰਾਂ ਹਾਕਮਾਂ ਲਈ ਢਾਲ ਬਣਦੇ ਹਨ। ਬੁਲਾਰਿਆਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਮਾਜ ਨੂੰ ਜਿਉਣਯੋਗ ਬਨਾਉਣ ਲਈ ਸਾਨੂੰ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ਼ ਅਤੇ ਵਹਿਮ ਭਰਮ ਤੋਂ ਲੋਕਾਂ ਨੂੰ ਮੁਕਤ ਹੋਣਾ ਚਾਹੀਦਾ ਅਤੇ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਬਣ ਕੇ ਸਮਾਜਿਕ ਤਬਦੀਲੀ ਕਰਨੀ ਚਾਹੀਦੀ ਹੈ। ਬੀਬੀ ਜੀ ਦੇ ਪੁੱਤ ਭਤੀਜੇ ਜਸਬੀਰ ਨੰਬਰਦਾਰ ਨੇ ਇੱਕ ਭਾਵ ਭਿੰਨੀ ਕਵਿਤਾ ਪੇਸ਼ ਕਰਕੇ ਮਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਦੇ ਸ਼ ਵਿਦੇਸ਼ ਤੋਂ ਪਰਾਪਤ ਸ਼ੋਕ ਸੰਦੇਸ਼ਾਂ ਰਾਹੀਂ ਪੰਜਾਬ ਲੋਕ ਸਭਿਆਚਾਰਕ ਮੰਚ , ਦੇਸ਼ ਭਗਤ ਯਾਦਗਰ ਕਮੇਟੀ ਜਲੰਧਰ, ਭਗਵੰਤ ਸਿੰਘ ਯੂ ਕੇ, ਬਾਈ ਅਵਤਾਰ ਕਨੇਡਾ, ਤਰਕਸ਼ੀਲ ਸੁਸਾਇਟੀ ਕਨੇਡਾ, ਡਾ ਨਵਸ਼ਰਨ, ਡਾ ਅਰੀਤ, ਡਾ ਪਰਮਿੰਦਰ ਸਿੰਘ ਅਮਰਿਤਸਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਡੀ ਐਮ ਐਫ ਫਗਵਾੜਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੁਲਾਰਾਏ ਦਾ ਸਟਾਫ, ਡੀ ਟੀ ਐਫ ਜਿਲਾ ਜਲੰਧਰ, ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬਰਟੇਨ, ਪੰਜਾਬ ਖੇਤ ਮਜਦੂਰ ਯੂਨੀਅਨ, ਡੀ ਟੀ ਐਫ ਪ੍ਰਧਾਨ ਦਿਗਵਿਜੇਪਾਲ ,ਜਨਰਲ ਸਕਤਰ ਬਲਵੀਰ ਚੰਦ ਲੋਂਗੋਵਾਲ, ਪੰਜਾਬ ਵੈਲਫੇਅਰ ਪੈਨਸ਼ਨਰਜ ਐਸੋਸੀਏਸਨ ਫਗਵਾੜਾ ਆਦਿ ਦੇ ਨੇ ਹਰਬੰਸ ਕੌਰ ਦੇ ਕੰਮਾਂ ਨੂੰ ਸਲੂਟ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।

ਸਮਾਗਮ ਵਿੱਚ ਵਿਸੇਸ਼ ਤੌਰ ਤੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਹੇਮਰਾਜ ਸਟੈਨੋ, ਰਾਜਪਾਲ ਸਿੰਘ, ਗੁਰਪ੍ਰੀਤ ਸ਼ੈਹਣਾ, ਜੋਗਿੰਦਰ ਕੁਲੇਵਾਲ, ਜਮਹੂਰੀ ਲਹਿਰ ਦੇ ਆਗੂ ਅਮੇਲਕ ਸਿੰਘ, ਮਜਦੂਰ ਆਗੂ ਹਰਮੇਸ਼ ਮਾਲੜੀ, ਐਡਵੋਕੇਟ ਐਸ ਐਲ ਵਿਰਦੀ, ਹਲਕਾ ਐਮ ਐਲ ਏ ਬਲਵਿੰਦਰ ਸਿੰਘ ਧਾਲੀਵਾਲ, ਦਿਲਬਾਗ ਸਿੰਘ ਰਿਟਾਇਰਡ ਜਿਲਾ ਸਿਖਿਆ ਅਫਸਰ, ਜਰਨੈਲ ਸਿੰਘ ਰਿਟਾਇਰਡ ਜਿਲਾ ਸਿਖਿਆ ਅਫਸਰ, ਸੁਖਵਿੰਦਰ ਬਾਗਪੁਰ, ਲੇਖਕ ਸੁਮੀਤ ਸਿੰਘ ਅੰਮ੍ਰਿਤਸਰ, ਸੱਤਪਾਲ ਸਲੋਹ, ਡੀ ਟੀ ਐਫ ਆਗੂ ਗੁਰਮੀਤ ਕੋਟਲੀ ਅਤੇ ਮਾਸਟਰ ਅਵਤਾਰ ਲਾਲ, ਵਿਜੇ ਰਾਹੀ ਜਲੰਧਰ, ਬਲਵਿੰਦਰ ਬੁਲੋਵਾਲ, ਸੁਖਜੀਤ ਸਿੰਘ ਭੁੰਗਾ, ਪ੍ਰਿੰਸੀਪਲ ਮਨਜੀਤ ਸਿੰਘ, ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ, ਮੋਹਨ ਸਿੰਘ ਭੱਟੀ ਮਾ ਕਰਨਾਲ ਸਿੰਘ ਸੰਧੂ, ਰਾਮਲਾਲ ਖਲਵਾੜਾ, ਚੈਨ ਸਿੰਘ, ਆਤਮਾ ਰਾਮ ਰਸ਼ਪਾਲ, ਪ੍ਰੀਤਮ ਸਿੰਘ ਨਗਦੀ ਪੁਰ, ਤਰਕਸ਼ੀਲ ਆਗੂ ਜਗਦੀਸ਼ ਲਾਲ ਨਵਾਂ ਸ਼ਹਿਰ, ਸੁਰਿੰਦਰ ਪਾਲ ਪੱਦੀ, ਸੁਰਿੰਦਰ ਦੁਸਾਝ, ਅਵਿਨਾਸ਼ ਹਰਦਾਸਪੁਰ, ਬਲਵਿੰਦਰ ਪ੍ਰੀਤ, ਮਾ ਗਿਆਨ ਚੰਦ , ਗੁਰਮੀਤ ਸਿੰਘ ਰੱਤੂ ਆਦਿ ਵਿਸੇਸ਼ ਤੌਰ ਤੇ ਪਹੁੰਚੇ ਹੋਏ ਸਨ। ਸਟੇਜ ਸਕੱਤਰ ਦੀ ਭੂਮਿਕਾ ਤਰਕਸ਼ੀਲ ਆਗੂ ਜਸਵਿੰਦਰ ਸਿੰਘ ਫਗਵਾੜਾ ਨੇ ਨਿਭਾਈ।

# ਸਮਾਜਿਕ ਧਾਰਮਿਕ ਅਤੇ ਸੱਭਿਆਚਾਰਕ ਗਾਇਕੀ ਦੇ ਮਿਸ਼ਰਣ ਦਾ ਨਾਮ ਹੈ ਲੋਕ ਗਾਇਕ 'ਰਮੇਸ਼ ਚੌਹਾਨ'

**ਵੈਨਕੂਵਰ/ ਕਨੇਡਾ (ਕੁਲਦੀਪ ਚੁੰਬਰ)–** ਗਾਇਕ ਰਮੇਸ਼ ਚੌਹਾਨ ਪਿੰਡ ਖਾਨਖਾਨਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਪਿਤਾ ਸ੍ਰੀ ਭਗਤ ਰਾਮ ਦੇ ਗ੍ਰਹਿ ਮਾਤਾ ਮੁਹਿੰਦਰ ਕੌਰ ਦੀ ਕੁੱਖੋਂ ਪੈਦਾ ਹੋਇਆ। ਚਾਰ ਭਰਾ ਅਤੇ ਇੱਕ ਭੈਣ ਜਿਹਨਾਂ ਵਿਚੋਂ ਰਮੇਸ਼ ਚੌਹਾਨ ਨੇ ਸੰਗੀਤ ਦੇ ਖੇਤਰ ਵਿੱਚ ਸਖ਼ਤ ਮੇਹਨਤ ਕਰਕੇ ਆਪਣੀ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। ਜਿਹਨਾਂ ਦੇ ਅਨੇਕਾਂ ਸੁਪਰਹਿੱਟ ਗੀਤ 'ਕਿੱਦਾਂ ਹੱਕ ਲੈਣੇ ਬਾਬਾ ਸਾਹਿਬ ਸਮਝਾ ਗਏ, ਤਖ਼ਤ ਦਿੱਲੀ ਦਾ, ਬਹੁਤ ਸਾਰੇ ਗੀਤ ਆਪ ਲਿਖੇ ਅਤੇ ਬਹੁਤ ਸਾਰੇ ਗੀਤ ਅਨੇਕਾਂ ਨਾਮਵਰ ਗੀਤਕਾਰਾਂ ਦੇ ਗਾ ਕੇ ਮਕਬੂਲੀਅਤ ਹਾਸਲ ਕੀਤੀ। ਜਿਨ੍ਹਾਂ ਦੇ ਗੀਤ 'ਮਾਵਾਂ ਨੂੰ ਪੁੱਤ ਇੱਕੋ ਜਿਹੇ , ਬਾਪੂ ਤੇਰੀਆਂ ਗੱਲਾਂ ਤੇ ਸਲਾਹਾਂ ਚੇਤੇ ਆਉਂਦੀਆਂ ਨੇ, ਵਕਤ ਲੰਘੀ ਜਾਂਦਾ ਓਹ ਤਾਂ ਪਰ ਠੀਕ ਆ, ਦਿਲ ਚੰਦਰੇ ਨੂੰ ਤੇਰੀ ਹਾਲੇ ਵੀ ਉਡੀਕ ਆ, ਤੇਰੀ ਮੇਰੀ ਪ੍ਰੀਤ , ਕੀ ਕਰਾਂ ਯਾਰਾ, ਸੋਹਣਿਆਂ ਸੱਜਣਾ, ਇਸ਼ਕ ਕਮਾਉਣਾ ਸੌਖਾ ਨਹੀਂ, ਗੱਲ ਆਕੇ ਤਕਦੀਰਾਂ ਉੱਤੇ ਮੁੱਕ ਜਾਂਦੀ ਆ, ਨੂੰ ਲੋਕ ਦਿਲਾਂ ਵਿੱਚ ਥਾਂ ਮਿਲੀ ਤੇ ਇਹ ਗੀਤ ਸਮਾਜਿਕ ਤੇ ਸੱਭਿਆਚਾਰਕ ਸਟੇਜਾਂ ਤੇ ਇੱਕ ਸਮੇਂ ਛਾ ਗਏ। ਇਨ੍ਹਾਂ ਸਭਿਆਚਾਰਕ ਧਾਰਮਕਿ, ਸੂਫ਼ੀ, ਪਰਿਵਾਰਕ ਗੀਤਾਂ ਦਾ ਗਾਇਕ /ਗੀਤਕਾਰ ਰਮੇਸ਼ ਚੌਹਾਨ, ਜਿਨ੍ਹਾਂ ਨੇ ਗਾਇਕੀ ਦੀ ਸ਼ੁਰੂਆਤ ਹੀ ਮਿਸ਼ਨਰੀ ਨਾਟਕਾਂ ਤੋਂ ਕੀਤੀ । ਉਸਤਾਦ ਹਰਬੰਸ ਪਠਲਾਵਾ ਅਤੇ ਚਮਨ ਲਾਲ ਮਾਸਟਰ ਰਾਮ ਲਾਲ ਜੀ ਫਿਲੌਰ ਤੋਂ ਹੋਈ । ਨੌਵੀਂ ਕਲਾਸ 'ਚ ਪੜ੍ਹਦਿਆਂ ਹੀ ਸਕੂਲ ਵਿੱਚੋਂ ਨਾਟਕ ਕਰਨ ਚਲੇ ਜਾਣਾ, ਉਸ ਤੋਂ ਬਾਅਦ 1978 ਵਿੱਚ ਓਨਾਂ ਨੇ ਮਿਸ਼ਨ ਗੁਰੂ ਰਵਿਦਾਸ ਅਤੇ ਬਾਬਾ ਸਹਿਬ ਜੀ ਦੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ। ਗਾਉਂਦਿਆਂ ਗਾਉਂਦਿਆਂ ਹੀ ਓਨਾਂ ਦੇ ਮੇਲ ਕੇਵਲ ਸਾਂਵਰਾ ਬਾਹੜੋਵਾਲ ਅਤੇ ਨਰਿੰਦਰ ਖੇਦੀ ਜੀ ਨਾਲ ਹੋਇਆ । ਜਿਨ੍ਹਾਂ ਦੀ ਲਿਖ਼ਤ ਤੋਂ ਪ੍ਰਭਾਵਿਤ ਹੋ ਕੇ ਲਿਖਣਾ ਸ਼ੁਰੂ ਕੀਤਾ । ਨਰਿੰਦਰ ਖੇਦੀ ਸਾਹਿਬ ਅਤੇ ਕੇਵਲ ਸਾਂਵਰਾ ਜੀ ਨਾਲ ਰਲਕੇ ਮਿਸ਼ਨ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।



ਉਸ ਸਮੇਂ ਨਵੀਂ ਬਣੀ ਪਾਰਟੀ ਡੀ ਐਸ ਫ਼ੋਰ ਜਿਸਦੀ ਅਗਵਾਈ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਰ ਰਹੇ ਸਨ, ਪਹਿਲੀ ਵਾਰ ਦਫ਼ਤਰ ਚੰਡੀਗੜ੍ਹ ਇੱਕ ਪਰਦੇ ਤੇ ਓਹਨਾਂ ਇੱਕ ਫ਼ਿਲਮ ਚਲਾਈ । ਜਿਸ ਵਿੱਚ ਆਦਿਵਾਸੀਆਂ ਦੇ ਇਤਿਹਾਸ ਬਾਰੇ ਦੱਸਿਆ ਗਿਆ। ਓਸ ਵੇਲੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਪਹਿਲੀ ਵਾਰੀ ਦੇਖਿਆ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਰਮੇਸ਼ ਚੌਹਾਨ ਨੇ ਆਪਣਾ ਘਰ ਵਾਰ ਹੀ ਛੱਡ ਦਿੱਤਾ। ਜਿੱਥੇ ਵੀ ਕਿਤੇ ਮਿਸ਼ਨ ਦੀ ਗੱਲ ਹੋਣੀ ਉਥੇ ਹੀ ਸਾਇਕਲ ਤੇ ਪਹੁੰਚ ਜਾਣਾ। ਮਿਸ਼ਨ ਦਾ ਐਨਾ ਜਨੂਨ ਸੀ ਫੇਰ ਘਰਦਿਆਂ ਨੇ ਵੀ ਘਰੋਂ ਕੱਢ ਦਿੱਤਾ। ਜਿਸ ਪਿੰਡ ਜਾਣਾ ਓਥੇ ਹੀ ਰਾਤ ਕੱਟ ਲੈਣੀ। ਇੱਕ ਦਿਨ ਪਿੰਡ ਮਿਓਵਾਲ ਪ੍ਰੋਗਰਾਮ ਤੇ ਦੇਸ ਰਾਜ ਮੱਲ ਅਤੇ ਹਰਭਜਨ ਲਾਖਾ ਜੀ ਨੇ ਜਦੋਂ ਰਮੇਸ਼ ਚੌਹਾਨ ਗਾਉਂਦਿਆ ਸੁਣਿਆਂ ਤਾਂ ਹਰਿਆਣੇਂ ਇਲਕੈਸ਼ਨ ਤੇ ਜਾਣ ਨੂੰ ਆਖਿਆ ਤਾਂ ਮੇਰੇ ਨਾਲ ਪਹਿਲੀ ਵਾਰੀ ਸਾਥੀ ਕਲਾਕਾਰ ਸੋਖਾ ਭਾਗ ਸਿੰਘਪੁਰ ਵਾਲਾ , ਜੁਗਿੰਦਰ ਪਾਲ ਜੌਹਰੀ ,ਕੇਵਲ ਰਾਮ, ਭਰਾ ਢੋਲਕ ਮਾਸਟਰ ਮੇਰੇ ਨਾਲ ਗਿਆ। ਜਦੋਂ ਹਰਿਆਣੇ ਪਿੰਡ ਸਜਾਦਪੁਰ ਕਾਂਸ਼ੀ ਰਾਮ ਜੀ ਦੀ ਸਪੀਚ ਤੋਂ ਪਹਿਲਾਂ ਗੀਤ 'ਸੜਕ ਤੇ ਰੋੜੀ ਕੁੱਟ ਰਹੀਆਂ ਮੁਟਿਆਰਾਂ ਨੂੰ ਦੇਖੋ , ਵੋਟ ਹੁੰਦੀ ਬੰਦੇ ਦੀ ਜ਼ਮੀਰ ਹਾਣੀਆਂ , ਸਾਡਾ,ਹਾਥੀ ਆ ਗਿਆ ਅਨੇਕਾਂ ਗੀਤਾਂ ਨੂੰ ਗਾ ਕੇ ਆਪਣੀ ਪਹਿਚਾਣ ਬਣਾਉਂਣੀ ਸ਼ੁਰੂ ਕੀਤੀ। ਰਮੇਸ਼ ਚੌਹਾਨ ਨੂੰ ਕੌਮ ਦੇ ਲੋਕਾਂ ਨੇ ਮਿਸ਼ਨਰੀ ਗਾਇਕ ਵਜੋਂ ਜਾਨਣਾ ਸ਼ੁਰੂ ਕਰ ਦਿੱਤਾ। ਹਰਿਆਣੇ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਟੇਜ ਪਹਿਲੀ ਵਾਰੀ ਸ਼ਜਾਦਪੁਰ ਵਿਖੇ ਗਾਇਆ ਓਹਨਾਂ ਦੇ ਨਾਲ ਪਹਿਲੀ ਇਲੈਕਸ਼ਨ ਵਿੱਚ ਪ੍ਰਚਾਰ ਤੌਰ ਤੇ ਗਾਇਆ,ਓਸ ਤੋ ਬਾਅਦ ਦਿੱਲੀ, ਯੂਪੀ, ਜੰਮੂ – ਕਸ਼ਮੀਰ ਪੰਜਾਬ , ਰਾਜਸਥਾਨ ਦੀਆਂ ਵੱਖ ਵੱਖ ਸਟੇਟਾਂ ਵਿੱਚ ਬਿਨਾਂ ਸੁਆਰਥ ਦੇ ਗਾਇਆ। ਪਹਿਲਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਮੂਸਾਪੁਰ ਆਏ ਉਸ ਤੋਂ ਬਾਅਦ ਬ੍ਰਹਮਦਾਸ ਡੇਰੇ ਫਿਲੌਰ ਫਗਵਾੜਾ, ਚੱਕ ਹਕੀਮ ਓਹਨਾਂ ਦੇ ਨਾਲ ਹਰ ਸਟੇਜ ਤੇ ਗਾਉਣ ਦਾ ਸੁਭਾਗਾ ਸਮਾਂ ਪ੍ਰਪਾਤ ਹੋਇਆ । ਸੰਨ 1978 ਤੋਂ ਲੈਕੇ ਸੰਨ 1987 ਤੱਕ ਏਸੇ ਤਰ੍ਹਾਂ ਮਿਸ਼ਨ ਦੀ ਸੇਵਾ ਚੱਲਦੀ ਰਹੀ । ਰਮੇਸ਼ ਚੌਹਾਨ ਦੇ ਉਸ ਵੇਲੇ ਦੇ ਸਾਥੀ ਮਿਸ਼ਨਰੀ ਗਾਇਕ ਐਸ ਐਸ ਅਜ਼ਾਦ, ਰੇਸ਼ਮ ਬੱਬਲੂ ,ਦਿਲਬਰ ਰਾਣਾ, ਜੁਗਿੰਦਰ ਪਾਲ ਜੌਹਰੀ, ਹਰਨਾਮ ਸਿਘ ਬਹਿਲਪੁਰੀ ਪੂਨਮ ਬਾਲਾ, ਹਰਬੰਸ ਕਿਰਨ, ਕੇਵਲ ਸਾਂਵਰਾ, ਢੋਲਕ ਮਾਸਟਰ ਕੇਵਲ ਰਾਮ ਧਮਾਕਾ ਸਟੇਜਾਂ ਤੇ ਨਾਲ ਜਾਇਆ ਕਰਦੇ । ਸਾਰੀ ਰਾਤ ਨਾਟਕ ਖੇਡਣੇਂ ਅਤੇ ਓਹਨਾਂ ਵਿੱਚ ਰੋਲ ਵੀ ਕਰਨੇਂ ਅਤੇ ਵਿਸ਼ੇਸ਼ ਤੌਰ ਤੇ ਹਰਮੋਨੀਅ ਵੀ ਵਜਾਉਂਣਾ ਉਸ ਦੀ ਖੂਬੀ ਸੀ। ਓਸ ਵੇਲੇ ਰਮੇਸ਼ ਚੌਹਾਨ ਤੂੰਬੀ ਅਤੇ ਅਲਗੋਜ਼ਿਆਂ ਨਾਲ ਗਾਇਆ ਕਰਦਾ ਸੀ । ਉਸ ਦਾ ਵਿਆਹ ਜਸਵਿੰਦਰ ਕੌਰ ਜੱਸਲ ਨਾਲ ਪਿੰਡ ਮਾਧੋਪੁਰ ਵਿਖੇ ਹੋਇਆ । 1988 ਵਿੱਚ ਸ਼ਿੰਗਾਰਾ ਰਾਮ ਸਹੂੰਗੜੇ ਨਾਲ ਇਲੈਕਸ਼ਨ ਪ੍ਰਚਾਰ ਕਰਨ ਲਈ ਦਿਨ ਰਾਤ ਇੱਕ ਕੀਤਾ । ਕਾਫੀ ਸਮਾਂ ਹਰਭਜਨ ਲਾਖਾ, ਅਵਤਾਰ ਸਿੰਘ ਕਰੀਮਪੁਰੀ, ਦੇਸ਼ ਰਾਜ ਮੱਲ, ਤੇਜਿੰਦਰ ਝੱਲੀ, ਪਿਆਰੇ ਲਾਲ ਝੱਲੀ ਹੋਣਾ ਨਾਲ ਜਾਂਦਾ ਰਿਹਾ ,ਪਰ 1988 ਵਿੱਚ ਇਹ ਮਿਸ਼ਨਰੀ ਕਲਾਕਾਰ ਇੱਕ ਪ੍ਰੋਫੈਸ਼ਨਲ ਸਿੰਗਰ ਬਣ ਗਿਆ । ਜਿਸ ਨੇ ਫਗਵਾੜਾ ਵਿਖੇ ਦਫ਼ਤਰ ਬਣਾ ਲਿਆ। ਧਾਰਮਿਕ, ਕਲਚਰ ਹਰ ਤਰ੍ਹਾਂ ਦੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ, ਪਰ ਸਟੇਜ ਤੇ ਆਪਣੇ ਰਹਿਬਰਾਂ ਦੀ ਗੱਲ ਕਰਨੀ ਨਾ ਛੱਡੀ। ਜਿਨ੍ਹਾਂ ਨੇ ਸਾਨੂੰ ਸਟੇਜਾਂ ਤੇ ਬੋਲਣ ਅਤੇ ਸੁਣਨ ਦਾ ਅਧਿਕਾਰ ਲੈ ਕੇ ਦਿੱਤਾ । ਉਹ ਕਹਿੰਦਾ ਸਾਨੂੰ ਆਪਣੇ ਹੱਕਾਂ ਖਾਤਰ ਹਰ ਵੇਲੇ ਖੜ੍ਹਨਾ ਚਾਹੀਦਾ ਹੈ । ਉਸ ਨੇ ਆਪਣੀ ਗਾਇਕੀ ਸਫ਼ਰ ਵਿੱਚ ਕਈ ਟੂਰ ਯੌਰਪ ਦੇ ਵੀ ਲਾਏ ਜਿਹਨਾਂ ਵਿੱਚ ਇਟਲੀ, ਦੁਬਈ ਵਿਖੇ ਵੀ ਸਤਿਗੁਰ ਰਵਿਦਾਸ ਅਤੇ ਬਾਬਾ ਸਾਹਿਬ ਜੀ ਦੀ ਮਿਸਨ ਦੀ ਗੱਲ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ। ਤਕਰੀਬਨ 400 ਦੇ ਕਰੀਬ ਗੀਤ ਆਡੀਓ, ਵੀਡੀਓ ਕੈਸਟਾਂ ਵਿੱਚ ਅਤੇ ਵੱਖ ਵੱਖ ਕੰਪਨੀਆਂ ਨੇ ਰਿਲੀਜ਼ ਕੀਤੇ। ਓਸਦੇ ਗਾਏ ਗੀਤਾਂ ਵਿੱਚ 'ਮਾਂਵਾਂ ਨੂੰ ਪੁੱਤ ਇੱਕੋ ਜਿਹੇ, ਬਾਪੂ ਤੇਰੀਆਂ ਗੱਲਾਂ, ਓਡੀਕ, ਤਕਦੀਰਾਂ , ਇਸ਼ਕ ਕਮਾਉਣਾ ਸੌਖਾ ਨਹੀਂ ਕਾਫੀ ਹਿੱਟ ਰਹੇ । ਓਸ ਨਾਲ ਬਹੁਤ ਸਾਰੀਆਂ ਨਾਮਵਰ ਸਿੰਗਰ ਜਿਵੇਂ ਸੁਦੇਸ਼ ਕੁਮਾਰੀ, ਮਿਸ ਪੂਜਾ, ਪੂਨਮ ਬਾਲਾ , ਰਾਣੀ ਅਰਮਾਨ, ਬੀਨਾ ਬਾਲੀ, ਬਲਵੀਰ ਰਾਗਣੀ, ਜਤਿੰਦਰ ਪਿੰਕੀ ਨੇ ਗੀਤ ਰਿਕਾਰਡ ਕੀਤੇ। ਉਨਾਂ ਦੇ ਗਾਏ ਹੋਏ ਗੀਤ ਯੂਟਿਊਬ ਤੇ ਉਪਲੱਬਧ ਹਨ । ਬਹੁਤ ਸਾਰੇ ਗੀਤਕਾਰ ਜਿਨ੍ਹਾਂ ਦੇ ਗੀਤ ਰਿਕਾਰਡ ਕਰਵਾਏ, ਅਮਰੀਕ ਕਟਾਰੀਆ, ਸ਼ਿੰਗਾਰ ਮਸਾਣੀ ,ਕਸ਼ਮੀਰ ਬੱਸਨ ਲਾਂਧੜਾ, ਮੀਕਾ ਮਸਾਣੀ, ਮਨਮੋਹਣ ਜੱਖੂ ਜਰਮਨ,ਗੋਰਾ ਢੇਸੀ,ਪੰਮੀ ਜਾਂਗਪੁਰੀ, ਦਿਲ ਨਿੱਝਰ, ਮਲਕੀਤ ਜੰਡੀ , ਗੁਰਚਰਨ ਬੱਧਣ, ਹਰਮੇਸ਼ ਸੰਧੂ ਜ਼ਿਕਰਯੋਗ ਨਾਂ ਹਨ। ਉਸ ਦਾ ਸਾਰਾ ਪਰਿਵਾਰ ਹੀ ਸੰਗੀਤਕ ਪਰਿਵਾਰ ਹੈ ਅਤੇ ਗਾਇਕੀ ਖੇਤਰ ਵਿੱਚ ਨਿਪੁੰਨ ਹੈ ।ਵੱਡਾ ਬੇਟਾ ਅਮਨਦੀਪ ਚੌਹਾਨ ਗੁਰ ਕਿਰਪਾ ਕੀਰਤਨ ਜੱਥਾ ਗੁਰੂ ਘਰ ਇਟਲੀ ਵਿਖੇ ਆਪਣੇਂ ਪੂਰੇ ਗਰੁੱਪ ਨਾਲ ਗਾ ਰਿਹਾ ਹੈ ਅਤੇ ਵੱਖ ਵੱਖ ਕਲਕਾਰਾਂ ਨਾਲ ਕੀ ਬੋਰਡ ਪਲੇ ਕਰਦਾ ਹੈ।

ਇਸੇ ਤਰ੍ਹਾਂ ਛੋਟਾ ਬੇਟਾ ਅਸ਼ਵਨੀ ਕੁਮਾਰ ਚੌਹਾਨ ਤਬਲਾ ਵਾਦਕ ਅਤੇ ਜਿਸ ਦੇ ਬਹੁਤ ਸਾਰੇ ਗੀਤ ਵੀ ਰਿਕਾਰਡ ਹੋ ਚੁੱਕੇ ਹਨ। ਛੋਟੀ ਬੇਟੀ ਰੇਖਾ ਚੌਹਾਨ ਡੀ ਏ ਬੀ ਸਕੂਲ ਵਿੱਚ ਸੰਗੀਤ ਟੀਚਰ ਹੈ , ਜਿਸ ਦੇ ਬਹੁਤ ਸਾਰੇ ਗੀਤ ਰਿਕਾਰਡ ਹੋ ਚੁੱਕੇ ਹਨ । ਪੋਤਾ ਸਾਂਗ ਚੌਹਾਨ, ਦੋਹਤਾ ਅਰਮਾਨ ਰਿਆਜ਼, ਪੋਤੀ ਹਰਲੀਨ ਕੌਰ, ਸੀਰਤ ਕੌਰ, ਨੂੰਹ ਸੁਰਿੰਦਰ ਕੌਰ ਅਤੇ ਗੁਰਜੀਤ ਕੌਰ ਸੰਗੀਤ ਪਰਿਵਾਰ ਨੂੰ ਸਮਰਪਿਤ ਪਰਿਵਾਰ ਹੈ । ਉਸ ਦੇ ਦਿਲ ਵਿੱਚ ਅਨੇਕਾਂ ਗਿਲੇ ਸ਼ਿਕਵੇ ਵੀ ਹਨ ਕਿ ਬਹੁਤੇ ਲੋਕਾਂ ਨੇ ਉਸ ਨੂੰ ਸੱਜਣ ਬਣਾ ਕੇ ਠੱਗਿਆ ਅਤੇ ਉਸਦੀ ਇਮਾਨਦਾਰੀ ਅਤੇ ਦਿਲੀਂ ਪਿਆਰ ਨੂੰ ਵਪਾਰ ਦੀ ਤਰ੍ਹਾਂ ਵਰਤਿਆ ਅਤੇ ਉਸ ਤੋਂ ਮਤਲਬ ਕੱਢ ਕੇ ਪਾਸਾ ਵੱਟ ਲਿਆ। ਪਰ ਫਿਰ ਵੀ ਉਹ ਆਪਣੀ ਸੁਰ ਅਤੇ ਆਵਾਜ਼ ਦੇ ਜ਼ਰੀਏ ਅੱਜ ਵੀ ਸੰਗੀਤ ਦੇ ਖੇਤਰ ਵਿੱਚ ਪਹਿਲਾਂ ਦੀ ਤਰ੍ਹਾਂ ਕਾਰਜਸ਼ੀਲ ਹੈ ਅਤੇ ਆਪਣੇ ਮਨ ਨਾਲ ਇਹੀ ਸਮਝੌਤਾ ਕਰਕੇ ਬੈਠਾ ਹੈ ਕਿ ਸਾਰੀ ਦੁਨੀਆਂ ਹੀ ਇਸ ਤਰ੍ਹਾਂ ਦੀ ਹੀ ਹੈ, ਕਿਸੇ ਤੇ ਕੀ ਸ਼ਿਕਵਾ ਰੋਸਾ ਕਰਨਾ । ਅਸੀਂ ਦੂਆ ਕਰਦੇ ਹਾਂ ਕਿ ਰਮੇਸ਼ ਚੌਹਾਨ ਏਸੇ ਤਰ੍ਹਾਂ ਸਰੋਤਿਆਂ ਦੀ ਸੇਵਾ ਆਪਣੇ ਸਮਾਜਿਕ, ਧਾਰਮਿਕ, ਸੂਫੀ ਅਤੇ ਸੱਭਿਆਚਾਰਕ ਬੋਲਾਂ ਨਾਲ ਕਰਦਾ ਰਹੇ। ਆਮੀਨ !

# ਗਾਇਕ ਪੰਮਾ ਲਧਾਣਾ ਦਾ ਨਵਾਂ ਗੀਤ "ਬਲੈਸਿੰਗ ਆਫ ਬਾਪੂ" ਸ਼ਾਨੋ-ਸ਼ੌਕਤ ਨਾਲ ਹੋਇਆ ਰਿਲੀਜ

**ਰੋਮ (ਇਟਲੀ), ਟੇਕਚੰਦ ਜਗਤਪੁਰ–** ਦੋ ਦਹਾਕਿਆ ਤੋਂ ਇਟਲੀ ਭਰ ਚ ਪੰਜਾਬੀ ਸੰਗੀਤ ਜਗਤ ਦੇ ਖੇਤਰ ਚ ਗਾਇਕ ਪੰਮਾ ਲਧਾਣਾ ਉਹ ਚਰਚਿਤ ਨਾਂਅ ਹੈ ਜਿਸ ਦੇ ਹਰ ਗੀਤ ਨੂੰ ਹਰ ਵਰਗ ਦੇ ਸਰੋਤਿਆ ਨੇ




ਪ੍ਰਵਾਨ ਕੀਤਾ। ਇਟਲੀ ਤੋ ਇਲਾਵਾ ਆਸਟਰੀਆ, ਜਰਮਨ, ਫਰਾਂਸ ਅਤੇ ਬੈਲਜੀਅਮ 'ਚ ਵੀ ਧਾਰਮਿਕ ਸਮਾਗਮਾਂ ਚ ਆਪਣੀ ਗਾਇਕੀ ਦੀ ਧਾਕ ਜਮਾ ਚੁੱਕਿਆ ਹੈ। ਅਨੇਕਾਂ ਮਾਣ- ਸਨਮਾਨਾਂ ਨਾਲ ਸਨਮਾਨਿਤ ਅਤੇ ਬੁਲੰਦ ਅਵਾਜ ਦੇ ਮਾਲਕ ਚਰਚਿਤ ਗਾਇਕ ਪੰਮਾ ਲਧਾਣਾ, ਜਿਸ ਦੇ ਗੀਤਾ, 'ਤਖਤ ਦਿਲੀ ਦਾ ਵਾਜਾਂ ਮਾਰਦਾ" ਏਕੇ ਦਾ ਬਿਗਲ" ਗੁਰੂ ਰਵਿਦਾਸ ਦੀਏ ਕੌਮੇ, ਹੌਸਲੇ ਬੁਲੰਦ ਰੱਖਿਓ ਅਤੇ ਅਨੇਕ ਹੋਰ ਗੀਤਾਂ ਨੂੰ ਸਰੋਤਿਆਂ ਨੇ ਰਜਵਾ ਪਿਆਰ ਦਿਤਾ। ਹੁਣ ਨਾਮਵਰ ਗੀਤਕਾਰ ਮਾਣੀ ਫਗਵਾੜੇ ਵਾਲੇ ਦੀ ਕਲਮ ਚੋਂ ਲਿਖਿਆ ਹੋਇਆ ਗੀਤ ' ਬਲੈਸਿੰਗ ਆਫ ਬਾਪੂ" ਗਾਇਕ ਪੰਮਾ ਲਧਾਣਾ ਲੈ ਕੇ ਸਰੋਤਿਆ ਦੇ ਰੁ- ਬਰੂ ਹੋਇਆ ਹੈ।ਸੁਰਪਰੀਤ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਨੂੰ ਨਾਮਵਰ ਸੰਗੀਤਕਾਰ ਐਮ ਕੇ ਬੀਟ ਨੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ। ਇਸ ਗੀਤ ਦਾ ਫਿਲਮਾਂਕਣ ਸੰਗਮ ਸਟੂਡੀਓ ਨਵਲਾਰਾ ਵਲੋ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਰੀਜੋਇਮੀਲੀਆ ਦੀ ਸਮੁੱਚੀ ਕਮੇਟੀ ਦਾ ਵੀ ਵਿਸ਼ੇਸ਼ ਉਹ ਹਮੇਸ਼ਾ ਰਿਣੀ ਰਹੇਗਾ। ਗਾਇਕ ਪੰਮਾ ਲਧਾਣਾ ਨੇ ਆਸ ਪ੍ਰਗਟਾਈ ਕਿ ਇਹ ਗੀਤ ਸਰੋਤਿਆਂ ਦੀ ਪਸੰਦ ਤੇ ਖਰਾ ਉਤਰੇਗਾ ਅਤੇ ਰੂਹਾਂ ਦਾ ਮੇਲ ਹੋ ਨਿਬੜੇਗਾ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਹੇਸਟਿੰਗਜ਼ ਤੋਂ ਸਜਿਆ ਵਿਸ਼ਾਲ ਨਗਰ ਕੀਰਤਨ






**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਸਿੱਖ ਸੁਸਾਇਟੀ ਹੇਸਟਿੰਗਜ਼ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਅੱਜ ਗੁਰਦੁਆਰਾ ਸਾਹਿਬ ਹੇਸਟਿੰਗਜ਼ ਤੋਂ ਸਜਾਇਆ ਗਿਆ। ਫੁੱਲਾਂ ਲੱਗੀ ਪਾਲਕੀ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਗਿਆ।

ਪੰਜ ਪਿਆਰੇ ਅਤੇ ਪੰਜ ਨਿਸ਼ਾਨਚੀ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸਵੇਰੇ 10।30 ਵਜੇ ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਸਾਹਿਬ ਤੋਂ ਹੋਈ ਅਤੇ ਇਹ ਸ਼ਹਿਰ ਦੇ ਕਈ ਹਿਸਿਆਂ ਦੇ ਵਿਚ ਪਰਿਕਰਮਾ ਕਰਕੇ ਇਹ ਨਗਰ ਕੀਰਤਨ ਵਾਪਿਸ 12 ਵਜੇ ਗੁਰਦੁਆਰਾ ਸਾਹਿਬ ਪਰਤਿਆ। ਸੰਗਤ ਦਾ ਠਾਠਾਂ ਮਾਰਦਾ ਇਕੱਠ ਨਗਰ ਕੀਰਤਨ ਦੀ ਸ਼ਾਨ ਵਧਾ ਰਿਹਾ ਸੀ।

ਜੈਕਾਰਿਆਂ ਦੀ ਗੂੰਜ ਨਾਲ ਹੇਸਟਿੰਗਜ਼ ਸ਼ਹਿਰ ਦਾ ਵੱਖਰਾ ਮਾਹੌਲ ਸਿਰਜਿਆ ਗਿਆ।

ਸਥਾਨਕ ਮੈਂਬਰ ਪਾਰਲੀਮੈਂਟ ਕੈਥਰੀਨ ਵੈਡ ਅਤੇ ਨੈਂਨਸੀ ਲੂ ਵੀ ਪਹੁੰਚੇ। ਭਾਈ ਗੁਰਨਾਮ ਸਿੰਘ ਖੁਰਦਪੁਰ ਵਾ-ਲਿਆਂ ਦੇ ਰਾਗੀ ਜੱਥੇ ਨੇ ਇਸ ਮੌਕੇ ਕੀਰਤਨ ਅਤੇ ਕਵੀਸ਼ਰੀ ਜੱਥਾ ਭਾਈ ਗੁਰਮੁੱਖ ਸਿੰਘ ਨੇ ਵੀ ਇਸ ਮੌਕੇ ਜੋਸ਼ਮਈ ਕਵਿਤਾਵਾਂ ਸਰਵਣ ਕਰਵਾਈਆਂ।

ਨਗਰ ਕੀਰਤਨ ਦੇ ਮੂਹਰੇ ਗਤਕੇ ਦੇ ਜੌਹਰ ਵੀ ਵਿਖਾਏ ਗਏ। ਸੰਗੀਤਕ ਸੁਰਾਂ ਲਈ ਗੋਰਿਆਂ ਦਾ ਬੈਂਡ ਵੀ ਮੰਗਵਾਇਆ ਗਿਆ ਸੀ। ਸਮੂਹ ਮੈਨੇਜਮੈਂਟ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਵਰਨਣਯੋਗ ਹੈ ਕਿ ਬੀਤੇ ਕੱਲ੍ਹ ਸ੍ਰੀ ਅਖੰਠ ਪਾਠ ਆਰੰਭ ਹੋਏ ਸਨ ਅਤੇ ਕੱਲ੍ਹ ਦਿਨ ਐਤਵਾਰ ਨੂੰ ਸਵੇਰੇ 10 ਵਜੇ ਭੋਗ ਪਾਏ ਜਾਣਗੇ ਅਤੇ ਕੀਰਤਨ ਦੀਵਾਨ ਸਜੇਗਾ। ਸਮੂਹ ਸੰਗਤ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ ਗਈ ਹੈ।

# ਭਾਰਤੀ ਔਰਤ ਨੇ ਚਚੇਰੇ ਭਰਾ ਨੂੰ 10 ਦਿਨ ਦਾ ਵੀ ਵੀਜ਼ਾ ਮਿਲਣ 'ਤੇ ਵਤਨ ਵਾਪਸੀ ਦਾ ਲਿਆ ਫੈਸਲਾ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਕ ਕੀਵੀ ਇੰਡੀਅਨ ਔਰਤ ਜੋ ਕਿ ਇਥੇ 8 ਸਾਲ ਤੋਂ ਰਹਿ ਸੀ ਨੇ ਇਮੀਗ੍ਰੇਸ਼ਨ ਦੇ ਇਕ ਫੈਸਲੇ ਤੋਂ ਨਾਰਾਜ਼ ਹੁੰਦਿਆ ਨਿਊਜ਼ੀਲੈਂਡ ਦੇਸ਼ ਨੂੰ ਛੱਡਣ ਦਾ ਫੈਸਲਾ ਲਿਆ ਹੈ ਅਤੇ ਕਿਹਾ ਹੈ ਕਿ ਉਹ ਹੁਣ ਇੰਡੀਆ ਹੀ ਵਾਪਿਸ ਚਲੇ ਜਾਵੇਗੀ। ਇਹ ਔਰਤ ਇਸ ਵੇਲੇ ਨੌਕਰੀ ਲੱਭਣ ਦੀ ਭਾਲ ਵਿਚ ਹੈ। ਦਰਅਸਲ ਇਸ ਔਰਤ ਨੇ ਆਪਣੇ ਪਿਤਾ ਜੀ ਨੂੰ ਇਥੇ ਬੁਲਾਉਣ ਦਾ ਸੋਚਿਆ ਸੀ। ਵੀਜ਼ਾ ਅਪਲਾਈ ਕੀਤਾ, ਵੀਜ਼ਾ ਤਾਂ ਮਿਲ ਗਿਆ ਪਰ ਉਸਦੇ ਪਿਤਾ ਜੀ ਇਕੱਲੇ ਆਉਣ ਦੇ ਸਮਰੱਥ ਨਹੀਂ ਸਨ। ਇਸ ਕਰਕੇ ਉਸਨੇ ਆਪਣੇ ਚਚੇਰੇ ਭਰਾ ਲਈ 10 ਦਿਨ ਦਾ ਵੀਜ਼ਾ ਅਪਲਾਈ ਕੀਤਾ ਤਾਂ ਕਿ ਉਹ ਉਸਦੇ ਪਿਤਾ ਨੂੰ ਇਥੇ ਲਿਆ ਸਕਣ। ਪਰ ਇਮੀਗ੍ਰੇਸ਼ਨ ਨੇ ਉਸ ਨੂੰ ਵੀਜ਼ਾ ਨਹੀਂ ਦਿੱਤਾ, ਕਿਉਂਕ ਇਮੀਗ੍ਰੇਸ਼ਨ ਸੋਚਦੀ ਸੀ ਕਿ ਉਹ ਵਾਪਿਸ ਨਹੀਂ ਜਾਵੇਗਾ। ਉਸਦਾ ਚਚੇਰਾ ਭਰਾ ਇਕੱਲਾ ਸੀ ਅਤੇ ਇਮੀਗ੍ਰੇਸ਼ਨ ਸਮਝਦੀ ਸੀ ਕਿ ਉਹ ਵਾਪਿਸ ਨਹੀਂ ਜਾਵੇਗਾ। ਇਸ ਔਰਤ ਨੇ ਆਪਣੇ ਚਚੇਰਾ ਭਰਾ ਦਾ ਦੁਬਾਰਾ ਵੀਜ਼ਾ ਵੀ ਅਪਲਾਈ ਕੀਤਾ, ਪਰ ਵੀਜ਼ਾ ਨਹੀਂ ਮਿਲਿਆ। ਇਸ ਗੱਲ ਤੋਂ ਇਹ ਔਰਤ ਐਨਾ ਖਫ਼ਾ ਹੋਈ ਕਿ ਉਸਨੇ ਹੁਣ ਇੰਡੀਆ ਵਾਪਿਸ ਜਾਣ ਦਾ ਫੈਸਲਾ ਲੈ ਲਿਆ।

# ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਲਈ 3 ਮਰਲੇ ਦਾਨ ਕਰਨ ਤੇ ਪਰਿਵਾਰ ਨੂੰ ਕੀਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਸਨਮਾਨ ਸਮਾਰੋਹ ਮੌਕੇ ਸਰਪੰਚ ਸ੍ਰੀ ਭਾਗ ਚੰਦ,ਨਿੰਦਰ ਮਾਈਦਿੱਤਾ ਅਤੇ ਕੇਵਲ ਲਾਲ ਪ੍ਰਧਾਨ ਸ੍ਰੀ ਗੁਰੂਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਮਾਈ ਦਿੱਤਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪ੍ਰੈਸ ਦੇ ਨਾਂ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸ੍ਰੀ ਮਤੀ ਭਜਨ ਕੌਰ ਪਤਨੀ ਮਰਹੂਮ ਸ੍ਰੀ ਤਰਸੇਮ ਸਿੰਘ ਪੁੱਤਰ ਪਰੀਤੂ ਰਾਮ ਵਾਸੀ ਪਿੰਡ ਮੀਰਪੁਰ ਲੱਖਾ ਹਾਲ ਮਾਲਕ ਜਗਾ ਮਾਈਦਿੱਤਾ ਸਬ. ਤਹਿ. ਔੜ ਜਿਲ੍ਹਾ ਸ਼.ਭ.ਸ.ਨਗਰ ਨੇ ਆਪਣੀ ਵਿਰਾਸਤੀ ਜੱਦੀ ਜਾਇਦਾਦ ਰਕਬਾ ਲਗਭਗ 3 ਮਰਲੇ ਆਪਣੇ ਪਰਿਵਾਰ ਦੀ ਸਹਿਯੋਗ ਅਤੇ ਖੁਸ਼ੀ ਨਾਲ ਮਾਈ ਦਿੱਤਾ ਦੇ ਗੁਰਦੁਆਰਾ ਸਾਹਿਬ (ਸ੍ਰੀ ਗੁਰੂ ਰਵਿਦਾਸ ਜੀ) ਨੂੰ ਦਾਨ ਵਜੋ ਦਿੱਤਾ ਗਿਆ ਹੈ। ਉਹਨਾਂ ਆਪਣੇ ਇਕਰਾਰਨਾਮੇ – ਦਾਨਨਾਮੇ 'ਚ ਦਰਸਾਇਆ ਹੈ, ਕਿ ਇਹ ਥਾਂ ਹੁਣ ਗੁਰਦੁਆਰਾ ਸਾਹਿਬ ਵੱਲੋ ਕਿਸੇ ਵੀ ਕੰਮ ਲਈ ਵਰਤੀ ਜਾ ਸਕਦੀ ਹੈ, ਅਤੇ ਵੇਚੀ ਨਹੀਂ ਜਾਵੇਗੀ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਸ੍ਰੀ ਮਤੀ ਭਜਨ ਕੌਰ ਪਤਨੀ ਮਰਹੂਮ ਤਰਸੇਮ ਸਿੰਘ ਜੀ ਨੂੰ ਅਤੇ ਵਿਸ਼ੇਸ਼ ਸਹਿਯੋਗ ਲਈ ਛਿੰਦਰਪਾਲ ਤੇ ਨਾਲ ਆਏ ਸਾਥੀਆ ਨੂੰ ਸਿਰੋਪਾਓ ਭੇਟ ਕਰਕੇ ਪਿੰਡ ਵਾਸੀਆਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਅਗਾਂਹਵਧੂ ਕਾਰਜ ਲਈ ਸਮੁੱਚੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਸਪੋਰਟਸ ਐਂਡ ਵੈਲਫੇਅਰ ਕਲੱਬ, ਹੈਲਪ ਸੈਲਫ ਗਰੁੱਪ ਅਤੇ ਨਗਰ ਨਿਵਾਸੀਆਂ ਵਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।



ਇਸ ਮੌਕੇ ਨੰਬਰਦਾਰ ਸੁੱਚਾ ਰਾਮ, ਗੁਰਮੀਤ ਰਾਮ, ਹਰਦੇਵ ਰਾਮ ਸਾਬਕਾ ਪੰਚ, ਗਿਆਨੀ ਤਰਨਜੀਤ ਸਿੰਘ, ਮਹਿੰਦਰ ਸਿੰਘ, ਜੀਵਨ ਲਾਲ ਟੈਂਕੀ ਉਪਰੇਟਰ, ਜਸਪਾਲ ਸਿੰਘ ਸੇਵਾ ਮੁਕਤ ਬਿਜਲੀ ਬੋਰਡ, ਸ਼ਕੁੰਤਲਾ ਦੇਵੀ ਸਾਬਕਾ ਪੰਚ, ਆਂਗਨਵਾੜੀ ਵਰਕਰ ਰਾਜਵਿੰਦਰ ਕੌਰ, ਬਲਜਿੰਦਰ ਕੌਰ, ਬਲਵੀਰ ਕੌਰ, ਸੋਢੀ ਰਾਮ ਪੰਚ, ਨਰਿੰਦਰ ਸਿੰਘ, ਪ੍ਰੇਮ ਲਾਲ ਪੰਚ, ਕਮਲਜੀਤ ਕੌਰ, ਰੀਨਾ ਰਾਣੀ ਆਦਿ ਹਾਜ਼ਰ ਸਨ।

# ਪੰਜਾਬੀ ਗੀਤਕਾਰ ਮੰਗਲ ਹਠੂਰ ਆਸਟ੍ਰੇਲੀਆ ਟੂਰ 'ਤੇ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–**ਪੰਜਾਬੀ ਗੀਤਕਾਰੀ ਦੇ ਅਲੰਬਰਦਾਰ ਜਨਾਬ ਮੰਗਲ ਹਠੂਰ ਅੱਜਕੱਲ੍ਹ ਆਸਟ੍ਰੇਲੀਆ ਟੂਰ ਤੇ ਆਏ ਹੋਏ ਹਨ, ਜਿੱਥੇ ਉਹ ਵੱਖ-ਵੱਖ ਸਾਹਿਤਕ ਸੱਭਿਆਚਾਰਕ ਸੰਸਥਾਵਾਂ ਅਤੇ ਖੇਡ ਕਲੱਬਾਂ ਵੱਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ ਤੇ ਆਪਣੇ ਖੂਬ-ਸੂਰਤ ਅਲਫਾਜ਼ਾਂ ਗੀਤਾਂ ਨਾਲ ਸਰੋਤਿਆਂ ਦੇ ਰੂਬਰੂ ਹੋਣਗੇ।

ਉਹਨਾਂ ਦੀ ਪਹਿਲੀ ਮਹਿਫਿਲ ਓਲਡ ਮੌਂਕ ਕ੍ਰਿਕਟ ਕਲੱਬ, ਟਰਗਨੀਨਾ ਯੂਨਾਇਟਡ ਕ੍ਰਿਕਟ ਕਲੱਬ ਵਲੋਂ ਪ੍ਰਸਿੱਧ ਗਾਇਕ ਜਗਜੀਤ ਸਿੰਘ, ਅਵਤਾਰ ਸਿੰਘ ,ਲੱਕੀ ਜੋਸ਼ੀ ਤੇ ਸਹਿਯੋਗ ਨਾਲ ਕਰਵਾਈ ਗਈ। ਮਹਿਫ਼ਲ ਵਿੱਚ ਆਏ ਸਾਰੇ ਸੱਜਣਾਂ ਦਾ ਗੀਤਕਾਰ ਮੰਗਲ ਹਠੂਰ ਨੇ ਆਪਣੇ ਗੀਤਾਂ ਨਾਲ ਰੰਗ ਬੰਨ ਕੇ ਧੰਨਵਾਦ ਕੀਤਾ। ਰਾਤ ਦੇਰ ਤੱਕ ਚੱਲੀ ਇਸ ਮਹਿਫ਼ਲ ਵਿੱਚ ਗਾਇਕ ਜਗਜੀਤ ਸਿੰਘ ਨੇ ਵੀ ਹਾਜ਼ਰੀ "ਮੁੱਠੀ ਲੂਣ" ਅਤੇ "ਤੇਰੇ ਬਿਨ੍ਹਾਂ ਨਾ ਸਹਾਰਾ ਕੋਈ ਮੇਰਾ" ਗਾ ਕੇ ਹਾਜ਼ਰੀ ਲਗਵਾਈ। ਮਹਿਫ਼ਲ ਵਿੱਚ "ਪਿੰਡ ਦਾ ਗੇੜਾ" ਕਿਤਾਬ ਵੀ ਰੂਬਰੂ ਕੀਤੀ ਗਈ।



# ਸਮਾਜ ਸੇਵੀ ਸੰਸਥਾ "ਸਾਹਲੋਂ ਸੇਵਾ ਸੁਸਾਇਟੀ" ਦਾ ਗਠਨ ਕੀਤਾ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਸਾਹਲੋਂ ਵਿਖੇ ਸਮਾਜ ਸੇਵੀ ਐਨ. ਆਰ. ਆਈਜ਼. ਸਾਥੀਆਂ ਦੇ ਵਿਸ਼ੇਸ਼ ਤੇ ਸਲਾਹੁਣਯੋਗ ਯਤਨਾਂ ਸਦਕਾ ਪਿੰਡ ਦੇ ਅਗਾਂਹਵਧੂ ਸੋਚ ਰੱਖਣ ਵਾਲੇ ਉੱਦਮੀ ਵਿਆਕਤੀਆਂ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਪਿੰਡ ਦੀ ਬਿਹਤਰੀ ਤੇ ਤਰੱਕੀ ਲਈ ਵਿਚਾਰਾਂ ਕੀਤੀਆਂ ਗਈਆਂ। ਜਿਸ ਵਿੱਚ ਸਾਰੇ ਹਾਜ਼ਰੀਨ ਨੇ ਹਾਂ ਵਿਚ ਹਾਂ ਮਿਲਾਈ ਤੇ ਸੱਚੇ ਮੰਨ ਨਾਲ ਇੱਕ ਦੂਜੇ ਦੇ ਸਾਥ ਨਾਲ ਕਾਰਜ ਕਰਨ ਦਾ ਪ੍ਰਣ ਲਿਆ। ਇਸ ਪਿੰਡ ਦੀ ਤਰੱਕੀ ਲਈ ਕੁੱਝ ਪ੍ਰੋਜੈਕਟਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ, ਅਤੇ ਸਾਰੇ ਕਾਰਜਾਂ ਦੀ ਪੂਰਤੀ ਲਈ ਐਨ। ਆਰ। ਆਈ। ਵੀਰਾਂ ਦੀ ਸਲਾਹ ਨਾਲ ਸਰਵਸੰਮਤੀ ਨਾਲ ਕਾਰ-ਜਕਾਰੀ ਕਮੇਟੀ ਦਾ ਗਠਨ ਕੀਤਾ ਗਿਆ।

ਜਿਸ ਵਿੱਚ ਸ. ਗੁਰਪ੍ਰੀਤ ਸਿੰਘ ਨੂੰ ਪ੍ਰਧਾਨ, ਪਰਮਿੰਦਰ ਸਿੰਘ ਨੂੰ ਮੀਤ ਪ੍ਰਧਾਨ, ਹਰਮੇਸ਼ ਭਾਰਤੀ ਨੂੰ ਜਨਰਲ ਸਕੱਤਰ, ਜਸਵਿੰਦਰ ਸਿੰਘ ਨੂੰ ਸਕੱਤਰ, ਗੁਰਚਰਨ ਸਿੰਘ ਨੂੰ ਖ਼ਜ਼ਾਨਚੀ, ਹਰਜੀਤ ਸਿੰਘ ਨੂੰ ਸਹਾਇਕ ਖ਼ਜ਼ਾਨਚੀ, ਸੱਤ ਪਾਲ ਸਾਹਲੋਂ ਨੂੰ ਪ੍ਰੈਸ ਸਕੱਤਰ ਅਤੇ ਚਰਨ ਸਿੰਘ, ਜਸਵੰਤ ਸਿੰਘ, ਜਰਨੈਲ ਸਿੰਘ ਤੇ ਉਂਕਾਰ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ। ਇਹ ਕਮੇਟੀ ਪਿੰਡ ਦੇ ਮੋਹਤਬਰਾਂ ਦੀ ਸਲਾਹ ਨਾਲ ਪਿੰਡ ਵਿੱਚ ਸਮਾਜ ਸੇਵੀ ਕਾਰਜਾਂ ਨੂੰ ਅਗਾਂਹ ਵਧਾਏਗੀ ਤੇ ਨਿਰਪੱਖਤਾ ਨਾਲ ਸਭ ਨੂੰ ਨਾਲ ਲੈ ਕੇ ਕਾਰਜ ਕਰੇਗੀ।



# ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਇੰਡੀਅਨ ਐਸੋਸਿਏਸ਼ਨ ਅਜਮਾਨ ਯੁਏਈ ਵਿੱਚ ਸਮਾਗਮ ਕਰਵਾਇਆ ਗਿਆ



ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ ਉਤਸੱਵ ਸਬੰਧੀ ਇੰਡੀਅਨ ਐਸੋਸਿਏਸ਼ਨ ਅਜਮਾਨ ਯੁਏਈ ਵਿੱਚ ਵਿੱਚ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਵਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਸੋਸਾਇਟੀ ਦੇ ਪ੍ਰਧਾਨ ਰੂਪ ਸਿੱਧੂ ਦੀ ਦੇਖ ਰੇਖ ਵਿੱਚ ਕਰਵਾਏ ਗਏ ਸਮਾਗਮ ਦੇ ਸ਼ੁਰੂ ਵਿੱਚ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਪਾਠ ਕਰਨ ਉਪਰੰਤ ਕੀਰਤਨ ਅਤੇ ਗੁਰਬਾਣੀ ਵਿਚਾਰਾਂ ਹੋਈਆਂ। ਸਭ ਤੋਂ ਪਹਿਲਾਂ ਬਾਬਾ ਕਮਲਰਾਜ ਸਿੰਘ ਗੱਡੂ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਇਸ ਮੌਕੇ ਦੇਸ਼ ਵਿਦੇਸ਼ ਤੋਂ ਪਹੁੰਚੇ ਵੱਖ ਵੱਖ ਵੱਖ ਵੱਖ ਕੀਰਤਨੀ ਜਥਿਆਂ ਭਾਈ ਮਨਪ੍ਰੀਤ ਸਿੰਘ, ਭਾਈ ਜੁਗਪ੍ਰੀਤ ਸਿੰਘ, ਭਾਈ ਜਸਪਾਲ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ ਅਤੇ ਹਾਜਰ ਲੋਕਾਂ ਨੂੰ ਕੀਰਤਨ ਰਾਹੀਂ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਦੇਸ਼ ਵਿਦੇਸ਼ ਤੋਂ ਪਹੁੰਚੇ ਸਮਾਜਿਕ ਆਗੂਆਂ ਡਾਕਟਰ ਅਨਿਲ ਬੰਕਰ, ਕੁਲਦੀਪ ਚੰਦ ਦੋਭੇਟਾ, ਸਕੱਤਰ ਬਲਵਿੰਦਰ ਸਿੰਘ, ਪ੍ਰਧਾਨ ਰੂਪ ਸਿੱਧੂ, ਜਸਵਿੰਦਰ ਸਿੰਘ ਪ੍ਰਦੇਸੀ ਆਦਿ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਮਿਸ਼ਨ ਸਬੰਧੀ ਵਰਣਨ ਕੀਤਾ ਅਤੇ ਉਨ੍ਹਾਂ ਵਲੋਂ ਦਰਸਾਏ ਗਏ ਰਸਤੇ ਤੇ ਚੱਲਕੇ ਬਰਾਬਰਤਾ ਵਾਲਾ ਸਮਾਜ ਉਸਾਰਨ ਦਾ ਸੁਨੇਹਾ ਤਾ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਰੂਪ ਸਿੱਧੂ ਨੇ ਸੋਸਾਇਟੀ ਦੇ ਕੰਮਾ ਅਤੇ ਗਤੀਵਿਧੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਮਹਾਰਾਜ ਵਲੋਂ ਦਰਸਾਏ ਰਸਤੇ ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਈਚਾਰਕ ਸਾਂਝ ਵਧਾਕੇ, ਨਸ਼ਿਆਂ ਨੂੰ ਤਿਆਗਕੇ, ਸਮਾਜ ਭਲਾਈ ਕੰਮ ਕਰਕੇ ਅਤੇ ਪ੍ਰਭੂ ਸਿਮਰਨ ਨਾਲ ਜੁੜਕੇ ਹੀ ਸਤਿਗੁਰਾਂ ਵਲੋਂ ਦਰਸਾਏ ਰਸਤੇ ਤੇ ਚੱਲ ਸਕਦੇ ਹਾਂ। ਇਸ ਸਮਾਗਮ ਵਿੱਚ ਆਬੂ ਧਾਬੀ, ਦੁਬਈ, ਜਬਲ ਅਲੀ, ਕਲਵਾ, ਖੋਰਫਕਾਨ, ਰਾਸ ਅਲ ਖੇਮਾਂ, ਅਲ ਰਮਸ, ਉਮ ਅਲ ਕੁਈਨ ਸ਼ਾਰਜਹਾਂ ਅਤੇ ਅਜ਼ਮਾਨ ਤੋਂ ਹਜਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਸਮਾਗਮ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਬੰਧਕਾਂ ਵਲੋਂ ਚਾਹ ਪਕੋੜਿਆਂ ਅਤੇ ਗੁਰੂ ਦਾ ਲੰਗਰ ਅਤੁਟ ਵਰਤਾਇਆ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

**ਕੁਲਦੀਪ ਚੰਦ 9417563054**

# ਅੰਬੇਡਕਰ ਮਿਸ਼ਨ ਸੋਸਾਇਟੀ ਨੇ ਕੀਤੀ ਸਮੀਖਿਆ ਮੀਟਿੰਗ, ਬੁੱਧ ਜੈਅੰਤੀ ਮਨਾਈ ਜਾਏਗੀ 23 ਮਈ ਨੂੰ



**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਉਤਸਵ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ 14 ਅਪ੍ਰੈਲ ਨੂੰ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ ਬਹੁਤ ਹੀ ਉਤਸਾਹ ਅਤੇ ਸ਼ਰਧਾ ਨਾਲ ਵਿਸ਼ਾਲ ਪੱਧਰ ਤੇ ਮਨਾਇਆ ਗਿਆ ਸੀ, ਜਿਸ ਵਿੱਚ ਅੰਬੇਡਕਰੀ ਵਿਚਾਰਕ ਸੁਭਾਸ਼ ਚੰਦ ਮੁਸਾਫਰ ਪਾਲਮਪੁਰ (ਹਿਮਾਚਲ ਪ੍ਰਦੇਸ਼) ਨੇ ਮੁੱਖ ਮਹਿਮਾਨ ਵਜੋਂ ਅਤੇ ਡਾ। ਰਿਤੂ ਸਿੰਘ, ਅਸਿਸਟੈਂਟ ਪ੍ਰੋਫੈਸਰ (ਦਿੱਲੀ ਯੂਨੀਵਰਸਿਟੀ) ਤੇ ਪੰਜਾਬ ਕੋਆਰਡੀਨੇਟਰ, ਮਿਸ਼ਨ ਸੇਵ ਕੌਂਸਟੀਚਿਊਸ਼ਨ (ਐਮਐਸਸੀ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਕੇ ਬਾਬਾ ਸਾਹਿਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਸਨ। ਇਸ ਸਮਾਗਮ ਵਿੱਚ ਸਰੋਤਿਆਂ ਦੀ ਸਹਿਮਤੀ ਨਾਲ ਤਿੰਨ ਮਤੇ ਵੀ ਪਾਸ ਕੀਤੇ ਗਏ। ਪਹਿਲਾ ਮਤਾ ਪਾਸ ਕਰਕੇ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਪੰਜਾਬ ਸ਼ਡਿਊਲ ਕਾਸਟ ਕਮਿਸ਼ਨ ਦਾ ਚੇਅਰਮੈਨ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਤ ਵਿਅਕਤੀ ਹੀ ਲਗਾਇਆ ਜਾਵੇ, ਪੰਜਾਬ ਸ਼ਡਿਊਲਡ ਕਾਸਟ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਮੁੜ ਤੋਂ ਵਧਾ ਕੇ 10 ਕੀਤੀ ਜਾਵੇ ਅਤੇ ਉਹਨਾਂ ਦੀ ਉੱਪਰ ਦੀ ਉਮਰ ਦੀ ਕੋਈ ਸੀਮਾ ਨਾ ਰੱਖੀ ਜਾਵੇ। ਦੂਜਾ ਮਤਾ ਪਾਸ ਕਰਕੇ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਸਰਕਾਰੀ ਕਾਲਜਾਂ ਅਤੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਜਲਦ ਤੋਂ ਜਲਦ ਭਰੀਆਂ ਜਾਣ ਤਾਂ ਜੋ ਇਹਨਾਂ ਸਰਕਾਰੀ ਕਾਲਜਾਂ ਅਤੇ ਸਕੂਲਾਂ ਵਿੱਚ ਪੜ੍ਹ ਰਹੇ ਗਰੀਬ ਵਰਗ ਦੇ ਬੱਚਿਆਂ ਦੀ ਸਿੱਖਿਆ ਪ੍ਰਭਾਵਿਤ ਨਾ ਹੋਵੇ। ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਅਧਿਆਪਕਾਂ ਦੀ ਭਰਤੀ ਲਈ ਸਰਕਾਰੀ ਕਾਲਜਾਂ ਦੇ ਨਾਲ ਨਾਲ ਪ੍ਰਾਈਵੇਟ ਕਾਲਜਾਂ ਵਿੱਚ ਵੀ ਰਾਖਵਾਂਕਰਨ ਕੋਟਾ ਲਾਗੂ ਕਰਕੇ ਉਨ੍ਹਾਂ ਦੀਆਂ ਅਸਾਮੀਆਂ ਜਲਦ ਭਰੀਆਂ ਜਾਣ। ਤੀਜੇ ਮਤੇ ਵਿਚ ਇਹ ਕਿਹਾ ਗਿਆ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਜੋ ਪਿਛਲੇ 50 ਸਾਲ ਤੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰਨ ਅਤੇ ਸਮਾਜ ਵਿੱਚ ਸਮਾਨਤਾ ਸੁਤੰਤਰਤਾ ਤੇ ਭਾਈਚਾਰੇ ਦੇ ਆਧਾਰ ਤੇ ਸਮਾਜ ਦੀ ਸਥਾਪਨਾ ਕਰਨ ਲਈ ਬਚਨ ਵੱਧ ਹੈ, ਇਸ ਮਹਾਨ ਕਾਰਜ ਲਈ ਉਹ ਭਾਰਤ ਦੇ ਸੰਵਿਧਾਨ ਨੂੰ ਸਰਵੋਤਮ ਮੰਨਦੀ ਹੈ ਪਰ ਪਿਛਲੇ ਦਸ ਸਾਲ ਤੋਂ ਜਦੋਂ ਤੋਂ ਕੇਂਦਰ ਦੀ ਸੱਤਾ ਵਿੱਚ ਬੀਜੇਪੀ ਸਰਕਾਰ ਆਈ ਹੈ ਭਾਰਤ ਦਾ ਸੰਵਿਧਾਨ ਅਤੇ ਸੰਵਿਧਾਨਿਕ ਸੰਸਥਾਵਾਂ ਯੋਜਨਾ-ਵਧ ਢੰਗ ਨਾਲ ਕਮਜ਼ੋਰ ਕੀਤੀਆਂ ਜਾ ਰਹੀਆਂ ਹਨ। ਸਮਾਗਮ ਵਿੱਚ ਹਾਜ਼ਰ ਸਰੋਤਿਆਂ ਅਤੇ ਸੁਸਾਇਟੀ ਨੇ ਇਹ ਸੰਕਲਪ ਲਿਆ ਕਿ ਦੇਸ਼ ਦਾ ਸੰਵਿਧਾਨ ਕਿਸੇ ਵੀ ਕੀਮਤ ਤੇ ਬਦਲਨ ਨਹੀਂ ਦਿੱਤਾ ਜਾਵੇਗਾ ਅਤੇ ਬਾਬਾ ਸਾਹਿਬ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਬਚਾਉਣ ਲਈ ਸੁਸਾਇਟੀ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ। ਮੀਟਿੰਗ ਵਿੱਚ 14 ਅਪ੍ਰੈਲ ਦੇ ਸਮਾਗਮ ਦੀ ਸਮੀਖਿਆ ਕੀਤੀ ਗਈ ਅਤੇ ਇਹ ਤੈਅ ਕੀਤਾ ਗਿਆ ਕਿ ਸਮਾਗਮ ਦੇ ਸੰਚਾਲਨ 'ਚ ਜੋ ਕਮੀਆਂ ਪੇਸ਼ੀਆਂ ਰਹੀਆਂ ਹਨ ਉਹ ਭਵਿੱਖ ਵਿੱਚ ਨਾ ਹੋਣ। ਮੀਟਿੰਗ ਵਿੱਚ ਸਰਬ ਸੰਮਤੀ ਨਾਲ 23 ਮਈ ਨੂੰ ਅੰਬੇਡਕਰ ਭਵਨ ਵਿਖੇ ਬੁੱਧ ਜੈਅੰਤੀ ਮਨਾਉਣ ਦਾ ਫੈਸਲਾ ਵੀ ਲਿਆ ਗਿਆ। ਮੀਟਿੰਗ ਵਿੱਚ ਸਰਬਸ਼੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ), ਡਾ. ਜੀਸੀ ਕੌਲ, ਡਾ. ਚਰਨਜੀਤ ਸਿੰਘ, ਬਲਦੇਵ ਰਾਜ ਭਾਰਦਵਾਜ, ਮੈਡਮ ਸੁਦੇਸ਼ ਕਲਿਆਣ, ਪਰਮਿੰਦਰ ਸਿੰਘ ਖੁਤਨ, ਸੋਮ ਲਾਲ ਮੱਲ, ਰਾਜਕੁਮਾਰ, ਗੌਤਮ ਸਾਂਪਲਾ ਅਤੇ ਡਾ। ਮਹਿੰਦਰ ਸੰਧੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦ-ਵਾਜ ਨੇ ਇੱਕ ਪ੍ਰੈਸ ਨੋਟ ਰਾਹੀਂ ਦਿੱਤੀ।

# ਸੇਫ ਸਕੂਲ ਵਾਹਨ ਪਾਲਿਸੀ ਅਧੀਨ ਸਕੂਲੀ ਬੱਸਾਂ ਦੀ ਜਾਂਚ ਕਰ ਕੱਟੇ 12 ਸਕੂਲੀ ਵਾਹਨਾਂ ਦੇ ਚਲਾਨ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪੰਜਾਬ ਅੰਦਰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਪੁਲਿਸ ਵਿਭਾਗ ਵੱਲੋਂ ਸੰਯੁਕਤ ਤੋਰ ਤੇ ਵਿਸੇਸ ਅਭਿਆਨ ਚਲਾ ਕੇ ਸੋਮਵਾਰ ਨੂੰ ਜਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਬਾਹਰ ਬੱਸਾਂ ਦੀ ਚੈਕਿੰਗ ਕੀਤੀ ਗਈ ਅਤੇ ਕਰੀਬ 12 ਸਕੂਲੀ ਵਾਹਨਾਂ ਦੇ ਚਲਾਨ ਵੀ ਕੱਟੇ ਗਏ। ਇਸ ਮੋਕੇ ਤੇ ਹੋਰਨਾਂ ਤੋ ਇਲਾਵਾ ਟ੍ਰੈਫਿਕ ਇੰਚਾਰਜ ਸ੍ਰੀ ਬ੍ਰਹਮਦੱਤ , ਪ੍ਰਦੀਪ ਕੁਮਾਰ ਐਜੂਕੇਸਨ ਸੈਲ, ਏ.ਐਸ.ਆਈ. ਵਿਜੈ, ਬਲਵਿੰਦਰ ਹੈਡ ਕਾਂਸਟੇਬਲ, ਮਦਨ ਲਾਲ, ਸ੍ਰੀਮਤੀ ਸੰਗੀਤਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਊਸਾ ਲਲੋਤਰਾ ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨੋਕਟ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਅੰਦਰ ਵੀ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਦੇ ਦਿਸਾ ਨਿਰਦੇਸਾਂ ਅਨੁਸਾਰ ਜਿਲ੍ਹੇ ਵਿੱਚ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਵਿਸੇਸ ਅਭਿਆਨ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਅੱਜ ਜਿਲ੍ਹਾ ਪਠਾਨਕੋਟ ਅੰਦਰ ਵਿਸੇਸ ਅਭਿਆਨ ਚਲਾਇਆ ਗਿਆ ਅਤੇ ਵੱਖ ਵੱਖ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ ਸਕੂਲੀ ਬੱਸਾਂ ਦੇ ਡਰਾਇਵਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸੁਰੱਖਿਆ ਸਾਵਧਾਨੀਆਂ ਬਾਰੇ ਜਾਗਰੂਕ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦਾ ਗਠਨ ਭਾਰਤ ਸਰਕਾਰ ਦੇ ਦਾ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਜ਼ ਐਕਟ-2005 ਦੀ ਧਾਰਾ 17 ਤਹਿਤ ਵਿਧਾਨਕ ਸੰਸਥਾ ਹੈ।



ਕਮਿਸ਼ਨ ਪਾਸ ਜੁਵੇਨਾਇਲ ਜਸਟਿਸ (ਕੇਅਰ ਅਤੇ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2015, ਪ੍ਰੋਟੈਕਸ਼ਨ ਆਫ ਚਿਲਡਰਨ ਫਰੋਮ ਸੈਕਸੁਅਲ ਆਫੈਂਸ ਐਕਟ-2012 ਅਤੇ ਰਾਈਟ ਟੂ ਐਜੁਕੇਸ਼ਨ ਐਕਟ -2009 ਅਧੀਨ ਨਿਗਰਾਨੀ ਕਰਨ ਦਾ ਅਧਿਕਾਰ ਹੈ। ਐਕਟ ਦੀ ਧਾਰਾ 13 ਅਧੀਨ ਕਮਿਸ਼ਨ ਪਾਸ ਬਾਲ ਅਧਿਕਾਰਾਂ ਦੀ ਉਲੰਘਣਾਂ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਇੰਨਕੁਆਰੀ ਕਰਨ ਅਤੇ ਉਹਨਾਂ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਦਾ ਵੀ ਅਧਿਕਾਰ ਹੈ। ਕਮਿਸ਼ਨ ਪਾਸ ਇਸ ਐਕਟ ਦੀ ਧਾਰਾ 14 ਅਤੇ ਸਿਵਲ ਪ੍ਰੋਸ਼ੀਜ਼ਰ ਕੋਡ, 1908 ਤਹਿਤ ਕੇਸ ਦੀ ਸੁਣਵਾਈ ਲਈ ਸਿਵਲ ਕੋਰਟ ਦੀਆਂ ਸਕਤੀਆਂ ਹਨ।

ਉਨ੍ਹਾਂ ਦੱਸਿਆ ਕਿ ਅੱਜ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸੇਫ਼ ਸਕੂਲ ਵਾਹਨ ਸਕੀਮ ਦੀਆਂ ਸ਼ਰਤਾਂ ਪੂਰੀਆਂ ਕਰਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਹਨਾਂ ਸ਼ਰਤਾਂ ਪੂਰੀਆਂ ਕਰਦੇ ਵਾਹਨਾਂ ਨੂੰ ਹੀ ਬੱਚਿਆਂ ਲਈ ਵਰਤਣਾ ਸਕੂਲ ਪ੍ਰਿੰਸੀਪਲ ਦੀ ਜ਼ਿੰਮਵਾਰੀ ਹੈ। ਅੱਜ ਜਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਸਮੂਹ ਸਕੂਲਾਂ ਦੇ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਹਦਾਇਤ ਕੀਤੀ ਗਈ ਕਿ ਸੇਫ਼ ਸਕੂਲ ਵਾਹਨ ਸਕੀਮ ਤਹਿਤ 20 ਦਿਨਾਂ ਦੇ ਅੰਦਰ-2 ਜਾਂਚ ਕਰਵਾਉਣੀ ਯਕੀਨੀ ਬਣਾਈ ਜਾਵੇ, ਜੋ ਵਾਹਨ ਸੇਫ਼ ਸਕੂਲ ਵਾਹਨ ਸਕੀਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਉਹਨਾਂ ਵਾਹਨਾਂ ਨੂੰ ਜ਼ਬਤ ਕੀਤਾ ਜਾਵੇਗਾ। ਉਨ੍ਹਾਂ ਸਕੂਲ ਮੁੱਖੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੋ ਸਕੂਲੀ ਵਾਹਨਾਂ ਉਪਰੋਕਤ ਨਿਯਮਾਂ ਦੇ ਅਧਾਰ ਤੇ ਸਰਤਾਂ ਪੂਰੀਆਂ ਨਹੀਂ ਕਰਦੇ ਹਨ ਉਹਨ੍ਹਾਂ ਵਾਹਨਾ ਨੂੰ ਸਕੂਲੀ ਬੱਚਿਆਂ ਨੂੰ ਆਉਂਣ ਜਾਣ ਦੇ ਲਈ ਨਾ ਵਰਤਿਆ ਜਾਵੇ। ਉਨ੍ਹਾਂ ਕਿਹਾ ਕਿ ਸਕੂਲੀ ਵਾਹਨਾਂ ਦੀ ਵਿਸ਼ੇਸ ਤੌਰ ਤੇ ਜਾਂਚ ਕੀਤੀ ਜਾਵੇਗੀ।

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀਆਂ ਨੂੰ ਸਿਹਤ ਸਬੰਧੀ ਕੀਤਾ ਜਾਗਰੂਕ

**ਸੰਗਰੂਰ, (ਦਲਜੀਤ ਕੌਰ)** ਹਾਈ ਰਿਸਕ ਗਰਭਵਤੀ ਔਰਤਾਂ ਨੂੰ ਸਮੇਂ ਤੋਂ ਪਹਿਲਾਂ ਪਹਿਚਾਨਣ ਅਤੇ ਸਮਾ ਰਹਿੰਦਿਆਂ ਉਹਨਾ ਦਾ ਇਲਾਜ ਕਰਨ ਦੇ ਮੰਤਵ ਨਾਲ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਸੂਬੇ ਅੰਦਰ ਹਰ ਮਹੀਨੇ 9 ਅਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਮਨਾਇਆ ਜਾਂਦਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ: ਕਿਰਪਾਲ ਸਿੰਘ ਨੇ ਦੱਸਿਆ ਕਿ ਜਿਲੇ ਅੰਦਰ ਵੱਧ ਜੋਖ਼ਮ ਵਾਲੀਆ ਗਰਭਵਤੀ ਔਰਤਾਂ ਵੱਲ ਵਿਭਾਗ ਵੱਲੋਂ ਵਿਸ਼ੇਸ਼ ਤਵੱਜੋ ਦੇ ਕੇ ਦੇ ਉਹਨਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਹਸਪਤਾਲ ਵਿਖੇ ਇਸ ਅਭਿਆਨ ਤਹਿਤ ਲਗਾਏ ਗਏ ਵਿਸ਼ੇਸ਼ ਮੈਡੀਕਲ ਚੈੱਕਅਪ ਕੈਂਪ ਦੌਰਾਨ ਸਿਵਲ ਸਰਜਨ ਡਾ: ਕਿਰਪਾਲ ਸਿੰਘ ਨੇ ਗਰਭਵਤੀ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣਾ ਜਣੇਪਾ ਸਰਕਾਰੀ ਸੰਸਥਾਂ ਵਿਚ ਕਰਵਾਉਣ।

ਇਸ ਮੌਕੇ ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰਭਵਤੀਆਂ ਨੂੰ ਸਰਕਾਰੀ ਸੰਸਥਾਵਾਂ ਵਿਚ ਪ੍ਰੈਗਨੇਸੀ ਟੈਸਟ ਤੋਂ ਲੈਕੇ ਜਣੇਪੇ ਦੇ 42 ਦਿਨਾਂ ਤੱਕ ਸਾਰੀਆਂ ਸਹੂਲਤਾਂ ਸਰਕਾਰ ਵੱਲੋਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਉਹਨਾਂ ਕਿਹਾ ਕਿ ਵਿਭਾਗ ਦੀਆਂ ਹਦਾਇਤਾ ਅਨੁਸਾਰ ਗਰਭਵਤੀਆਂ ਦੇ ਦੋ ਅਲਟ੍ਰਾਸਾਂਉਡ ਵੀ ਮੁਫਤ ਕੀਤੇ ਜਾਂਦੇ ਹਨ ਅਤੇ ਸੰਸਥਾਗਤ ਜਣੇਪਾ ਕਰਵਾਉਣ ਤੇ ਜਨਨੀ ਸੁਰੱਖਿਆ ਯੋਜਨਾ ਤਹਿਤ ਮਾਲੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਨਵਜੰਮੇ ਲੜਕੇ ਦਾ 1 ਸਾਲ ਤੱਕ ਅਤੇ ਲੜਕੀਆਂ ਦਾ 5 ਸਾਲ ਤੱਕ ਇਲਾਜ਼ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਤੇ ਔਰਤ ਰੋਗਾਂ ਦੇ ਮਾਹਰ ਡਾ: ਅਮਨਪ੍ਰੀਤ ਕੌਰ ਖੰਗੂੜਾ ਵੱਲੋਂ ਗਰਭਵਤੀ ਔਰਤਾਂ ਦੀ ਸਿਹਤ ਸੰਭਾਲ ਲਈ ਜਾਗਰੂਕ ਕਰਦਿਆਂ ਦੱਸਿਆ ਕਿ ਹਰ ਗਰਭਵਤੀ ਔਰਤ ਦੀ ਰਜਿਸਟਰੇਸ਼ਨ ਕਰਵਾਉਣੀ, ਸਮੇਂ ਸਮੇਂ ਸਿਰ ਚੈਕ ਅਪ ਕਰਵਾਉਣਾ ਅਤੇ ਪੌਸ਼ਟਿਕ ਖੁਰਾਕ ਬਹੁਤ ਜ਼ਰੂਰੀ ਹੈ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ, ਡਾ: ਹਰਪ੍ਰੀਤ ਕੌਰ ਰੇਖੀ, ਡਾ: ਰਮਨਬੀਰ ਕੌਰ ਬੋਪਾਰਾਏ, ਡਾ. ਇੰਦਰਮਨਜੋਤ ਸਿੰਘ, ਜਿਲ੍ਹਾ ਮਾਸ ਮੀਡੀਆ ਅਫ਼ਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਸਰੋਜ ਰਾਣੀ, ਏ.ਐਨ.ਐਮ. ਸੁਖਵਿੰਦਰ ਕੌਰ, ਗਗਨਪਾਲ ਕੌਰ, ਆਸ਼ਾ ਅਤੇ ਗਰਭਵਤੀ ਮਾਵਾਂ ਆਦਿ ਹਾਜਰ ਸਨ।




# ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਖਰੀਦ ਏਜੰਸੀਆਂ ਨੂੰ ਖਰੀਦੀ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੇ ਆਦੇਸ਼

**ਸੰਗਰੂਰ, (ਦਲਜੀਤ ਕੌਰ)** ਸੰਗਰੂਰ, (ਦਲਜੀਤ ਕੌਰ) ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਚੱਲ ਰਹੀ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਖਰੀਦੀ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਏ. ਡੀ. ਸੀ. (ਵਿਕਾਸ) ਵਰਜੀਤ ਵਾਲੀਆ, ਸਮੂਹ ਉਪ-ਮੰਡਲ ਮੈਜਿਸਟ੍ਰੇਟ, ਡੀ. ਐਫ. ਐਸ. ਸੀ. ਜ਼ਿਲ੍ਹਾ ਮੰਡੀ ਅਫ਼ਸਰ ਅਤੇ ਵੱਖ ਵੱਖ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਸਮੀਖਿਆ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਸਮੂਹ ਅਧਿਕਾਰੀ ਲਗਾਤਾਰ ਅਨਾਜ ਮੰਡੀਆਂ ਦਾ ਦੌਰਾ ਕਰਨ ਅਤੇ ਹਰੇਕ ਪ੍ਰਬੰਧ ਨੂੰ ਨਿਰਧਾਰਿਤ ਸਮੇਂ ਅੰਦਰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ 4 ਲੱਖ 83 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਜੋ ਕਿ ਅਨੁਮਾਨਿਤ ਕੁੱਲ ਆਮਦ 9 ਲੱਖ ਮੀਟ੍ਰਿਕ ਟਨ ਦਾ ਲਗਭਗ 55% ਬਣਦਾ ਹੈ।

ਉਨ੍ਹਾਂ ਮਾਰਕਫੈਡ, ਪਨਗ੍ਰੇਨ, ਵੇਅਰ ਹਾਊਸ, ਪਨਸਪ ਆਦਿ ਸਰਕਾਰੀ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨੂੰ ਕਿਸਾਨਾਂ ਤੋਂ ਖਰੀਦੀ ਜਾ ਚੁੱਕੀ ਫਸਲ ਦੀ ਸਮੇਂ ਸਿਰ ਲਿਫਟਿੰਗ ਕਰਾਉਣ ਦੀ ਹਦਾਇਤ ਕੀਤੀ ਤਾਂ ਜੋ ਮੰਡੀਆਂ ਵਿੱਚ ਕਣਕ ਦੇ ਅੰਬਾਰ ਨਾ ਲੱਗਣ। ਉਨ੍ਹਾਂ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਬਰਸਾਤੀ ਮੌਸਮ ਦੇ ਮੱਦੇਨਜ਼ਰ ਲੋੜ ਅਨੁਸਾਰ ਤਰਪਾਲਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਆਖਿਆ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਦੱਸਿਆ ਕਿ ਮੰਡੀਆਂ ਵਿੱਚ ਟਰਾਂਸਪੋਰਟੇਸ਼ਨ ਅਤੇ ਮਜ਼ਦੂਰਾਂ ਸਬੰਧੀ ਹੁਣ ਕੋਈ ਸਮੱਸਿਆ ਨਹੀਂ ਹੈ ਇਸ ਲਈ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਨਿਰਵਿਘਨ ਅਤੇ ਸਰਕਾਰ ਵੱਲੋਂ ਨਿਰਧਾਰਿਤ ਸੀਮਾ ਸਾਰਨੀ ਅਨੁਸਾਰ ਯਕੀਨੀ ਬਣਾਇਆ ਜਾਵੇ।

### ਲੋਕ ਸਭਾ ਚੋਣਾਂ-2024

# ਬੈਂਕ ਪ੍ਰਬੰਧਕਾਂ ਚੋਣਾਂ ਦੌਰਾਨ ਕੈਸ਼ ਦੀ ਜਮਾਂ/ਨਿਕਾਸੀ ਅਤੇ ਆਵਾਜਾਈ ਉੱਤੇ ਨਜ਼ਰ ਰੱਖਣ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬੈਂਕ ਪ੍ਰਬੰਧਕਾਂ ਨੂੰ ਲੋਕ ਸਭਾ ਚੋਣਾਂ-2024 ਮੱਦੇਨਜ਼ਰ ਦੌਰਾਨ ਚੁਸਤ-ਦਰੁਸਤ ਰਹਿਣ ਦੀ ਤਾਕੀਦ ਕਰਦਿਆਂ ਕਿਹਾ ਕਿ ਵੋਟਾਂ ਵਿੱਚ ਉਮੀਦਵਾਰਾਂ ਅਤੇ ਰਾਜਸੀ ਪਾਰਟੀਆਂ ਵੱਲੋਂ ਬੇ-ਅਥਾਹ ਗੈਰ ਕਾਨੂੰਨੀ ਖਰਚਾ ਰੋਕਣ ਵਿੱਚ ਬੈਂਕਾਂ ਬਹੁਤ ਵੱਡਾ ਯੋਗਦਾਨ ਪਾ ਸਕਦੀਆਂ ਹਨ। ਉਹਨਾਂ ਨੇ ਕਿਹਾ ਕਿ ਸਮੂਹ ਬੈਂਕ ਆਪਣੀਆਂ ਬਰਾਂਚਾਂ ਨੂੰ ਪਾਬੰਦ ਕਰਨਗੇ ਕਿ ਉਹ ਉਮੀਦਵਾਰਾਂ ਦੇ ਚੋਣਾਂ ਸਬੰਧੀ ਬੈਂਕ ਖਾਤਿਆਂ ਨੂੰ ਖੋਲ੍ਹਣ ਦੀ ਲੋੜੀਂਦੀ ਸਹੂਲਤ ਪਹਿਲੇ ਦੇ ਆਧਾਰ ਉੱਪਰ ਮੁਹੱਈਆ ਕਰਾਉਣ ਦੇ ਪਾਬੰਦ ਰਹਿਣ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਵੱਲੋਂ 10 ਹਜ਼ਾਰ ਰੁਪਏ ਤੋਂ ਵੱਧ ਦਾ ਕੋਈ ਵੀ ਖ਼ਰਚਾ ਚੈੱਕ, ਡਰਾਫ਼ਟ, ਆਰ।ਟੀ।ਜੀ।ਐਸ। ਰਾਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੌਰਾਨ ਕਿਸੇ ਰਾਜਨੀਤਿਕ ਪਾਰਟੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਜਾਂ ਸਪਾਊਸ ਦੇ ਖਾਤੇ ਵਿੱਚੋਂ ਇੱਕ ਲੱਖ ਰੁਪਏ ਤੋਂ ਵੱਧ ਦੀ ਜਮਾਂ ਰੁਪਏ ਜਾਂ ਨਿਕਾਸੀ ਜੋ ਕਿ ਅਸਾਧਾਰਨ ਜਾਂ ਸ਼ੱਕੀ ਲੱਗਦੀ ਹੋਵੇ, ਦੀ ਸੂਚਨਾ ਤੁਰੰਤ ਜ਼ਿਲ੍ਹਾ ਚੋਣ ਦਫ਼ਤਰ ਨੂੰ ਦਿੱਤੀ ਜਾਵੇ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਜੇਕਰ ਜੇਕਰ ਕਿਸੇ ਦੇ ਵੀ ਬੈਂਕ ਖਾਤੇ ਵਿੱਚੋਂ ਨਕਦ ਜਮ੍ਹਾ ਜਾਂ ਨਿਕਾਸੀ ਦੀ ਰਕਮ 10 ਲੱਖ ਰੁਪਏ ਤੋਂ ਉੱਪਰ ਹੈ ਤਾਂ ਇਸ ਦੀ ਸੂਚਨਾ ਵੀ ਜ਼ਿਲ੍ਹਾ ਚੋਣ ਦਫ਼ਤਰ ਨੂੰ ਭੇਜੀ ਜਾਵੇ ਤਾਂ ਜੋ ਇਹ ਸੂਚਨਾ ਆਮਦਨ ਕਰ ਵਿਭਾਗ ਦੇ ਨੋਡਲ ਅਫ਼ਸਰ ਨੂੰ ਇਨਕਮ ਟੈਕਸ ਲਾਅਜ਼ ਅਨੁਸਾਰ ਬਣਦੀ ਯੋਗ ਅਤੇ ਲੋੜੀਂਦੀ ਕਾਰਵਾਈ ਹਿਤ ਭੇਜੀ ਜਾ ਸਕੇ। ਉਨ੍ਹਾਂ ਕਿਹਾ ਕਿ ਬੈਂਕ ਇਹ ਗੱਲ ਯਕੀਨੀ ਬਣਾਉਣਗੇ ਕਿ ਆਊਟਸੋਰਸਡ ਏਜੰਸੀਜ਼/ਕੰਪਨੀਜ਼ ਦੀਆਂ ਕੈਸ਼ ਵੈਨਜ਼ ਜੋ ਕਿ ਬੈਂਕਾਂ ਦਾ ਕੈਸ਼ ਲੈ ਕੇ ਚੱਲਦੀਆਂ ਹਨ, ਕਿਸੇ ਵੀ ਹਾਲਤ ਵਿੱਚ ਸਿਵਾਏ ਬੈਂਕਾਂ ਤੋਂ ਕਿਸੇ ਵੀ ਥਰਡ ਪਾਰਟੀ/ਏਜੰਸੀ ਜਾਂ ਵਿਅਕਤੀ ਦਾ ਕੈਸ਼ ਲੈ ਕੇ ਨਹੀਂ ਚੱਲਣਗੀਆਂ।



ਇਸ ਸਬੰਧੀ ਆਊਟਸੋਰਸ ਏਜੰਸੀਜ਼/ਕੰਪਨੀਜ਼ ਬੈਂਕ ਵੱਲੋਂ ਜਾਰੀ ਈ.ਐਸ.ਐਮ.ਐਸ. ਤੇ ਕਿਊ ਆਰ। ਰਸੀਦ ਨਾਲ ਲੈ ਕੇ ਚੱਲਣਗੀਆਂ, ਜਿਸ ਵਿੱਚ ਬੈਂਕਾਂ ਵੱਲੋਂ ਜਾਰੀ ਨਕਦੀ/ਡਰਾਈਵਰ ਆਦਿ ਦਾ ਵੇਰਵਾ ਹੋਵੇਗਾ ਅਤੇ ਇਨ੍ਹਾਂ ਕੈਸ਼ ਵੈਨਜ਼ ਵੱਲੋਂ ਏ।ਟੀ।ਐਮ। ਵਿੱਚ ਪੈਸੇ ਭਰਨ ਲਈ ਜਾਂ ਬੈਂਕ ਦੀਆਂ ਹੋਰ ਦੂਸਰੀਆਂ ਬਰਾਂਚਾਂ ਵਿੱਚ ਪੈਸੇ ਦੇਣ ਲਈ ਜਾਂ ਦੂਸਰੇ ਬੈਂਕ ਵਿੱਚ ਜਾਂ ਕਰੰਸੀ ਕੈਸ਼ ਵਿੱਚ ਪੈਸੇ ਦੇਣ ਦਾ ਪੂਰਾ ਵੇਰਵਾ ਦਿੱਤਾ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਆਊਟਸੋਰਸਡ ਏਜੰਸੀਜ਼/ਕੰਪਨੀਜ਼ ਦੀਆਂ ਕੈਸ਼ ਵੈਨਜ਼ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਉਨ੍ਹਾਂ ਦੀ ਸਬੰਧਿਤ ਏਜੰਸੀਜ਼ ਬਕਾਇਦਾ ਤੌਰ ਤੇ ਸ਼ਨਾਖ਼ਤੀ ਕਾਰਡ ਜਾਰੀ ਕੀਤੇ ਜਾਣਗੇ। ਜੇਕਰ ਚੋਣ ਕਮਿਸ਼ਨ ਵੱਲੋਂ ਨਿਯੁਕਤ ਕੋਈ ਵੀ ਅਧਿਕਾਰੀ ਜੇਕਰ ਕਿਸੇ ਆਊਟਸੋਰਸ ਏਜੰਸੀ/ਕੰਪਨੀ ਦੀ ਕੈਸ਼ ਵੈਨ ਨੂੰ ਇੰਸਪੈਕਸ਼ਨ ਦੌਰਾਨ ਰੋਕ ਲੈਂਦਾ ਹੈ ਤਾਂ ਸਹਿਯੋਗ ਕਰਨਾ ਜ਼ਰੂਰੀ ਹੋਵੇਗਾ।

# ਸੰਯੁਕਤ ਕਿਸਾਨ ਮੋਰਚਾ ਨੇ ਨਫ਼ਰਤ ਭਰੇ ਭਾਸ਼ਣ ਲਈ ਪ੍ਰਧਾਨ ਮੰਤਰੀ 'ਤੇ ਮੁਕੱਦਮਾ ਚਲਾਉਣ ਤੇ ਚੋਣ ਲੜਨ 'ਤੇ ਛੇ ਸਾਲ ਲਈ ਪਾਬੰਦੀ ਲਗਾਉਣ ਦੀ ਕੀਤੀ ਮੰਗ

**ਚੰਡੀਗੜ੍ਹ ਨਵੀਂ ਦਿੱਲੀ, (ਦਲਜੀਤ ਕੌਰ)** ਸੰਯੁਕਤ ਕਿਸਾਨ ਮੋਰਚਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਇੱਕ ਵਿਸ਼ੇਸ਼ ਭਾਈਚਾਰੇ ਵਿਰੁੱਧ ਬਹੁਤ ਜ਼ਹਿਰੀਲੇ ਨਫ਼ਰਤ ਭਰੇ ਭਾਸ਼ਣ ਲਈ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਰਾਸ਼ਟਰੀ ਏਕਤਾ ਲਈ ਸਬੰਧਤ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ ਅਤੇ ਉਨ੍ਹਾਂ 'ਤੇ ਚੋਣ ਲੜਨ ਤੋਂ ਛੇ ਸਾਲਾਂ ਲਈ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਉਸ ਨੂੰ ਤੁਰੰਤ ਪ੍ਰਭਾਵ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਹੈ, ਨਹੀਂ ਤਾਂ ਦੇਸ਼ ਨੂੰ ਸਭ ਤੋਂ ਉੱਚੇ ਸੰਵਿਧਾਨਕ ਅਹੁਦਿਆਂ ਵਿੱਚੋਂ ਇੱਕ ਕਾਨੂੰਨ ਤੋੜਨ ਵਾਲੇ ਦੇ ਸੰਵਿਧਾਨਕ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਨਰਿੰਦਰ ਮੋਦੀ ਦੇ ਭੜਕਾਊ ਭਾਸ਼ਣ ਦਾ ਉਦੇਸ਼ ਸਮਾਜਿਕ ਖੇਤਰ ਨੂੰ ਦੂਸ਼ਿਤ ਕਰਨਾ ਅਤੇ ਭਾਈਚਾਰਿਆਂ ਵਿੱਚ ਖ਼ੂਨ ਵਹਾਉਣਾ ਹੈ, ਇਸ ਲਈ ਸੁਪਰੀਮ ਕੋਰਟ ਨੂੰ ਖੁਦ ਨੋਟਿਸ ਲੈਣਾ ਚਾਹੀਦਾ ਹੈ ਅਤੇ ਦਖਲ ਦੇਣਾ ਚਾਹੀਦਾ ਹੈ। 20 ਅਪ੍ਰੈਲ 2024 ਨੂੰ ਰਾਜਸਥਾਨ ਦੇ ਬਾਂਸਵਾੜਾ ਵਿਖੇ ਪ੍ਰਧਾਨ ਮੰਤਰੀ ਦਾ ਬਹੁਤ ਹੀ ਭੜਕਾਊ ਭਾਸ਼ਣ ਸਾਡੇ ਦੇਸ਼ ਦੇ ਬਹੁਪਰਤੀ ਸਮਾਜਿਕ ਤਾਣੇ-ਬਾਣੇ ਪ੍ਰਤੀ ਅਤੇ ਕਾਨੂੰਨ ਦੇ ਸ਼ਾਸਨ ਪ੍ਰਤੀ ਉਨ੍ਹਾਂ ਵੱਲੋਂ ਪੂਰੀ ਤਰ੍ਹਾਂ ਨਿਰਾਦਰ ਅਤੇ ਘੋਰ ਅਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਮੁੱਖ ਘੱਟ-ਗਿਣਤੀ ਸਮੂਹ ਦੇ ਸਾਰੇ ਮੈਂਬਰਾਂ 'ਤੇ ਬਿਨਾਂ ਕਿਸੇ ਆਧਾਰ ਦੇ 'ਘੁਸਪੈਠੀਆਂ' ਦੇ ਤੌਰ 'ਤੇ ਦੋਸ਼ ਲਗਾਇਆ ਹੈ, ਜਿਹੜਾ ਪਾਗਲਪਣ ਤੋਂ ਇਲਾਵਾ ਕੁਝ ਨਹੀਂ ਹੈ। ਇਹ ਧਰਮ ਨਿਰਪੱਖ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਜਿਹੜਾ ਸ਼ਾਸਨ ਵਿੱਚ ਰਾਜ ਅਤੇ ਧਰਮ ਨੂੰ ਵੱਖ ਕਰਨ ਨੂੰ ਯਕੀਨੀ ਬਣਾਉਂਦਾ ਹੈ। ਬ੍ਰਿਟਿਸ਼ ਬਸਤੀਵਾਦੀ ਜੂਲੇ ਤੋਂ ਆਜ਼ਾਦ ਹੋਣ ਤੋਂ ਬਾਅਦ ਪਿਛਲੇ 77 ਸਾਲਾਂ ਤੋਂ ਹੋਂਦ ਵਿੱਚ ਰਹੇ ਸਾਡੇ ਲੋਕਤੰਤਰ ਦੀ ਬੁਨਿਆਦੀ ਵਿਸ਼ੇਸ਼ਤਾ ਧਰਮ ਨਿਰਪੱਖਤਾ ਹੈ। ਕਾਂਗਰਸ ਪਾਰਟੀ 'ਤੇ ਲੋਕਾਂ ਦੀ ਦੌਲਤ ਖੋਹ ਕੇ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਦੇਣ ਦਾ ਦੋਸ਼ ਅਸਲ 'ਚ ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਦਾ ਧਿਆਨ ਦੌਲਤ ਦੀ ਮਾਲਕੀ 'ਚ ਆਏ ਵੱਡੇ ਪਾੜੇ ਤੋਂ ਪਾਸੇ ਹਟਾਉਣਾ ਹੈ। ਆਕਸਫੈਮ ਦੀ ਤਾਜ਼ਾ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਸਮੁੱਚੇ ਵੱਡੇ ਸਰਮਾਏਦਾਰਾਂ 'ਚੋਂ ਸਿਖ਼ਰਲੇ 1% ਅਰਬਪਤੀ ਦੇਸ਼ ਦੀ 40.5% ਦੌਲਤ ਦੇ ਮਾਲਕ ਹਨ, ਜਦੋਂ ਕਿ ਹੇਠਲੇ 50% ਯਾਨੀ 70 ਕਰੋੜ ਲੋਕ ਜੋ ਗਰੀਬ ਤੇ ਮੱਧਵਰਗੀ ਕਿਸਾਨਾਂ ਮਜ਼ਦੂਰਾਂ ਦੀ ਨੁਮਾਇੰਦਗੀ ਕਰਦੇ ਹਨ ਉਨ੍ਹਾਂ ਕੋਲ ਦੇਸ਼ ਦੀ ਦੌਲਤ ਦਾ ਸਿਰਫ਼ 3% ਹਿੱਸਾ ਹੈ।

# ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਇਰ ਮੋਹਨਜੀਤ ਦੇ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਮੀਟਿੰਗ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਭਾ ਦੇ ਸਾਰੇ ਅਹੁਦੇਦਾਰ ਸ਼ਾਮਿਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜਸਬੀਰ ਧੀਮਾਨ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਕਿਹਾ ਕਿ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁਖ ਨਾਲ ਪੜ੍ਹੀ ਜਾ ਰਹੀ ਹੈ ਕਿ ਸਾਡੇ ਵਿਚਕਾਰ ਪੰਜਾਬੀ ਦੇ



ਉਮਦਾ ਅਤੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ਼ਾਇਰ ਡਾ. ਮੋਹਨਜੀਤ ਨਹੀਂ ਰਹੇ।ਡਾ. ਮੋਹਨਜੀਤ ਦਾ ਜਨਮ 7 ਮਈ, 1938 ਈਸਵੀ ਨੂੰ ਪਿੰਡ ਅਦਲੀਵਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।ਦਿੱਲੀ ਯੂਨੀਵਰਸਿਟੀ ਤੋਂ ਪੀਐੱਚ.ਡੀ. ਡਾ. ਮੋਹਨਜੀਤ ਨੇ ਲੰਬਾ ਸਮਾਂ ਦੇਸ਼ ਬੰਧੂ ਕਾਲਜ ਦਿੱਲੀ ਵਿਖੇ ਪੰਜਾਬੀ ਦਾ ਵਿਸ਼ਾ ਪੜ੍ਹਾਇਆ।ਡਾਟਾਂ ਵਾਲੇ, ਸਹਿਕਦਾ ਸ਼ਹਿਰ, ਤੁਰਦੇ ਫਿਰਦੇ ਮਸਖ਼ਰੇ, ਬੂੰਦ ਤੇ ਸਮੁੰਦਰ, ਕੀ ਨਾਰੀ ਕੀ ਨਦੀ, ਹਵਾ ਪਿਆਜ਼ੀ, ਓਹਲੇ ਵਿੱਚ ਉਜਿਆਰਾ, ਗੂਹੜੀ ਲਿਖਤ ਵਾਲਾ ਵਰਕਾ ਉਨ੍ਹਾਂ ਦੀਆ ਪ੍ਰਸਿੱਧ ਪੁਸਤਕਾਂ ਹਨ।ਉਨ੍ਹਾਂ ਦੀ 'ਕੋਣੇ ਦਾ ਸੂਰਜ" ਪੁਸਤਕ ਨੂੰ 2018 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।ਇਸ ਮੌਕੇ ਪੰਜਾਬੀ ਦੇ ਪ੍ਰਬੁਧ ਲੇਖਕ ਹਰਬੰਸ ਹਿਉਂ ਸ਼ਹੀਦ ਭਗਤ ਸਿੰਘ ਨਗਰ ਦੇ ਚਲਾਣੇ 'ਤੇ ਵੀ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਗਿਆ।ਵਿਛੜੇ ਦੋਵਾਂ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਸਮੇਂ ਡਾ. ਕਰਮਜੀਤ ਸਿੰਘ, ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ, ਕੁਲਤਾਰ ਸਿੰਘ ਕੁਲਤਾਰ, ਤ੍ਰਿਪਤ ਕੇ ਸਿੰਘ, ਸੁਰਿੰਦਰ ਕੰਗਵੀ, ਤੀਰਥ ਰਾਮ ਸਰੋਆ, ਦਰਸ਼ਨ ਸਿੰਘ ਦਰਸ਼ਨ, ਪ੍ਰਿੰ. ਗੁਰਦਿਆਲ ਸਿੰਘ ਫੁਲ, ਡਾ. ਅਜੀਤ ਸਿੰਘ ਜੱਬਲ, ਸਤੀਸ਼ ਕੁਮਾਰ, ਡਾ. ਮਨਮੋਹਨ ਸਿੰਘ ਤੀਰ, ਪ੍ਰਿੰ. ਦਾਸ ਭਾਰਤੀ, ਹਰਵਿੰਦਰ ਸਾਬੀ, ਸੁਰਿੰਦਰ ਸੱਲ੍ਹਣ,ਰਜਿੰਦਰ ਸੱਚਦੇਵਾ, ਡਾ. ਸੁਖਦੇਵ ਸਿੰਘ ਢਿੱਲੋਂ, ਹਰਦਿਆਲ ਹੁਸ਼ਿਆਰਪੁਰੀ, ਲੈਕ. ਲਖਵਿੰਦਰ ਰਾਮ, ਰਬਿੰਦਰ ਸ਼ਰਮਾ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।







# ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਇਕਾਈ ਵੱਲੋਂ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਇਕਾਈ ਗੜ੍ਹਸ਼ੰਕਰ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ 133ਵਾਂ ਜਨਮ ਦਿਵਸ ਸੰਵਿਧਾਨ ਬਚਾਓ ਦਿਵਸ ਦੇ ਰੂਪ ਵਿੱਚ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦੇ ਹਾਲ ਵਿੱਚ ਮਨਾਇਆ ਗਿਆ । ਇਸ ਮੌਕੇ ਸੰਵਿਧਾਨ ਬਚਾਓ ਵਿਸ਼ੇ ਤੇ ਕਰਵਾਏ ਸੈਮੀਨਾਰ ਦੀ ਪ੍ਰਧਾਨਗੀ ਸਰਦਾਰ ਪਿਆਰਾ ਸਿੰਘ ਸਾਬਕਾ ਜਿਲਾ ਸਿੱਖਿਆ ਅਫਸਰ, ਮੱਖਣ ਸਿੰਘ ਵਾਹਿਦਪੁਰੀ, ਰਾਮਜੀ ਦਾਸ ਚੌਹਾਨ, ਡਾਕਟਰ ਬਿੱਕਰ ਸਿੰਘ ਅਤੇ ਸਰੂਪ ਚੰਦ ਨੇ ਕੀਤੀ। ਸੈਮੀਨਾਰ ਦੇ ਮੁੱਖ ਬੁਲਾਰਿਆਂ ਪ੍ਰੋਫੈਸਰ ਜਗਦੀਸ਼ ਰਾਇ ਅਤੇ ਪ੍ਰਿੰਸੀਪਲ ਪਿਆਰਾ ਸਿੰਘ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਦੇ ਸੰਘਰਸ਼ਮਈ ਜੀਵਨ ਤੇ ਚਾਨਣਾ ਪਾਉਦਿਆਂ ਕਿਹਾ ਇਸ ਸਮੇਂ ਬਾਬਾ ਸਾਹਿਬ ਦੁਆਰਾ ਬਣਾਏ ਸੰਵਿਧਾਨ ਨੂੰ ਲੋਕਤੰਤਰ ਵਿਰੋਧੀ ਅਤੇ ਫਾਸ਼ੀਵਾਦੀ ਤਾਕਤਾਂ ਵਲੋਂ ਵੱਡਾ ਖ਼ਤਰਾ ਦਰਪੇਸ਼ ਹੈ। ਮੌਜੂਦਾ ਕੇਂਦਰ ਸਰਕਾਰ ਤਰ੍ਹਾਂ -ਤਰ੍ਹਾਂ ਦੇ ਹੱਥ ਕੰਡੇ ਅਪਣਾ ਕੇ ਲੋਕਾਂ ਦੇ ਸੰਵਿਧਾਨਿਕ ਤੇ ਜ਼ਮਹੂਰੀ ਅਧਿਕਾਰਾਂ ਨੂੰ ਕੁਚਲਣਾ ਚਾਹੁੰਦੀ ਹੈ। ਆਪਣੀ ਹੀ ਪਾਰਟੀ ਦੇ ਕੁਝ ਲੀਡਰਾਂ ਦੁਆਰਾ ਸੰਵਿਧਾਨ ਬਦਲਣ ਵਾਰੇ ਦਿੱਤੇ ਬਿਆਨਾਂ ਵਾਰੇ ਪ੍ਰਧਾਨ ਮੰਤਰੀ ਜਾਂ ਉਹਨਾਂ ਦੀ ਪਾਰਟੀ ਦੁਆਰਾ ਕੋਈ ਕਾਰਵਾਈ ਨਾ ਕਰਨਾ ਕਈ ਤਰ੍ਹਾਂ ਦੇ ਸ਼ੰਕੇ ਖੜੇ ਕਰਦਾ ਹੈ । ਅਪਣੇ ਰਾਜਸੀ ਵਿਰੋਧੀਆਂ ਨੂੰ ਸਰਕਾਰੀਆਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਝੂਠੇ-ਸੱਚੇ ਕੇਸਾਂ ਵਿਚ ਫਸਾਉਣਾ ਤਾਂ ਇਕ ਆਮ ਵਰਤਾਰਾ ਬਣ



ਗਿਆ ਹੈ। ਲੋਕਾਂ ਦੇ ਆਮ ਮਸਲੇ ਮਹਿੰਗਾਈ, ਬੇਰੁਜ਼ਗਾਰੀ, ਸਿਹਤ, ਸਿੱਖਿਆ ਤੇ ਗਰੀਬੀ ਨੂੰ ਦਰਕਿਨਾਰ ਕਰਕੇ ਧਰਮ ਦੇ ਨਾਂ ਤੇ ਵੋਟਾਂ ਮੰਗ ਕੇ ਬਾਬਾ ਸਾਹਿਬ ਦੇ ਸੈਕੂਲਰ ਸੰਵਿਧਾਨ ਦੀ ਘੋਰ ਉਲੰਘਣਾ ਕੇਂਦਰ ਦੀ ਸੱਤਾਧਾਰੀ ਤੇ ਕੁਝ ਰਾਜਾਂ ਦੀ ਸੱਤਾਧਾਰੀ ਪਾਰਟੀ ਵਲੋਂ ਕੀਤੀ ਜਾ ਰਹੀ ਹੈ। ਗੋਦੀ ਚੈਨਲਾਂ ਦੁਆਰਾ ਤਰ੍ਹਾਂ-ਤਰ੍ਹਾਂ ਦੇ ਝੂਠੇ ਬਿਰਤਾਂਤ ਸਿਰਜ ਕੇ ਕੇਂਦਰੀ ਸਰਕਾਰ ਦਾ ਗੁਣਗਾਨ ਕਰਨਾ ਤੇ ਧਰਮਾਂ ਦੇ ਨਾਂ ਤੇ ਸਮਾਜ ਵਿਚ ਵੰਡ ਪਾਉਣੀ ਵਿਭਿੰਨਤਾ ਵਿਚ ਏਕਤਾ ਵਾਲੇ ਭਾਰਤੀ ਸਮਾਜ ਲਈ ਵੱਡੇ ਖਤਰੇ ਦਾ ਸੂਚਕ ਹੈ। ਸੰਵਿਧਾਨ ਦੁਆਰਾ ਦਿੱਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦਾ ਇਸਤੇਮਾਲ ਕਰਕੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਦੇਸ਼ ਭਗਤ ਬੁੱਧੀਜੀਵੀ ਲੇਖਕਾਂ ਨੂੰ ਦੇਸ਼ ਧਰੋਹੀ ਦਾ ਲਕਬ ਦੇ ਕੇ ਜੇਲ੍ਹਾਂ ਵਿਚ ਬੰਦ ਕਰਨਾ ਵੀ ਸਰਕਾਰ ਦੀ ਅਸਲੀ ਮਨਸ਼ਾ ਨੂੰ ਜ਼ਾਹਿਰ ਕਰਦਾ ਹੈ । ਸੁਪਰੀਮ ਕੋਰਟ ਦੁਆਰਾ ਚੋਣ ਬਾਂਡ ਘੁਟਾਲੇ ਨੂੰ ਬੇਪਰਦ ਕਰਨ ਉਪਰੰਤ ਸੱਤਾਧਾਰੀਆਂ ਤੇ ਕਾਰਪੋਰੇਟ ਅਦਾਰਿਆਂ ਵਿਚਾਲੇ ਨਾਪਾਕ ਸੌਦੇਬਾਜ਼ੀਆਂ ਜਗ ਜ਼ਾਹਰ ਹੋ ਚੁੱਕੀਆਂ ਹਨ। ਕੇਂਦਰ ਸਰਕਾਰ ਜਿਥੇ ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡਣਾ ਚਾਹੁੰਦੀ ਹੈ ਉਥੇ ਹੀ ਦੇਸ਼ ਦੇ ਜਮਹੂਰੀ ਢਾਂਚੇ ਨੂੰ ਤਬਾਹ ਕਰਕੇ ਦੇਸ਼ ਦੇ ਸਮੁੱਚੇ ਸਾਧਨ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣਾ ਚਾਹੁੰਦੀ ਹੈ । ਬੁਲਾਰਿਆਂ ਨੇ ਕਿਹਾ ਸਮੇਂ ਦੀ ਲੋੜ ਹੈ ਕਿ ਸਮੂਹ ਜ਼ਮਹੂਰੀ ਤੇ ਧਰਮਨਿਰਪੱਖ ਸ਼ਕਤੀਆਂ ਦੇ ਏਕੇ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਜ਼ਮਹੂਰੀਅਤ ਅਤੇ ਸੰਵਿਧਾਨ ਲਈ ਖਤਰਾ ਬਣੀਆਂ ਫਿਰਕੂ ਤੇ ਫਾਸ਼ੀਵਾਦੀ ਤਾਕਤਾਂ ਨੂੰ ਸੱਤਾ ਤੋ ਬਾਹਰ ਕੀਤਾ ਜਾ ਸਕੇ ਤਾਂ ਕਿ ਬਾਬਾ ਸਾਹਿਬ ਦੁਆਰਾ ਬਣਾਏ ਸੰਵਿਧਾਨ ਅਤੇ ਲੋਕਾਂ ਦੇ ਜ਼ਮਹੂਰੀ ਹੱਕਾਂ ਦੀ ਰੱਖਿਆ ਕੀਤੀ ਜਾ ਸਕੇ। ਇਸ ਸਮੇ ਕੁਲਭੂਸ਼ਣ ਕੁਮਾਰ ,ਲੈਕਚਰਾਰ ਸਰੂਪ ਚੰਦ, ਹਰਬੰਸ ਸਿੰਘ, ਬਲਵੰਤ ਰਾਮ, ਜੋਗਿੰਦਰ ਕੁਲੇਵਾਲ, ਹਰੀ ਬਿਲਾਸ, ਦਵਿੰਦਰ ਕੁਮਾਰ ਰਾਣਾ, ਸ਼ਿਗਾਰਾ ਰਾਮ, ਪ੍ਰਿੰਸੀਪਲ ਸੋਹਣ ਸਿੰਘ, ਜੀਤ ਸਿੰਘ ਬਗਵਾਈ ਹੰਸ ਰਾਜ ਗਿਆਨੀ ਅਵਤਾਰ ਸਿੰਘ, ਸੂਬੇਦਾਰ ਅਸ਼ੋਕ ਕੁਮਾਰ, ਕੇਸ਼ਵ ਦੱਤ, ਮਲਕੀਅਤ ਸੂੰਨੀ ਤੇ ਜੋਗਿੰਦਰ ਪਾਲ ਨੇ ਵੀ ਵਿਚਾਰ ਰੱਖੇ। ਮੰਚ ਸੰਚਾਲਨ ਲੈਕਚਰਾਰ ਸ਼ਾਮ ਸੁੰਦਰ ਨੇ ਕੀਤਾ।

# ਜੀਵਨਸ਼ੈਲੀ ਵਿੱਚ ਬਦਲਾਅ ਕਰਕੇ ਫੈਟੀ ਲਿਵਰ ਦੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ - ਡਾ ਅਰੁਣਾਂਸ਼ੂ ਬੇਹਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- "ਵਿਸ਼ਵ ਭਰ ਵਿੱਚ ਹਰ ਸਾਲ ਵਾਇਰਲ ਹੈਪੇਟਾਈਟਸ ਕਾਰਨ ਲਗਭਗ 1.3 ਮਿਲੀਅਨ ਮੌਤਾਂ ਹੁੰਦੀਆਂ ਹਨ। ਭਾਰਤ ਵਿੱਚ, 40 ਮਿਲੀਅਨ ਲੋਕ ਹੈਪੇਟਾਈਟਸ ਬੀ ਨਾਲ ਸੰਕਰਮਿਤ ਹਨ ਅਤੇ ਲਗਭਗ 12 ਮਿਲੀਅਨ ਲੋਕ ਹੈਪੇਟਾਈਟਸ ਸੀ ਨਾਲ ਸੰਕਰਮਿਤ ਹਨ। ਹੈਪੇਟਾਈਟਸ ਬੀ, ਹੈਪੇਟਾਈਟਸ ਸੀ, ਬਹੁਤ ਜ਼ਿਆਦਾ ਅਲਕੋਹਲ ਦਾ ਸੇਵਨ ਅਤੇ ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ ਭਾਰਤ ਵਿੱਚ ਲਿਵਰ ਦੇ ਨੁਕਸਾਨ ਦੇ ਪ੍ਰਮੁੱਖ ਕਾਰਨ ਹਨ।"

ਵਿਸ਼ਵ ਲਿਵਰ ਦਿਵਸ ਦੀ ਪੂਰਵ ਸੰਧਿਆ 'ਤੇ ਵੀਰਵਾਰ ਨੂੰ ਆਈ.ਵੀ.ਵਾਈ ਹਸਪਤਾਲ ਵਿਖੇ ਡਾਇਰੈਕਟਰ ਜਨਰਲ ਸਰਜਰੀ, ਜੀ.ਆਈ. ਸਰਜਨ, ਐਚ.ਬੀ.ਪੀ. ਅਤੇ ਲਿਵਰ ਟਰਾਂਸਪਲਾਂਟ ਡਾ ਅਰੁਣਾਂਸ਼ੂ ਬੇਹਰਾ ਨੇ ਕਿਹਾ ਕਿ ਭਾਰਤ ਵਿੱਚ ਲੀਵਰ ਸਿਰੋਸਿਸ ਦੇ ਹਰ ਸਾਲ ਲਗਭਗ 10 ਲੱਖ ਨਵੇਂ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ। ਇੱਕ ਵਾਰ ਜਦੋਂ ਇੱਕ ਮਰੀਜ਼ ਨੂੰ ਸਿਰੋਸਿਸ ਦਾ ਪਤਾ ਲੱਗ ਜਾਂਦਾ ਹੈ, ਤਾਂ ਨੁਕਸਾਨ ਦੇ ਉਲਟ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਡਾ ਬੇਹਰਾ ਨੇ ਦੱਸਿਆ ਕਿ ਆਈ.ਵੀ.ਵਾਈ ਹਸਪਤਾਲ, ਮੋਹਾਲੀ ਵਿਖੇ ਲੀਵਰ ਰਿਸੈਕਸ਼ਨ, ਲੋਬੈਕਟੋਮੀ, ਟੀ.ਏ.ਸੀ.ਈ., ਆਰ.ਐਫ. ਐਬਲੇਸ਼ਨ ਆਦਿ ਸਮੇਤ ਹਰ ਕਿਸਮ ਦੇ ਲੀਵਰ ਦੀਆਂ ਸਰਜਰੀਆਂ ਉਪਲਬਧ ਹਨ। ਜਲਦੀ ਹੀ ਆਈ. ਵੀ. ਵਾਈ ਹਸਪਤਾਲ, ਮੋਹਾਲੀ ਲਿਵਰ ਟ੍ਰਾਂਸਪਲਾਂਟ ਸਰਜਰੀ ਵੀ ਸ਼ੁਰੂ ਕਰਨ ਜਾ ਰਿਹਾ ਹੈ।

ਸਲਾਹਕਾਰ ਗੈਸਟਰੋਐਂਟਰੌਲੋਜੀ ਡਾ ਸੁਮਿਤ ਕੈਂਥ ਨੇ ਕਿਹਾ, "ਪੰਜ ਮੁੱਖ ਹੈਪੇਟਾਈਟਸ ਵਾਇਰਸ ਹਨ, ਜਿਨ੍ਹਾਂ ਨੂੰ A, B, C, D ਅਤੇ E ਕਿਹਾ ਜਾਂਦਾ ਹੈ। ਖਾਸ ਤੌਰ 'ਤੇ B ਅਤੇ




C ਦੁਨੀਆ ਭਰ ਦੇ ਲੱਖਾਂ ਲੋਕਾਂ ਵਿੱਚ ਪੁਰਾਣੀ ਬਿਮਾਰੀ ਦਾ ਕਾਰਨ ਬਣਦੀਆਂ ਹਨ। ਸਮੇਂ ਦੇ ਨਾਲ, ਸਥਿਤੀ ਲੀਵਰ ਦੇ ਫਾਈਬਰੋਸਿਸ (ਦਾਗ਼), ਸਿਰੋਸਿਸ ਜਾਂ ਲੀਵਰ ਦੇ ਕੈਂਸਰ ਤੱਕ ਵਧ ਸਕਦੀ ਹੈ। ਹੈਪੇਟਾਈਟਸ ਏ ਅਤੇ ਈ ਆਮ ਤੌਰ 'ਤੇ ਦੂਸ਼ਿਤ ਭੋਜਨ ਅਤੇ ਪਾਣੀ ਦੇ ਸੇਵਨ ਕਾਰਨ ਹੁੰਦੇ ਹਨ। ਹੈਪੇਟਾਈਟਸ ਬੀ, ਸੀ ਅਤੇ ਡੀ ਆਮ ਤੌਰ 'ਤੇ ਦੂਸ਼ਿਤ ਸੰਕਰਮਿਤ ਖ਼ੂਨ ਅਤੇ ਸਰੀਰ ਦੇ ਤਰਲਾਂ ਦੇ ਸੰਪਰਕ ਕਾਰਨ ਹੁੰਦੇ ਹਨ। ਸੀਨੀਅਰ ਕੰਸਲਟੈਂਟ ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਡਾ ਸ਼੍ਰੀਨਾਥ ਰਾਠੌਰ ਨੇ ਕਿਹਾ ਕਿ ਸ਼ੂਗਰ ਦੇ 80% ਤੋਂ ਵੱਧ ਮਰੀਜ਼ਾਂ ਵਿੱਚ ਸਿਹਤਮੰਦ ਨਾਲੋਂ ਜ਼ਿਆਦਾ ਚਰਬੀ ਹੁੰਦੀ ਹੈ, ਅਤੇ ਇਸ ਨਾਲ ਗੈਰ-ਅਲਕੋਹਲ ਫੈਟੀ ਲਿਵਰ ਦੀ ਬਿਮਾਰੀ ਵਿਕਸਤ ਹੋ ਸਕਦੀ ਹੈ। ਸ਼ੂਗਰ ਅਤੇ ਫੈਟੀ ਲੀਵਰ ਦਾ ਸਹਿ-ਮੌਜੂਦਗੀ ਘਾਤਕ ਹੈ ਪਰ ਜੀਵਨਸ਼ੈਲੀ ਵਿੱਚ ਬਦਲਾਅ ਕਰਕੇ ਫੈਟੀ ਲਿਵਰ ਦੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਐਸੋਸੀਏਟ ਕੰਸਲਟੈਂਟ ਜੀਆਈ ਸਰਜਰੀ ਡਾਕਟਰ ਦਿਵਿਜ ਜਯੰਤ ਨੇ ਕਿਹਾ ਕਿ ਭਾਰਤ ਵਿੱਚ ਅਲਕੋਹਲ ਵਾਲੇ ਲੀਵਰ ਦੀ ਬਿਮਾਰੀ ਦੀ ਉਮਰ ਘਟ ਰਹੀ ਹੈ ਅਤੇ ਇਹ ਜਿਆਦਾਤਰ 30 ਤੋਂ 40 ਸਾਲ ਦੀ ਉਮਰ ਵਰਗ ਵਿੱਚ ਹੁੰਦੀ ਹੈ, ਜਦੋਂ ਕਿ ਪੱਛਮੀ ਦੇਸ਼ਾਂ ਵਿੱਚ ਇਸ ਬਿਮਾਰੀ ਦੀ ਔਸਤ ਉਮਰ 45 ਤੋਂ 55 ਸਾਲ ਹੈ।

ਵਾਇਰਲ ਹੈਪੇਟਾਈਟਸ ਕਾਰਨ ਲੀਵਰ ਦੇ ਨੁਕਸਾਨ ਨੂੰ ਰੋਕਣ ਲਈ ਜੀਵਨਸ਼ੈਲੀ ਦੇ ਉਪਾਅ ਅਤੇ ਸਾਵਧਾਨੀਆਂ:

1. ਪੀਣ ਵਾਲੇ ਸਾਫ਼ ਪਾਣੀ ਨੂੰ ਯਕੀਨੀ ਬਣਾਓ
2. ਭੋਜਨ ਬਣਾਉਣ ਅਤੇ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਪਣੇ ਹੱਥ ਚੰਗੀ ਤਰ੍ਹਾਂ ਧੋਵੋ
3. ਸੜਕ ਕਿਨਾਰੇ ਖਾਣ ਵਾਲੇ ਭੋਜਨ, ਖਾਸ ਕਰਕੇ ਫਲਾਂ ਦੇ ਜੂਸ, ਮਿਲਕ ਸ਼ੇਕ ਤੋਂ ਪਰਹੇਜ਼ ਕਰੋ
4. ਨਾਈ ਦੀਆਂ ਦੁਕਾਨਾਂ, ਬਿਊਟੀ ਸੈਲੂਨ - ਚਿਹਰੇ ਦੀ ਚਮੜੀ ਤੋਂ ਬਲੈਕਹੈਂਡਸ ਅਤੇ ਵ੍ਹਾਈਟ ਹੈਂਡਸ ਨੂੰ ਹਟਾਉਣ ਲਈ ਵਰਤੇ ਜਾਣ ਵਾਲੇ ਰੇਜ਼ਰ ਬਲੇਡ, ਮੈਟਲ ਸਕ੍ਰੈਪਰਸ ਲਾਗ ਦੇ ਸਰੋਤ ਵਜੋਂ ਕੰਮ ਕਰ ਸਕਦੇ ਹਨ।
5. ਸੁਰੱਖਿਅਤ ਜਿਨਸੀ ਅਭਿਆਸਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।
6. ਡਿਸਪੋਜ਼ੇਬਲ ਸਰਿੰਜਾਂ ਅਤੇ ਸੂਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ।
7. ਹੈਪੇਟਾਈਟਸ ਏ ਅਤੇ ਬੀ ਨੂੰ ਟੀਕਾਕਰਣ ਦੁਆਰਾ ਰੋਕਿਆ ਜਾ ਸਕਦਾ ਹੈ।

# ਜਿਲ੍ਹਾ ਸਵੀਪ ਟੀਮ ਵਲੋਂ ਕੈਂਪਸ ਅੰਬੈਸਡਰਾਂ ਨਾਲ ਕੀਤੀ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ




ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਵੀਪ ਟੀਮ ਵਲੋਂ ਸਹਾਇਕ ਨੋਡਲ ਅਫਸਰ ਸਤਨਾਮ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਕੈਂਪਸ ਅੰਬੈਸਡਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਨੇ ਕਿਹਾ ਕੇ ਆਪਣੇ ਆਪਣੇ ਕਾਲਜ਼ ਵਿੱਚ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਸਾਡੀ ਪਹਿਲ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਕੈਂਪਸ ਅੰਬੈਸਡਰਾਂ ਦੀ ਨੈਤਿਕ ਡਿਊਟੀ ਬਣਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਵੋਟ ਆਨਲਾਈਨ ਮਾਧਿਅਮ ਦੁਆਰਾ ਬਣਵਾਉਣ ਬਾਰੇ ਦੱਸਣ ਉਹਨਾਂ ਨੂੰ ਵੋਟ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕਰਨ।ਉਹਨਾਂ ਦੁਆਰਾ ਕਿਹਾ ਗਿਆ ਕਿ ਵਿਦਿਆਰਥੀ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਜਰੂਰ ਕਰਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਨੌਜਵਾਨ ਹੀ ਹਨ ਜੋ ਦੇਸ਼ ਦੇ ਲੋਕਤੰਤਰ ਨੂੰ ਬਰਕਰਾਰ ਰੱਖ ਸਕਦੇ ਹਨ।ਉਨ੍ਹਾਂ ਕਿਹਾ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ "ਇਸ ਬਾਰ 70 ਪਾਰ" ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ 75 ਦੇ ਪਾਰ ਕਰਨ ਵਿੱਚ ਸਹਿਯੋਗ ਅਤੇ ਹਰ ਇੱਕ ਕੋਸ਼ਿਸ਼ ਕਰਨ। ਇਸ ਮੌਕੇ ਹਾਜ਼ਰ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਨੇ ਵਿਦਿਆਰਥੀਆਂ ਨੂੰ ਧਰਮ, ਜਾਤ ਅਤੇ ਨਸਲ ਤੋਂ ਉੱਪਰ ਉੱਠ ਕੇ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਜਿਹੜੇ ਵਿਦਿਆਰਥੀ 18 ਸਾਲ ਤੋਂ ਉੱਪਰ ਹਨ ਆਪਣੀ ਵੋਟ ਆਨਲਾਈਨ ਵੀ ਬਣਵਾ ਸਕਦੇ ਹਨ। ਕੰਪਿਊਟਰ ਫੈਕਲਟੀ ਉਂਕਾਰ ਸਿੰਘ ਦੁਆਰਾ ਵਿਦਿਆਰਥਨਾਂ ਨੂੰ ਵੋਟਰ ਪ੍ਰਣ ਦੁਆਇਆ ਗਿਆ। ਇਸ ਮੌਕੇ ਹਾਜ਼ਰ ਕੈਂਪਸ ਅੰਬੈਸਡਰਜ਼ ਵਲੋਂ ਸੈਲਫੀ ਪੁਆਇੰਟ ਤੇ ਕਾਫੀ ਉਤਸ਼ਾਹ ਨਾਲ਼ ਸੈਲਫੀਆਂ ਵੀ ਲਈਆਂ ਗਈਆਂ। ਇਸ ਮੌਕੇ ਭੁਵਨੇਸ਼ਵਰੀ, ਅਰਸ਼ਦੀਪ, ਰੇਖਾ, ਲੀਜ਼ਾ, ਸਿਮਰਨ, ਤਲਵੀਨ, ਦੀਪਿਕਾ, ਪ੍ਰਨੀਤ, ਜਸਪ੍ਰੀਤ ਆਦਿ ਹਾਜ਼ਰ ਸਨ।

# ਪੈਂਡਿੰਗ ਜਮਾਂਬੰਦੀਆਂ /ਇੰਤਕਾਲ ਅਤੇ ਨਿਸ਼ਾਨਦੇਹੀਆਂ ਦੇ 30 ਅਪ੍ਰੈਲ ਤੱਕ ਨਿਪਟਾਰਾ ਕਰਨ ਦੇ ਨਿਰਦੇਸ਼ - ਏ ਡੀ ਸੀ (ਜ)

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਰੈਵਨਿਊ ਕੰਮਾਂ ਦੇ ਰਿਵਿਊ ਸਬੰਧੀ ਮੀਟਿੰਗ ਹੋਈ, ਜਿਸ ਵਿੱਚ ਪੈਂਡਿੰਗ ਜਮਾਂਬੰਦੀਆਂ ਨੂੰ ਸਮੇਂ ਸਿਰ ਸਦਰ



ਕਾਨੂੰਗੋ ਪਾਸ ਜਮਾਂ ਕਰਾਉਣ ਲਈ ਮਾਲ ਵਿਭਾਗ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕਿਹਾ ਗਿਆ। ਉਨ੍ਹਾਂ ਨੇ ਕਿਹਾ ਕਿ ਪੈਂਡਿੰਗ ਇੰਤਕਾਲ ਜੋ ਕਿ ਇੱਕ ਮਹੀਨੇ ਤੋਂ ਵੱਧ ਸਮੇਂ ਦੇ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਨਿਪਟਾਇਆ ਜਾਵੇ।

ਉਨ੍ਹਾਂ ਨੇ ਪੈਂਡਿੰਗ ਨਿਸ਼ਾਨਦੇਹੀਆਂ ਕਿਉ ਜੋ ਹੁਣ ਮੌਕੇ ਤੇ ਕਣਕ ਦੀ ਫਸਲ ਖੜੀ ਹੈ ਨੂੰ ਫਸਲ ਕੱਟ ਜਾਣ ਤੋਂ ਬਾਅਦ 100% ਨਿਪਟਾਰਾ ਕਰਨ ਸਬੰਧੀ ਹਦਾਇਤ ਕੀਤੀ। ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਅਧਿਕਾਰੀ /ਕਰਮਚਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਪੈਂਡਿੰਗ ਜਮਾਂਬੰਦੀਆਂ /ਇੰਤਕਾਲ ਅਤੇ ਨਿਸ਼ਾਨਦੇਹੀਆਂ ਦਾ ਹਰ ਹਾਲਤ ਵਿੱਚ 30 ਅਪ੍ਰੈਲ 2024 ਤੱਕ ਨਿਪਟਾਰਾ ਕੀਤਾ ਜਾਵੇ ਅਤੇ 30 ਅਪ੍ਰੈਲ 2024 ਤੋਂ ਬਾਅਦ ਕੋਈ ਵੀ ਅਧਿਕਾਰੀ / ਕਰਮਚਾਰੀ ਇਨ੍ਹਾਂ ਨੂੰ ਆਪਣੇ ਪਾਸ ਪੈਂਡਿੰਗ ਨਾ ਰੱਖੇ। ਉਨਾਂ ਨੇ ਕਿਹਾ ਕਿ ਜਿਹਨਾਂ 103 ਪਿੰਡਾਂ ਵਿੱਚ ਗਰਾਊਂਡ ਟਰੂਥਿੰਗ ਦਾ ਕੰਮ ਪੈਂਡਿੰਗ ਹੈ, ਉਹ ਤੁਰੰਤ ਕੀਤਾ ਜਾਵੇ। ਸੀ.ਏ.ਜੀ. ਦੇ ਪੈਰਿਆਂ ਸਬੰਧੀ ਜਿੰਨੀ ਰਕਮ ਰਿਕਵਰੀ ਕਰਨ ਲਈ ਬਕਾਇਆ ਹੈ, ਉਹ ਰਿਕਵਰੀ ਵੀ ਤੁਰੰਤ ਕੀਤੀ ਜਾਵੇ। ਇਸ ਮੀਟਿੰਗ ਵਿੱਚ ਜ਼ਿਲਾ ਮਾਲ ਅਫਸਰ ਮਨਦੀਪ ਸਿੰਘ ਮਾਨ, ਤਹਿਸੀਲਦਾਰ ਨਵਾਂਸ਼ਹਿਰ ਪਰਵੀਨ ਛਿੱਬਰ, ਤਹਿਸੀਲਦਾਰ ਬੰਗਾ ਹਰਮਿੰਦਰ ਸਿੰਘ, ਤਹਿਸੀਲਦਾਰ ਬਲਾਚੌਰ ਵਿਕਾਸ ਵਰਮਾ, ਨਾਇਬ ਤਹਿਸੀਲਦਾਰ ਨਵਾਂਸ਼ਹਿਰ/ਬੰਗਾ/ਔੜ / ਬਲਾਚੌਰ, ਨਵਨੀਤ ਕੌਰ ਜ਼ਿਲਾ ਸਿਸਟਮ ਮੈਨੇਜਰ, ਪੀ.ਐਲ.ਆਰ.ਐਸ., ਸਹਾਇਕ ਸਿਸਟਮ ਮੈਨੇਜਰ, ਨਵਾਂਸ਼ਹਿਰ/ਬਲਾਚੌਰ/ਬੰਗਾ/ ਔੜ ਅਤੇ ਸਮੂਹ ਤਹਿਸੀਲਾਂ ਦੇ ਕਾਨੂੰਗੋਜ਼ ਹਾਜ਼ਰ ਸਨ।

# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ. ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼੍ਹਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮੜ੍ਹੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)
ਅੱਵਲ ਹਮਦ ਗੁਲਾਬ ਤਾਈਂ,
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,
ਗੋਯਾ ਹੋਰ ਦੂਜਾ ਆਫ਼ਤਾਬ ਆਹਾ।
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,
ਸਾਰੇ ਜੱਗ ਤੇ ਆਹ ਦਨਾਵ ਆਹਾ।
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

## ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।

ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

## ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋੜੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।

## ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ



ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।

## ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।

## ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ। ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

## ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

## ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ

## ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

## ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ। ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

# 22 ਅਪ੍ਰੈਲ ਲਈ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਬਰਸੀ ਸਬੰਧੀ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਅਤੇ ਜਾਤ ਕੁਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭ ਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਵਿੱਚ ਇੱਕ ਨਾਮ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਦਾ ਜਨਮ 14 ਜਨਵਰੀ, 1886 ਨੂੰ ਪੰਜਾਬ ਦੇ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਅਖੌਤੀ ਵਰਣ ਵਿਵਸਥਾ ਕਾਰਨ ਆਪ ਦੇ ਪਰਿਵਾਰ ਨੂੰ ਬਾਕੀ ਅਛੂਤਾਂ ਵਾਂਗ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਵਿਤਕਰੇ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਆਪ ਦੇ ਪਿਤਾ ਚਮੜੇ ਦਾ ਧੰਦਾ ਕਰਦੇ ਸਨ ਅਤੇ ਇਸ ਸਬੰਧੀ ਅੰਗਰੇਜੀ ਭਾਸ਼ਾ ਵਿੱਚ ਆਏ ਚਿੱਠੀ ਪੱਤਰ ਪੜ੍ਹਾਉਣ ਲਈ ਦੂਜੇ ਵਰਗ ਦੇ ਲੋਕਾਂ ਤੇ ਨਿਰਭਰ ਰਹਿੰਦੇ ਸਨ। ਆਪ ਦੇ ਪਿਤਾ ਚਾਹੁੰਦੇ ਸਨ ਕਿ ਅੰਗਰੇਜੀ ਪੜਕੇ ਮੰਗੂ ਰਾਮ ਉਨ੍ਹਾਂ ਦੀ ਇਹ ਸਮੱਸਿਆ ਦੂਰ ਕਰ ਦੇਵੇ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਨੇੜੇ ਹੁਸ਼ਿਆਰਪੁਰ ਸਕੂਲ ਅਤੇ ਦੇਹਰਾਦੂਨ ਵਿੱਚ ਪੜ੍ਹੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਤੇ ਇਕੱਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜ੍ਹਨਾ ਪੈਂਦਾ ਸੀ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਬਾਬਜੂਦ ਅਧਿਆਪਕਾਂ ਦੇ ਜਾਤ ਅਧਾਰਿਤ ਵਿਤਕਰੇ ਕਾਰਨ ਆਪ ਨੂੰ ਪੜ੍ਹਾਈ ਛੱਡਕੇ ਅਪਣੇ ਪਿਤਾ ਨਾਲ ਚਮੜੇ ਦਾ ਕੰਮ ਕਰਨਾ ਪਿਆ। ਆਪ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਵੱਖ ਵੱਖ ਇਲਾਕਿਆਂ ਵਿੱਚ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰੰਤੂ ਇੱਥੇ ਵੀ ਜਾਤ ਅਧਾਰਿਤ ਵਿਤਕਰੇ ਨੇ ਉਨ੍ਹਾਂ ਦਾ ਪਿੱਛਾ ਨਾਂ ਛੱਡਿਆ। ਇਸ ਸਮੇਂ ਦੌਰਾਨ ਹੀ ਨਵੰਬਰ 1913 ਵਿੱਚ ਗਦਰ ਲਹਿਰ ਦੀ ਸਥਾਪਨਾ ਕੀਤੀ ਗਈ ਅਤੇ ਇਹ ਲਹਿਰ ਅੰਗਰੇਜੀ ਹਕੂਮਤ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚਲਾ ਰਹੀ ਸੀ। ਗਦਰ ਲਹਿਰ ਵਿੱਚ ਗਿਣਤੀ ਦੇ ਦਲਿਤ ਹੀ ਸਾਮਲ ਸਨ ਪਰ ਇਸ ਵਿੱਚ ਕਿਸੇ ਨਾਲ ਵੀ ਜਾਤ ਅਧਾਰਿਤ ਵਿਤਕਰਾ ਨਹੀਂ ਸੀ। ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਆਪ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਸ ਸਮੇਂ ਪਹਿਲਾ ਸੰਸਾਰ ਯੁੱਧ ਚੱਲ ਰਿਹਾ ਸੀ। ਸੰਨ 1915 ਵਿਚ ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਹਥਿਆਰਬੰਦ ਲੜਾਈ ਲਈਂ ਅਸਲਾ ਸਮੁੰਦਰੀ ਜਹਾਜ਼ ਰਾਹੀਂ ਦੇ ਕੇ ਬਾਬੂ ਮੰਗੂ ਰਾਮ ਅਤੇ ਉਨ੍ਹਾਂ ਦੇ 4 ਸਾਥੀਆਂ ਨੂੰ ਭਾਰਤ ਵੱਲ ਰਵਾਨਾ ਕੀਤਾ। ਆਪ ਨੇ ਪਹਿਚਾਣ ਗੁੱਪਤ ਰੱਖਣ ਲਈ ਆਪਣਾ ਨਾਮ ਨਿਜ਼ਾਮੁਦੀਨ ਰੱਖਿਆ ਪਰ ਅਮਰੀਕਾ ਤੋਂ ਰਵਾਨਾ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਹੋਇਆ। ਫਾਂਸੀ ਵਾਲੇ ਦਿਨ ਤੋਂ ਪਹਿਲੀ ਰਾਤ ਜਰਮਨੀ ਦੀ ਮੱਦਦ ਨਾਲ ਇਹ ਗ਼ਦਰੀ ਯੋਧਾ ਜੇਲ੍ਹ ਵਿੱਚੋਂ ਭੱਜਣ ਵਿਚ ਕਾਮਯਾਬ ਹੋ ਗਿਆ। ਆਪ ਨੂੰ ਸਾਥੀਆਂ ਸਮੇਤ ਮਨੀਲਾ ਰਵਾਨਾ ਕਰ ਦਿੱਤਾ ਪਰੰਤੂ ਤੂਫ਼ਾਨ ਕਾਰਨ ਉਨ੍ਹਾਂ ਦਾ ਸਮੁੰਦਰੀ ਜਹਾਜ਼ ਰਸਤਾ ਭਟਕ ਗਿਆ ਅਤੇ ਗ਼ਲਤੀ ਨਾਲ ਸਿੰਘਾਪੁਰ ਦੀ ਹੱਦ ਵਿਚ ਜਾ ਪੁੱਜਿਆ ਜਿੱਥੇ ਉਨ੍ਹਾਂ ਨੂੰ ਭਾਰਤ ਦੇ ਗ਼ਦਾਰਾਂ ਨੇ ਪਛਾਣ ਲਿਆ ਅਤੇ ਗ੍ਰਿਫ਼ਤਾਰ ਹੋਣਾ ਪਿਆ। ਇਨ੍ਹੀਂ ਦਿਨੀਂ ਮਨੀਲਾ ਟਾਈਮਜ਼ ਨਾਂ ਦੀ ਅਖ਼ਬਾਰ ਵੱਲੋਂ ਬਾਬੂ ਮੰਗੂ ਰਾਮ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਖ਼ਬਰ ਮੁੱਖ ਪੰਨੇ ਤੇ ਛਪੀ। ਉਨ੍ਹਾਂ ਨੂੰ ਇੱਥੋਂ ਵੀ ਜਰਮਨੀ ਨੇ ਜੋਖ਼ਮ ਭਰੇ ਹਾਲਾਤ ਵਿਚ ਜੇਲ੍ਹ ਵਿੱਚੋਂ ਸੁਰੱਖਿਅਤ ਕੱਢ ਲਿਆ। ਸੰਨ 1922 ਵਿਚ ਪ੍ਰਿੰਸ ਆਫ ਵੇਲਜ਼ ਦੁਨੀਆ ਦੇ ਦੌਰੇ ਦੌਰਾਨ ਮਨੀਲਾ ਪੁੱਜੇ। ਬਾਬੂ ਮੰਗੂ ਰਾਮ ਉਦੋਂ ਮਨੀਲਾ ਵਿਚ ਸਨ। ਪ੍ਰਿੰਸ ਆਫ ਵੇਲਜ਼ ਨੂੰ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਾ ਹੋਵੇ ਇਸ ਮਕਸਦ ਨਾਲ ਆਪ ਨੂੰ ਮੁੜ 6 ਮਹੀਨੇ ਲਈ ਨਜ਼ਰਬੰਦ ਕਰ ਦਿੱਤਾ ਗਿਆ। ਉਨ੍ਹਾਂ ਵਲੋਂ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਆਦਿ ਧਰਮੀਆਂ ਦੀ ਆਜ਼ਾਦੀ ਲਈ ਲੜਨ ਦੀ ਤਜਵੀਜ਼ ਪਾਰਟੀ ਦੇ ਸਾਨਫਰਾਂਸਿਸਕੋ ਵਿਖੇ ਸਥਿਤ ਹੈੱਡਕੁਆਰਟਰ ਵਲੋਂ ਮੰਨਜੂਰ ਕੀਤੀ ਗਈ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਰਾਹੀਂ ਪੰਜਾਬ ਅਪਣੇ ਪਿੰਡ ਪਹੁੰਚੇ। ਆਪ ਨੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿੱਤਕਰੇ ਅਤੇ ਅਨਿਆਂ ਨੂੰ ਅਪਣੇ ਅੱਖੀਂ ਵੇਖਿਆ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਬੀਬੀ ਪ੍ਰੇਮੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਗੰਗਾ ਰਾਮ ਨਾਲ ਵਿਆਹ ਦਿਤਾ ਸੀ। ਆਪ ਦਾ ਦੂਜਾ ਵਿਆਹ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਵਾਂਦਰ ਜਟਾਣਾ ਦੀ ਬੀਬੀ ਬਿਸ਼ਨ ਕੌਰ ਨਾਲ ਕੀਤਾ ਗਿਆ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਅੰਗਰੇਜਾਂ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਸੀ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਕੁੱਝ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਦੇ ਖਿਲਾਫ ਅੰਦੋਲਨ ਚਲਾਇਆ ਜਾ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ



ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ
14/01/1886 - 22/04/1980

ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਅਤੇ ਪੂਰਾ ਜੋਰ ਲਾਇਆ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੂੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਬਾਬੂ ਮੰਗੂ ਰਾਮ ਨੂੰ ਪ੍ਰਧਾਨ, ਹੰਸ ਰਾਜ ਪ੍ਰੇਮਗੜ੍ਹ ਨੂੰ ਉੱਪ ਪ੍ਰਧਾਨ, ਠਾਕਰ ਦਾਸ ਕੰਧੋਲਾ ਨੂੰ ਜਨਰਲ ਸਕੱਤਰ ਨਿਯੁੱਕਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦ ਧਰਮ ਸੰਗਠਨ ਦਾ ਪਹਿਲਾ ਦਫਤਰ ਕਿਰਾਏ ਤੇ ਲੈਕੇ ਖੋਲਿਆ ਗਿਆ ਅਤੇ ਫਿਰ ਅਪਣੀ ਜਮੀਨ ਖਰੀਦੀ ਗਈ ਜਿਸਦੀ ਰਜਿਸਟਰੀ ਸ੍ਰੀ ਗੁਰੂ ਰਵਿਦਾਸ ਅਸਥਾਨ ਆਦਿ ਧਰਮ ਮੰਡਲ ਜਲੰਧਰ ਦੇ ਨਾਮ ਕਰਵਾਈ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। 1928 ਵਿੱਚ ਇੰਗਲੈਂਡ ਸਰਕਾਰ ਨੇ ਭਾਰਤ ਦੇ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਲੱਗਭੱਗ ਪੰਜ ਹਜਾਰ ਵਿਅਕਤੀਆਂ ਇਸਦੇ ਪੱਖ ਵਿੱਚ ਇਕੱਠੇ ਹੋਏ ਅਤੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦ ਧਰਮ ਦਾ ਨਾਮ ਮਿਲਿਆ। ਆਦ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ਼੍ਰੀਦਣ ਦਾ ਅਧਿਕਾਰ ਮਿਲਿਆ। ਆਦ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦ ਧਰਮੀ ਬੱਚੇ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਤਾਰਾਂ ਲੰਡਨ ਭੇਜੀਆਂ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਡਾਕਟਰ ਅੰਬੇਡਕਰ ਅਛੂਤਾਂ ਦਾ ਨੁਮੰਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨੂੰ ਲੈਕੇ ਪਹੁੰਚੇ ਅਤੇ ਅਪਣੀਆਂ ਮੰਗਾਂ ਇਸ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਹਿੰਦੁਸਤਾਨ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦ ਧਰਮ ਮੰਡਲ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ ਅਤੇ 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦ ਧਰਮ ਆਗੂਆਂ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਪੂਰੇ ਹਿੰਦੁਸਤਾਨ ਵਿੱਚ ਐਮ ਐਲ ਏ ਦੀਆਂ ਕੁੱਲ 1585 ਸੀਟਾਂ ਵਿੱਚੋਂ 151 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੋਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ ਅਤੇ 1951 ਵਿੱਚ ਹੋਈ ਜਨਗਣਨਾ ਵਿੱਚ ਆਦ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ। ਅਜਾਦ ਭਾਰਤ ਵਿੱਚ ਵੀ ਬਾਬੂ ਜੀ ਨੇ ਆਦ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 15 ਅਗਸਤ 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸ਼ਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। ਸਾਲ 1977 ਵਿੱਚ ਆਦ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਹੀ ਇਸਦਾ ਆਗੂ ਬਣਾਇਆ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਪੀਜੀਆਈ ਚੰਡੀਗੜ੍ਹ ਵਿਖੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਅੱਜ ਬਾਬੂ ਮੰਗੂ ਰਾਮ ਬੇਸ਼ੱਕ ਦੁਨੀਆਂ ਵਿੱਚ ਨਹੀਂ ਹਨ ਪਰ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਉਨ੍ਹਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ ਅਤੇ ਲੋਕ ਉਨ੍ਹਾਂ ਦੇ ਕੰਮਾਂ ਤੋਂ ਹਮੇਸ਼ਾ ਸੇਧ ਲੈਂਦੇ ਰਹਿਣਗੇ।

## ਬੜੀ ਐ ਖਰਾਬ, ਚੰਨਾ ਛੱਡਦੇ ਸ਼ਰਾਬ

ਬੜੀ ਐ ਖਰਾਬ, ਚੰਨਾ ਛੱਡਦੇ ਸ਼ਰਾਬ,
ਮੈਨੂੰ ਬੜਾ ਚੰਗਾ ਲੱਗਦੈਂ ਇਊਂ ਵੇ।
ਨਛੱਤਰਾ ਪੀਆ ਨਾ ਕਰ,
ਪੀਆ ਨਾ ਕਰ, ਤੂੰ ਵੇ।

ਲਾਲ ਪਰੀ ਮੂੰਹ ਲਾਕੇ ਮਹਿਰਮਾ
ਕੋਈ ਨਾ ਖੱਟੀ ਖੱਟੇ।
ਵੇ ਸੋਹਣਿਆਂ ਕਦੇ ਤਾਬ ਨਾ ਆਉਂਦੇ
ਘਰ ਦਾਰੂ ਦੇ ਪੱਟੇ।
ਜਿਸ ਘਰ ਵੜਦੀ, ਬਦਲੇ ਚੰਦਰੀ
ਵਸਦੇ ਘਰਾਂ ਦਾ ਮੂੰਹ ਵੇ।
ਨਛੱਤਰਾ ------

ਕੱਖੋਂ ਹੌਲੀ ਕਰ ਦੇਵੇ
ਇਹ ਚੰਦਰੀ ਕੁੰਦਨ ਦੇਹੀ।
ਇਕ ਦਿਨ ਪਾਸਾ ਵੱਟ ਜਾਂਦੇ
ਸੱਭ ਸੱਜਣ ਸਾਕ ਸਨੇਹੀ।
ਡੀਕ ਲਊ ਇਹ ਘਰ ਦੀਆਂ ਖੁਸ਼ੀਆਂ
ਕਿਉਂ ਕਰਦੈਂ ਫੂੰ ਫੂੰ ਵੇ।
ਨਛੱਤਰਾ ------

ਕਲ੍ਹਾ ਕਲੇਸ਼ ਵਸੇ ਉਸ ਵਿਹੜੇ
ਜਿਸ ਘਰ ਦਾਰੂ ਵੜਦੀ।
ਆਪਣੇ ਸਭ ਪਰਾਏ ਜਾਪਣ
ਜਦ ਇਹ ਸਿਰ ਨੂੰ ਚੜ੍ਹਦੀ।
ਤਨ ਮਨ ਰੋਗੀ ਕਰਦੀ ਇਹ,
ਤੜਫਾਉਂਦੀ ਫਿਰ ਲੂੰ ਲੂੰ ਵੇ।
ਨਛੱਤਰਾ ----

ਨਵੇਂ ਪੁਆੜੇ ਪਾਉਂਦੀ ਸ਼ੌਂਕਣ
ਇਹ ਜੁਰਮਾਂ ਦੀ ਦਾਦੀ।
ਜੰਗਾਂ ਯੁਧਾਂ ਤੋਂ ਵਧ ਸੱਜਣਾਂ
ਇਹ ਕਰਦੀ ਬਰਬਾਦੀ।
ਸੱਚੀਆਂ ਸੁਣ ਕੇ ਵੀ ਨਾ ਤੇਰੇ
ਕੰਨ ਤੇ ਸਰਕਦੀ ਜੂੰ ਵੇ।
ਨਛੱਤਰਾ ------

ਡੀਕਾਂ ਲਾ ਲਾ ਡੱਫਦੈਂ ਚੰਦਰਿਆ
ਜੀਹਨੂੰ ਸਮਝਕੇ ਦਾਰੂ।
ਇਕ ਦਿਨ ਘਰ ਨੂੰ ਰੱਖਦੂ ਰੋਲਕੇ
ਐਸਾ ਪਟਕਾ ਮਾਰੂ।
ਬੋਤਲ ਤੈਨੂੰ ਰੱਖ ਦਿਊਂ ਪਿੰਜ ਕੇ
ਜਿਉਂ ਤਾੜੇ ਵਿਚ ਰੂੰ ਵੇ।
ਨਛੱਤਰਾ -------

ਸੱਭ ਐਬਾਂ ਦੀ ਮਾਂ 'ਲਾਲ' ਵੇ
ਇਹ ਰੰਗੀਲਾ ਪਾਣੀ।
ਨਸ਼ਿਆਂ ਵਿਚ ਗਰਕਣ ਤੋਂ ਡੱਕੀਏ
ਘੁੱਗ ਵਸਦੀ ਸੁਲਹਾਣੀ।
ਮਿੱਟੀ ਦੇ ਵਿਚ ਰੋ਼ਲ ਨਾ ਦੇਵੀਂ
ਵੱਡਿਆਂ ਘਰਾਂ ਦੀ ਨੂੰਹ ਵੇ।
ਨਛੱਤਰਾ ------



ਲਾਲ ਸਿੰਘ ਸੁਲਹਾਣੀ
91-98721-55120

# ਪੁਸਤਕ ਸਮੀਖਿਆ

**ਸੁਰਮਈ ਪੈੜਾਂ**
**ਰਿਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਡਾ. ਮਨਮੋਹਨ ਸਿੰਘ ਤੀਰ**
**ਪ੍ਰਕਾਸ਼ਕ :ਯੂਨੀਸਟਾਰ ਬੁਕਸ ਮੋਹਾਲੀ,**
**ਪੰਨੇ: 155, ਮੁੱਲ: 295 /-**

ਉਘੇ ਕਹਾਣੀਕਾਰ ਡਾ.ਮਨਮੋਹਨ ਸਿੰਘ ਤੀਰ ਅੱਜ ਤੱਕ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਉਹ ਲਿਖਦੇ ਬਹੁਤ ਘੱਟ ਨੇ ਪਰ ਜੋ ਵੀ ਲਿਖਦੇ ਨੇ ਕਮਾਲ ਦਾ ਲਿਖਦੇ ਨੇ ।ਪਾਕਿਸਤਾਨੀ ਕਹਾਣੀ ਤੇ ਉਹਨਾਂ ਨੇ ਪੀਐਚਡੀ ਕੀਤੀ ਹੋਈ ਹੈ। ਆਓ ਆਸਟਰੇਲੀਆ ਚੱਲੀਏ ਅਤੇ ਯਾਦਾਂ ਵਾਗਿਓਂ ਪਾਰ ਦੀਆਂ ਉਹਨਾਂ ਦੇ ਦੋ ਸਫਰਨਾਮੇ ਵੀ ਛਪ ਚੁੱਕੇ ਹਨ। ਬਿੱਲੀ ਦੇ ਬਲੂੰਗੜੇ ਬਾਲ ਕਹਾਣੀ ਸੰਗ੍ਰਹਿ ਨੂੰ ਬਾਲ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਉਹਨਾਂ ਦੁਆਰਾ ਕਹਾਣੀ ਖੇਤਰ ਵਿੱਚ ਕੀਤਾ ਗਿਆ ਕਾਰਜ ਕਾਬਲੇ ਗੌਰ ਅਤੇ ਸ਼ਲਾਘਾਯੋਗ ਹੈ।ਉਹਨਾਂ ਦੁਆਰਾ ਸਿਰਜੀ ਗਈ ਹਰ ਪੁਤਕ ਨੂੰ ਪਾਠਕ ਦੋਹੀਂ ਹੱਥੀਂ ਕਬੂਲਦੇ ਹਨ।

ਹਥਲੀ ਪੁਸਤਕ 'ਸੁਰਮਈ ਪੈੜਾਂ' ਉਹਨਾਂ ਦੀ ਸਵੈਜੀਵਨੀ ਹੈ। ਗੀਤ ਸੰਗੀਤ ਦੇ ਪ੍ਰੇਮੀ ਅਤੇ ਸਾਹਿਤ ਦੇ ਸਿਰਜਕ ਡਾ. ਮਨਮੋਹਨ ਸਿੰਘ ਤੀਰ ਨੇ ਇਸ ਪੁਸਤਕ ਨੂੰ ਵੀ ਆਪਣੀ ਰਸੀਲੀ ਬੋਲੀ ਵਿੱਚ ਸਿਰਜਕੇ ਮਾਨਣਯੋਗ ਬਣਾ ਦਿੱਤਾ ਹੈ। 21 ਚੈਪਟਰਾਂ ਵਿੱਚ ਵੰਡੀ ਇਸ ਪੁਸਤਕ ਨੂੰ




ਪੜ੍ਹਦਿਆਂ ਸਾਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ। ਬਚਪਨ ਦੀਆਂ ਖੇਡਾਂ ਅਤੇ ਬਚਪਨ ਦੀਆਂ ਕਾਲਪਨਿਕ ਉਡਾਰੀਆਂ ਇਸ ਪੁਸਤਕ ਨੂੰ ਹਰ ਪਾਠਕ ਦੀ ਹਰਮਨ ਪਿਆਰੀ ਪੁਸਤਕ ਬਣਾ ਦਿੰਦੀਆਂ ਹਨ। ਇਹ ਗੱਲ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਜੀਵਨ ਇੱਕ ਸੰਘਰਸ਼ ਹੈ ਪਰ ਹਰ ਇਨਸਾਨ ਦੀ ਆਪੋ ਆਪਣੇ ਰੰਗ ਢੰਗ ਦੀ ਜੱਦੋ ਜਹਿਦ ਹੁੰਦੀ ਹੈ।

1947 ਦੇ ਬਟਵਾਰੇ ਤੋਂ ਬਾਅਦ ਖਾਲੀ ਹੱਥੀ ਉਜੜ ਕੇ ਇਧਰ ਉਧਰ ਗਏ ਲੋਕਾਂ ਦੀ ਦਾਸਤਾਨ ਪੜ੍ਹਕੇ ਦਿਲ ਵਲੂੰਧਰਿਆ ਜਾਂਦਾ ਹੈ। ਲੇਖਕ ਦਾ ਪਰਿਵਾਰ ਵੀ ਪਾਕਿਸਤਾਨ ਵਿੱਚੋਂ ਉੱਜੜ ਕੇ ਚੜDELਦੇ ਪੰਜਾਬ ਵਿੱਚ ਰੈਣ ਬਸੇਰਾ ਕਰਦਾ ਹੈ। ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਕਿਰਾਏ ਦੇ ਮਕਾਨਾਂ ਤੇ ਗੁਜ਼ਾਰਾ ਕਰਦਾ ਹੋਇਆ ਜੀਵਨ ਦੇ ਪੈਂਡੇ ਨੂੰ ਇਕ ਸਬਰ ਸੰਤੋਖ ਵਾਲੇ ਇਨਸਾਨ ਵਾਂਗ ਪੂਰਾ ਕਰਦੇ ਹਨ। ਕਿਰਾਏਦਾਰਾਂ ਦੀਆਂ ਮੁਸ਼ਕਿਲਾਂ ਅਤੇ ਨੌਕਰੀ ਕਰਦੇ ਲੋਕਾਂ ਦੀਆਂ ਸਮੱਸਿਆਵਾਂ ਹੋਰ ਵੀ ਗਹਿਰੀਆਂ ਹੁੰਦੀਆਂ ਹਨ। ਲੇਖਕ ਦੇ ਬਚਪਨ ਤੋਂ ਸ਼ੁਰੂ ਹੋਇਆ ਇਹ ਸਫਰਨਾਮਾ ਉਹਨਾਂ ਦੇ ਵਿੱਦਿਅਕ ਜੀਵਨ ਤੇ ਵੱਖ-ਵੱਖ ਸਕੂਲਾਂ ਦੇ ਤਜਰਬਿਆਂ ਨੂੰ ਵੀ ਪੇਸ਼ ਕਰਦਾ ਹੈ। ਪਿਤਾ ਜੀ ਦੀ ਥੋੜ੍ਹੀ ਕਮਾਈ ਨਾਲ ਪਰਿਵਾਰ ਕਿਵੇਂ ਗੁਜ਼ਾਰਾ ਕਰਦਾ ਹੈ? ਇਸ ਸਵੈ ਜੀਵਨੀ ਵਿੱਚੋਂ ਸਾਨੂੰ ਪ੍ਰੇਰਨਾਦਾਇਕ ਸਬਕ ਮਿਲਦੇ ਹਨ। ਜੀਵਨ ਵਿੱਚ ਨਿਰਾਸ਼ ਨਾ ਹੋ ਕੇ ਸਗੋਂ ਆਸ ਦਾ ਲੜ ਫੜ ਕੇ ਮਿਹਨਤ ਤੇ ਹੋਰ ਮਿਹਨਤ ਕਰਨ ਦਾ ਵੀ ਸੰਦੇਸ਼ ਮਿਲਦਾ ਹੈ। ਮਿਹਨਤੀ ਵਿਅਕਤੀ ਨੂੰ ਅੱਜ ਨਹੀਂ ਤਾਂ ਕੱਲ ਸਫ਼ਓਮਪ;ਲਤਾ ਜਰੂਰ ਮਿਲੇਗੀ। ਓ ਟੀ ਤੋਂ ਬਾਅਦ ਡਾਕਟਰੇਟ ਤਕ ਦੀ ਡਿਗਰੀ ਹਾਸਲ ਕਰਨ ਉਪਰੰਤ ਸਕੂਲਾਂ ਵਿੱਚ ਪੰਜਾਬੀ ਅਧਿਆਪਕ ਵਜੋਂ ਪੜਾਉਂਦੇ ਰਹਿਣਾ ਲੇਖਕ ਨੂੰ ਹਮੇਸ਼ਾ ਰੜਕਦਾ ਰਿਹਾ। ਉਹਨਾਂ ਵੱਲੋਂ ਕਾਲਜ ਵਿੱਚ ਪੜ੍ਹਾਉਣ ਦਾ ਮਿਥਿਆ ਨਿਸ਼ਾਨਾ ਬੜੇ ਸੰਘਰਸ਼ ਤੋਂ ਬਾਅਦ ਆਖਰੀ ਮੌਕੇ ਹਾਸਲ ਕੀਤਾ ਗਿਆ। ਸਕੂਲੀ ਅਤੇ ਕਾਲਜ ਦੇ ਜੀਵਨ ਨੂੰ ਵੀ ਬਾਖੂਬੀ ਬਿਆਨਿਆ ਗਿਆ ਹੈ। ਕਿਸੇ ਕੰਮ ਨੂੰ ਵੰਗਾਰ ਮੰਨ ਕੇ ਕਰੀਏ ਤਾਂ ਉਸ ਵਿੱਚ ਸਫਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਇਸੇ ਤਰ੍ਹਾਂ ਲੇਖਕ ਬਹੁਤ ਵਾਰੀ ਸਕੂਲ ਅਤੇ ਕਾਲਜ ਵਿੱਚ ਚੁਣੌਤੀਆਂ ਨੂੰ ਕਬੂਲਦੇ ਹੋਏ ਸਫਲਤਾ ਦੇ ਝੰਡੇ ਗੱਡਦੇ ਹਨ।

ਆਪਣੀ ਜੀਵਨ ਸਾਥਣ ਡਾ. ਪਰਮਜੀਤ ਕੌਰ ਅਤੇ ਬੇਟੀਆਂ ਪਿੰਕੀ, ਲਵਲੀ ਤੇ ਰੋਜ਼ੀ ਨਾਲ ਇਸ ਜੀਵਨ ਨੂੰ ਸੁਰਮਈ ਬਣਾ ਕੇ ਰੱਖਦੇ ਹਨ। ਉਹਨਾਂ ਦਾ ਬਚਪਨ ਮਾਹਿਲਪੁਰ ਦੀਆਂ ਗਲੀਆਂ ਵਿੱਚ ਗੁਜ਼ਰਿਆ ਹੋਣ ਕਰਕੇ ਮਾਹਿਲਪੁਰ ਬਾਰੇ ਇੱਕ ਪੂਰਾ ਚੈਪਟਰ ਸ਼ਾਮਿਲ ਕੀਤਾ ਗਿਆ ਹੈ। ਉਹਨਾਂ ਆਪਣੀ ਪਹਿਲੀ ਸਰਕਾਰੀ ਨੌਕਰੀ ਸਰਕਾਰੀ ਹਾਈ ਸਕੂਲ ਮੈਲੀ ਤੋਂ ਸ਼ੁਰੂ ਕੀਤੀ। ਕਾਲਜ ਦੀ ਪ੍ਰੋਫੈਸਰੀ ਸਰਕਾਰੀ ਕਾਲਜ ਤਲਵਾੜਾ ਤੋਂ ਸ਼ੁਰੂ ਕਰਕੇ ਸੇਵਾ ਮੁਕਤੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੀ। ਸੇਵਾ ਮੁਕਤੀ ਤੋਂ ਬਾਅਦ ਬਿਤਾਏ ਜੀਵਨ ਦੀਆਂ ਯਾਦਾਂ ਵੀ ਇਸ ਪੁਸਤਕ ਨੂੰ ਹੋਰ ਅੱਗੇ ਪੜ੍ਹਨ ਲਈ ਪ੍ਰੇਰਿਤ ਕਰਦੀਆਂ ਹਨ। ਰਾਜਵੀਰ ਅਤੇ ਬੱਚਿਆਂ ਨਾਲ ਹਿਮਾਚਲ ਪ੍ਰਦੇਸ਼ ਦੇ ਸੈਲਾਨੀ ਕੇਂਦਰਾਂ ਦੀ ਯਾਤਰਾ ਬਹੁਤ ਹੀ ਪ੍ਰਭਾਵਸ਼ਾਲੀ ਹੈ। ਕੁਦਰਤੀ ਵਾਤਾਵਰਣ ਨੂੰ ਬਹੁਤ ਖੂਬਸੂਰਤ ਸ਼ਬਦਾਂ ਵਿੱਚ ਚਿਤਰਿਆ ਗਿਆ ਹੈ। ਲੇਖਕ ਦੀ ਸ਼ਖਸ਼ੀਅਤ ਇੰਨੀ ਪ੍ਰਭਾਵਸ਼ਾਲੀ ਹੈ ਕਿ ਉਹ ਮਾਊਥ ਔਰਗਨ ਰਾਹੀਂ ਸੰਗੀਤਕ ਧੁਨਾਂ ਨਾਲ ਵੀ ਸਰੋਤਿਆਂ ਨੂੰ ਮੰਤਰ ਮੁਗਧ ਕਰਦੇ ਹਨ। ਰੇਡੀਓ ਟੀਵੀ ਅਤੇ ਅਖਬਾਰਾਂ ਰਾਹੀਂ ਆਪਣੀਆਂ ਕਲਾਤਮਕ ਕਿਰਤਾਂ ਨਾਲ ਪਾਠਕਾਂ ਦਾ ਮਨੋਰੰਜਨ ਅਤੇ ਸਿੱਖਿਅਤ ਕਰਦੇ ਰਹਿੰਦੇ ਹਨ। ਆਪਣੀ ਹੀ ਧੁਨ ਵਿੱਚ ਜਿਉਣ ਵਾਲੇ ਇਸ ਪਰਿਵਾਰ ਵੱਲੋਂ ਸਿੱਖਿਆ ਜਗਤ ਵਿੱਚ ਪਾਈਆਂ ਪੈੜਾਂ ਹਮੇਸ਼ਾ ਯਾਦ ਰਹਿਣਗੀਆਂ।

ਇਹ ਸਫਰਨਾਮਾ ਸਾਨੂੰ ਪਰਿਵਾਰਿਕ, ਸਮਾਜਿਕ, ਸਿੱਖਿਆ ਅਤੇ ਰਾਜਸੀ ਪ੍ਰਬੰਧਾਂ ਦੀ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ। ਸਫਰਨਾਮੇ ਵਿੱਚ ਲੇਖਕ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉਹਨਾਂ ਦੇ ਸੰਗੀ ਸਾਥੀ ਰਹੇ ਅਧਿਆਪਕ, ਵਿਦਿਆਰਥੀ ਅਤੇ ਯਾਰਾਂ ਦੋਸਤਾਂ ਦਾ ਵੀ ਜ਼ਿਕਰ ਮਿਲਦਾ ਹੈ। ਸਰਕਾਰੀ ਹਾਈ ਸਕੂਲ ਸਾਹਰੀ ਅਤੇ ਸਰਕਾਰੀ ਕਾਲਜ ਹੁਸ਼ਿਆਰਪੁਰ ਦੀਆਂ ਬਹੁਤ ਸਾਰੀਆਂ ਘਟਨਾਵਾਂ ਪਾਠਕਾਂ ਲਈ ਪ੍ਰੇਰਨਾਦਾਇਕ ਹਨ। ਲੇਖਕ ਨੇ ਪੁਸਤਕ ਵਿੱਚ ਆਮ ਭਾਸ਼ਾ ਦੀ ਵਰਤੋਂ ਕਰਕੇ ਪਾਠਕਾਂ ਲਈ ਇਸ ਨੂੰ ਦਿਲਚਸਪ ਬਣਾ ਦਿੱਤਾ ਹੈ। ਉਹਨਾਂ ਦੇ ਜੀਵਨ ਨਾਲ ਸੰਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰਚਨਾਤਮਕ ਕਾਰਜਾਂ ਨੂੰ ਵੀ ਸਲਾਹਿਆ ਗਿਆ ਹੈ। ਇਸ ਪ੍ਰੇਰਨਾਦਾਇਕ ਪੁਸਤਕ ਤੋਂ ਪਾਠਕ ਆਪਣੇ ਜੀਵਨ ਨੂੰ ਸੋਹਣਾ ਤੇ ਸਚੱਜਾ ਬਣਾਉਣ ਦਾ ਗੁਰ ਸਿੱਖ ਸਕਦਾ ਹੈ।

# ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ



ਪਸਰਿਆ ਪਾਪ ਸੀ ਜਦੋਂ ਪ੍ਰਿਥਵੀ ਤੇ,
ਅਲੋਪ ਹੋਇਆ ਸੀ ਧਰਮ ਸੰਸਾਰ ਵਿਚੋਂ।
ਡੁੱਬਦੀ ਮਾਨਵਤਾ ਤਾਈਂ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਵਰਨਾਂ ਮਜ਼ਬਾਂ ਵਿਚ ਵੰਡ ਮਨੁੱਖਤਾ ਨੂੰ,
ਘ੍ਰਿਣਾ, ਨਫ਼ਰਤ ਦੀ ਪੱਟੀ ਪੜ੍ਹਾਈ ਸੀ ਜਦ।
ਮਾਨਸ ਜਾਤਾਂ ਵਿਚ ਲੀਰੋ ਲੀਰ ਕਰਕੇ,
ਖੁਦ- ਪ੍ਰਸਤਾਂ ਨੇ ਹੱਦ ਮੁਕਾਈ ਸੀ ਜਦ।
ਨੌਂ ਆਦਮੀ ਤੇ ਵੱਖੋ ਵੱਖ ਚੁਲ੍ਹੇ,
ਸਾਂਝ ਦਿਲਾਂ ਚੋਂ ਉੱਕਾ ਮਿਟਾਈ ਸੀ ਜਦ।
ਮਰ ਗਈ ਮਾਨਵਤਾ ਹੋਇਆ ਸੀ ਖੂਨ ਚਿੱਟਾ,
ਐਨੀ ਕੂੜ ਦੀ ਪਾਣ ਚੜ੍ਹਾਈ ਸੀ ਜਦ।
ਇਨਸਾਨੀਅਤ ਕਰਾਹੁੰਦੀ ਸੀ ਇਉਂ ਸੰਸਾਰ ਅੰਦਰ,
ਕੂੰਜ ਵਿਛੜਕੇ ਜਿਸ ਤਰ੍ਹਾਂ ਡਾਰ ਵਿਚੋਂ।
ਜੋੜਨ ਵਾਸਤੇ ਟੁੱਟਿਆ ਭਾਈਚਾਰਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਅੱਵਲ ਅੱਲਾ ਦੇ ਨੂਰ ਦੇ ਸੱਭ ਬੰਦੇ,
ਐਪਰ ਜਾਤਾਂ ਦਾ ਗਰਬ ਗਵਾਰ ਕਰਦੇ।
ਪੈਦਾ ਬ੍ਰਹਮਾ ਤੋਂ ਹੋਇਆ ਸੰਸਾਰ ਕਹਿਕੇ,
ਝੂਠੇ ਰੱਜ ਕੇ ਝੂਠਾ ਪ੍ਰਚਾਰ ਕਰਦੇ।
ਹਾਮੀ ਜਾਤਾਂ ਦੇ, ਤੋੜ ਕੇ ਭਾਈਚਾਰਾ,
ਲੀਰੋ- ਲੀਰ ਕਰਦੇ, ਤਾਰ-ਤਾਰ ਕਰਦੇ।
ਉਪਾਸ਼ਕ ਵੇਦ -ਪੁੱਤਰੀ, ਮਨੂ -ਸਿਮਰਤੀ ਦੇ,
ਡਾਢਾ ਜਿੱਚ ਕਰਦੇ, ਅਵਾਜ਼ਾਰ ਕਰਦੇ।
ਕੋਮਲ ਨਾਨਕ ਦਾ ਹਿਰਦਾ ਕੁਰਲਾ ਉੱਠਿਆ,
ਗਊ ਕੱਢਣ ਲਈ ਖੁੱਭੀ ਹੋਈ ਗਾਰ ਵਿਚੋਂ।
ਨਾਨਕ ਮਿਸ਼ਨ ਦਾ ਸ਼ਾਹ-ਅਸਵਾਰ ਬਣਕੇ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਕਰੜੀ ਘਾਲਣਾ ਘਾਲ਼ੀ, ਕੁੱਝ ਸਤਿ-ਪੁਰਸ਼ਾਂ,
ਜਾਤ-ਪਾਤ ਦਾ ਬੀਜ਼ ਮੁਕਾਉਣ ਖਾਤਰ।
ਏਕੁ ਪਿਤਾ ਦੇ ਬਣਕੇ ਰਹਿਣ ਬਾਰਿਕ,
ਭਾਈਚਾਰੇ ਦਾ ਸਬਕ ਪੜ੍ਹਾਉਣ ਖਾਤਰ।
ਸਾਂਝੀਵਾਲ ਸਦਵਾਉਣ,ਬਣਕੇ ਰਹਿਣ ਭਾਈ ,
ਊਚ -ਨੀਚ ਨੂੰ ਜੜ੍ਹੋਂ ਮੁਕਾਉਣ ਖਾਤਰ।
ਡਿੱਗੇ ਹੋਇਆਂ ਨੂੰ ਉੱਚੇ ਉਠਾਉਣ ਖਾਤਰ,
ਬੇਟੇ ਆਖਕੇ ਗਲ਼ੇ ਲਗਾਉਣ ਖਾਤਰ।
ਮਾਨਸੁ ਜਾਤ ਸੱਭ ਇਕ ਹੀ ਜਾਤ ਹੋਵੇ,
ਮਿਲਿਆ ਉਪਦੇਸ਼ ਸੀ, ਤੇਰੀ ਲਲਕਾਰ ਵਿਚੋਂ।
ਜਾਤ ਤੋੜ ਸਮਾਜ ਨੂੰ ਜੋੜਨੇ ਲਈ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਫੜਕੇ ਵੇਖੀ ਨਾ ਜਿੰਨ੍ਹਾਂ ਨੇ ਕਰਦ ਨੰਗੀ,
ਉਹਨਾਂ ਹੱਥ ਤੈਂ ਨੰਗੀ ਕਿਰਪਾਨ ਦਿੱਤੀ।
ਆਬ -ਇ- ਹਯਾਤ ਬਖਸ਼ਕੇ ਮੁਰਦਿਆਂ ਨੂੰ ,
ਨਵੀਂ ਰੂਹ ਫੂਕੀ, ਨਵੀਂ ਜਾਨ ਦਿੱਤੀ।
ਕੱਖਾਂ ਵਾਂਗ ਲਿਤਾੜੇ ਹੋਏ ਬੰਦਿਆਂ ਨੂੰ,
ਇਜ਼ਤ ਅਣਖ ਦਿੱਤੀ, ਉੱਚੀ ਸ਼ਾਨ ਦਿੱਤੀ।
ਅੜੀਆਂ ਬਾਜਾਂ ਦੇ ਸਾਹਵੇਂ, ਮਜ਼ਲੂਮ ਚਿੱੜੀਆਂ,
ਗੁੜ੍ਹਤੀ ਅੰਮ੍ਰਿਤ ਦੀ, ਐਨੀ ਮਹਾਨ ਦਿੱਤੀ।
ਖਾਲਸਾ ਨਿਆਰਾ ਹੀ ਲੱਖਾਂ ਚੋਂ ਨਜ਼ਰ ਆਏ ,
ਗੁੱਝੀ ਹੀਰ ਨਾ ਰਹੇ ਹਜ਼ਾਰ ਵਿਚੋਂ।
ਡਰਪੋਕ ਗਿੱਦੜਾਂ ਨੂੰ ਸ਼ੇਰ ਬਨਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਚੋਜੀ ਪ੍ਰੀਤਮਾਂ ਨਿਆਰੇ ਨੇ ਚੋਜ ਤੇਰੇ,
ਆਵੇ ਸਮਝ ਨਾ, ਤੇਰੇ ਵਰਤਾਰਿਆਂ ਦੀ।
ਕਿਹਾ ਰੱਖ ਕੇ ਤਲੀ 'ਤੇ ਸੀਸ ਆਵੋ,
ਕੀਤੀ ਚੋਣ, ਜਦ ਪੰਜਾਂ ਪਿਆਰਿਆਂ ਦੀ।
ਬਾਣੇ ਕੇਸਰੀ ਤੇ ਸਸ਼ਤਰ ਬਖਸ਼ ਦਿੱਤੇ,
ਦਾਤ ਦਿੱਤੀ ਤੈਂ, ਸਿਰੀਂ ਦਸਤਾਰਿਆਂ ਦੀ।
ਜਿੱਤਾਂ ਖਾਲਸੇ ਦੀ ਝੋਲ਼ੀ ਆਣ ਪਈਆਂ,
ਪਈ ਗੂੰਜ 'ਰਣਜੀਤ ਨਗਾਰਿਆਂ' ਦੀ।
ਜਾਬਰ ਜਰਵਾਣੇ ਦੇ ਜ਼ੁਲਮ ਨੂੰ ਠੱਲ੍ਹ ਪੈ ਗਈ,
ਕੜਕੀ ਬਿਜਲੀ ਜਦ, ਤੇਰੀ ਤਲਵਾਰ ਵਿਚੋਂ।
ਝੂਲੇ ਪਰਚਮ ਇਨਸਾਫ਼ ਦਾ ਸਦਾ ਉੱਚਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਗਜ਼ਨੀ, ਬਸਰੇ, ਬਗ਼ਦਾਦ ਤੋਂ ਧਾੜਵੀ ਆ,
ਕਈ ਸਦੀਆਂ ਰਹੇ ਲੁੱਟਦੇ ਦੇਸ਼ ਭਾਰਤ।
ਰਿਹਾ ਲੁੱਟੀਦਾ, ਕੁੱਟੀਦਾ, ਕਈ ਸਦੀਆਂ,
ਬਦੇਸ਼ੀ ਲੁਟੇਰਿਆਂ ਹੱਥੋਂ ਹਮੇਸ਼ ਭਾਰਤ।
ਅਸਮਤ ਰੋਲ ਦਿੱਤੀ, ਮਰ ਗਈ ਅਣਖ ਗੈਰਤ,
ਬਣਿਆਂ ਗੁਲਾਮਾਂ ਦਾ ਗੁਲਾਮ ਵਿਸ਼ੇਸ਼ ਭਾਰਤ।
ਹੋ ਕੇ ਬੇਗੈਰਤ, ਗ਼ਫ਼ਲਤ ਨੀਂਦ ਸੁੱਤਾ,
ਸੁਣਕੇ ਜਾਗਿਆ, ਤੇਰਾ ਸੰਦੇਸ਼ ਭਾਰਤ।
ਖੜਗ -ਭੁਜਾ ਬਣ, ਸਦਾ ਲਈ ਖਾਲਸੇ ਨੇ,
ਭਾਰਤ ਕੱਢਿਆ ਦੁਸ਼ਮਣ ਦੀ ਮਾਰ ਵਿੱਚੋਂ।
ਰੁਲਦੀ ਦੇਸ਼ ਦੀ ਅਣਖ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

'ਸੂਰਜ ਕਿਰਨਾਂ' ਅਰ 'ਗੰਗ ਤਰੰਗ' ਨਾਲੋਂ,
ਮੇਰੇ ਦਾਤਿਆ ਵੱਧ ਉਪਕਾਰ ਤੇਰੇ।
ਬਰਸਾਤ ਬੂੰਦਾਂ, ਬਹਾਰ ਦੇ ਫੁੱਲਾਂ ਵਾਂਗੂੰ,
ਗੁਣ ਗਿਣੇ ਨਾ ਜਾਣ ਦਾਤਾਰ ਤੇਰੇ।
ਜੋਰਾਵਰ ਤੇ ਫਤਿਹ ਮਸੂਮ ਜਿੰਦਾਂ,
ਲੱਗੇ ਧਰਮ ਲਈ ਅਜੀਤ ਜੁਝਾਰ ਤੇਰੇ।
ਪਿਆਰਾ ਪ੍ਰਾਣਾਂ ਤੋਂ ਖਾਲਸਾ ਵਾਰਿਆ ਤੈਂ,
ਅਹਿਸਾਨ ਭੁੱਲੂ ਨਾ ਦਾਤਾ ਸੰਸਾਰ ਤੇਰੇ।
'ਲਾਲ' ਲਾਈ ਐਸੀ ਝੜੀ ਕੁਰਬਾਨੀਆਂ ਦੀ,
ਕੱਢਣ ਵਾਸਤੇ ਕੌਮ ਨਿਘਾਰ ਵਿਚੋਂ।
ਠੱਲ੍ਹ ਪਾਉਣ ਲਈ ਜੁਲਮ ਦੇ ਵਹਿਣ ਤਾਈਂ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

**ਲਾਲ ਸਿੰਘ ਸੁਲਹਾਣੀ**
**91-98721-55120**

# ਪੁਸਤਕ ਸਮੀਖਿਆ

**ਨੰਨ੍ਹੇ ਮੁੰਨ੍ਹੇ ਬਾਲ ਪਿਆਰੇ**
**ਰਿਵਿਊਕਾਰ: ਬਲਜਿੰਦਰ ਮਾਨ 98150-18947**
**ਕਵਿਤਰੀ: ਮਨਪ੍ਰੀਤ ਕੌਰ ਮੱਟੂ**
**ਪ੍ਰਕਾਸ਼ਕ: ਸਾਦਿਕ ਪਬਲੀਕੇਸ਼ਨ ਬਠਿੰਡਾ, ਪੰਨੇ 52,**
**ਮੁੱਲ 120 ਰੁਪਏ**

ਮਨਪ੍ਰੀਤ ਕੌਰ ਮੱਟੂ ਕਾਫੀ ਲੰਮੇ ਸਮੇਂ ਤੋਂ ਸਾਹਿਤ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੀ ਹੈ। ਉਹ ਕਾਵਿ ਜਗਤ ਵਿੱਚ ਆਪਣੀਆਂ ਸੰਦਲੀ ਪੈੜਾਂ ਨਾਲ ਅੱਗੇ ਤੋਂ ਅਗੇਰੇ ਵਧ ਰਹੀ ਹੈ। ਦਰਜਨਾ ਸਾਂਝੇ ਕਾਵਿ ਸੰਗ੍ਰਹਿਾਂ ਵਿੱਚ ਉਸਦੀਆਂ ਰਚਨਾਵਾਂ ਸ਼ਾਮਿਲ ਹਨ। ਇਥੋਂ ਇਹ ਸਾਬਤ ਹੁੰਦਾ ਹੈ ਕਿ ਉਹ ਦਿਨ ਰਾਤ ਸਾਹਿਤ ਸਿਰਜਣਾ ਵਿੱਚ ਜੁਟੀ ਹੋਈ ਹੈ। ਦੇਸ਼ ਵਿਦੇਸ਼ ਵਿੱਚ ਉਸਦੀਆਂ ਰਚਨਾਵਾਂ ਨੂੰ ਬੜੇ ਆਦਰ ਮਾਣ ਨਾਲ ਪਾਠਕਾਂ ਦੁਆਰਾ ਪੜ੍ਹਿਆ ਤੇ ਸੁਣਿਆ ਜਾ ਰਿਹਾ ਹੈ। ਸੋਸ਼ਲ ਮੀਡੀਏ ਦਾ ਜ਼ਮਾਨਾ ਹੋਣ ਕਰਕੇ ਉਹ ਇਸ ਖੇਤਰ ਵਿੱਚ ਵੀ ਕਾਫੀ ਸਰਗਰਮ ਹੈ। ਆਨਲਾਈਨ ਤੇ ਆਫਲਾਈਨ ਕਵੀ ਦਰਬਾਰਾਂ ਵਿੱਚ ਅਕਸਰ ਭਾਗ ਲੈ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ ਰਹਿੰਦੀ ਹੈ। ਉਸ ਕੋਲ ਸਮਾਜਿਕ ਕਦਰਾਂ ਕੀਮਤਾਂ ਦਾ ਚੰਗਾ ਭੰਡਾਰ ਹੈ ਤੇ ਇਹਨਾਂ ਕੀਮਤੀ ਵਿਚਾਰਾਂ ਨੂੰ ਕਵਿਤਾ ਵਿੱਚ ਪਰੋ ਕੇ ਸਾਡੇ ਸਨਮੁਖ ਕਰਦੀ ਹੈ।




ਪਰੋੜ ਪਾਠਕਾਂ ਲਈ ਅਨੇਕਾਂ ਰਚਨਾਵਾਂ ਦੀ ਸਿਰਜਣਾ ਕਰਨ ਤੋਂ ਬਾਅਦ ਹੁਣ ਉਸਨੇ ਆਪਣੀ ਬਾਲ ਪੁਸਤਕ 'ਨੰਨ੍ਹੇ ਮੁੰਨ੍ਹੇ ਬਾਲ ਪਿਆਰੇ' ਨਾਲ ਬਾਲ ਸਾਹਿਤ ਦੇ ਖੇਤਰ ਵਿੱਚ ਪੈਰ ਧਰਿਆ ਹੈ।ਉਹ ਇੱਕ ਅਧਿਆਪਕਾ ਹੈ ਜਿਸ ਕਰਕੇ ਉਹ ਬਾਲ ਮਾਨਸਿਕਤਾ ਦੀਆਂ ਗਹਿਰਾਈਆਂ ਦੀ ਵਾਕਫੀਅਤ ਰੱਖਦੀ ਹੈ।

ਬੱਚਾ ਕੀ ਚਾਹੁੰਦਾ ਹੈ, ਕਿਵੇਂ ਚਾਹੁੰਦਾ ਹੈ ,ਕੀ ਉਸ ਦੀ ਕਾਲਪਨਿਕ ਉਡਾਰੀ ਹੈ? ਇਹਨਾਂ ਸਭ ਗੱਲਾਂ ਦਾ ਉਸ ਨੂੰ ਗਿਆਨ ਹੈ। ਇਸੇ ਕਰਕੇ ਉਹ ਜਦੋਂ ਬਾਲ ਸਾਹਿਤ ਦੀ ਸਿਰਜਣਾ ਕਰਦੀ ਹੈ ਤਾਂ ਬਾਲ ਮਨਾਂ ਦੀ ਹਾਣੀ ਬਣ ਜਾਂਦੀ ਹੈ। ਉਹੀ ਬਾਲ ਰਚਨਾ ਪਿਆਰੀ ਤੇ ਸਤਿਕਾਰੀ ਜਾਂਦੀ ਹੈ ਜੋ ਬੱਚਿਆਂ ਦੇ ਮਨ ਦੀ ਗੱਲ ਕਰਦੀ ਹੋਵੇ ਅਤੇ ਕੋਮਲ ਸ਼ਬਦਾਂ ਦਾ ਪ੍ਰਯੋਗ ਕਲਾਮਈ ਢੰਗ ਨਾਲ ਕੀਤਾ ਹੋਵੇ। ਅਜਿਹੀਆਂ ਕਵਿਤਾਵਾਂ ਨੂੰ ਬੱਚੇ ਦੋਨੀਂ ਹੱਥੀਂ ਕਬੂਲ ਕਰਦੇ ਹਨ। ਮਨਪ੍ਰੀਤ ਕੌਰ ਮੱਟੂ ਦੀਆਂ ਕਵਿਤਾਵਾਂ ਵਿੱਚ ਇਹ ਸਾਰੇ ਗੁਣ ਮੌਜੂਦ ਹਨ।

ਪੁਸਤਕ ਵਿੱਚ ਸ਼ਾਮਿਲ ਕਵਿਤਾਵਾਂ ਦੇ ਵਿਸ਼ੇ ਵੀ ਬਾਲ ਜੀਵਨ ਨਾਲ ਸੰਬੰਧਿਤ ਹਨ। ਖਾਸ ਗੱਲ ਇਹ ਕਿ ਪੁਸਤਕ ਕੁਝ ਰਿਸ਼ਤਿਆਂ ਬਾਰੇ ਵੀ ਰੋਚਕ ਜਾਣਕਾਰੀ ਦਿੱਤੀ ਹੈ। ਇਹ ਗੱਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਇਕਹਿਰੇ ਪਰਿਵਾਰ ਹੋਣ ਕਰਕੇ ਬਹੁਤ ਸਾਰੇ ਰਿਸ਼ਤਿਆਂ ਨੂੰ ਬੱਚਿਆਂ ਨੇ ਅੰਕਲ ਆਂਟੀ ਵਿੱਚ ਹੀ ਸਮੇਟ ਦਿੱਤਾ ਹੈ। ਕਵਿਤਰੀ ਨੂੰ ਆਲੇ ਦੁਆਲੇ ਬਾਰੇ ਵੀ ਚਿੰਤਾ ਹੈ। ਇਸ ਕਰਕੇ ਉਹ ਬੱਚਿਆਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ, ਵੱਡਿਆਂ ਦਾ ਆਦਰ ਮਾਣ ਅਤੇ ਪੁਸਤਕਾਂ ਨਾਲ ਪ੍ਰੇਮ ਪਾਉਣ ਦੀ ਨਸੀਹਤ ਦਿੰਦੀ ਹੈ।

ਕੁਝ ਕਵਿਤਾਵਾਂ ਲੰਮੀਆਂ ਹਨ ਤੇ ਕੁਝ ਚਾਰ ਚਾਰ ਸਤ੍ਹਰਾਂ ਦੀਆਂ ਹਨ। ਇਹਨਾਂ ਕਵਿਤਾਵਾਂ ਨਾਲ ਛਾਪੀਆਂ ਪਰਿਵ-ਾਰਿਕ ਤਸਵੀਰਾਂ ਬਹੁਤ ਪ੍ਰਭਾਵਸ਼ਾਲੀ ਹਨ। ਅਧਿਆਪਕ, ਮਾਪੇ ,ਬੱਚੇ ,ਸਕੂਲ ,ਤਿਉਹਾਰ ਤੇ ਬੇਲ ਬੂਟੇ ਇਹਨਾਂ ਕਵਿਤਾਵਾਂ ਦਾ ਮੁੱਖ ਵਿਸ਼ਾ ਹਨ। ਬਾਲ ਜੀਵਨ ਨੂੰ ਸੁਨਹਿਰਾ ਬਣਾਉਣ ਦੇ ਉਦੇਸ਼ ਨਾਲ ਲਿਖੀ ਇਹ ਪੁਸਤਕ ਬਾਲ ਪਾਠਕਾਂ ਦੇ ਮਨ ਤੇ ਛਾਪ ਲਾਉਣ ਵਾਲੀ ਹੈ। ਮੈਨੂੰ ਇਹ ਗੱਲ ਸਮਝ ਨਹੀਂ ਆਈ ਕਿ ਕਵਿਤਰੀ ਐਂਨੇ ਲੰਮੇ ਸਮੇਂ ਤੋਂ ਕਾਵਿ ਸਿਰਜਣਾ ਵਿੱਚ ਜੁਟੀ ਹੋਣ ਦੇ ਬਾਵਜੂਦ ਕੁਝ ਕਵਿਤਾਵਾਂ ਵਿੱਚ ਲੰਮੇ ਬਹਿਰ ਦੀ ਚੋਣ ਕਰ ਬੈਠੀ ਜੋ ਬੱਚਿਆਂ ਦੇ ਸਿਰ ਦੇ ਉੱਪਰੋਂ ਦੀ ਲੰਘਦੀਆਂ ਹਨ। ਬਾਲ ਸਾਹਿਤ ਦੀ ਪਹਿਲੀ ਪੁਸਤਕ ਹੋਣ ਕਰਕੇ ਅਜਿਹੀਆਂ ਕਮੀਆਂ ਨੂੰ ਪਾਸੇ ਰੱਖਦੇ ਹੋਏ ਉਮੀਦ ਕਰਦੇ ਹਾਂ ਕਿ ਅਗਲੀ ਪੁਸਤਕ ਵਿੱਚ ਉਹ ਆਪਣੀ ਕਾਵਿ ਕਲਾ ਦਾ ਭਰਪੂਰ ਮੁਜ਼ਾਹਰਾ ਕਰਨਗੇ। ਬਾਲ ਸਾਹਿਤ ਜਗਤ ਵਿੱਚ ਮਨਪ੍ਰੀਤ ਕੌਰ ਮੱਟੂ ਦੀ ਪੁਸਤਕ 'ਨੰਨ੍ਹੇ ਮੁੰਨ੍ਹੇ ਬਾਲ ਪਿਆਰੇ' ਦਾ ਨਿੱਘਾ ਸਵਾਗਤ ਹੈ।

### ਪਹਿਲੀ ਮਈ ਲਈ ਵਿਸ਼ੇਸ਼

# ਪਹਿਲੀ ਮਈ! ਇਨਕਲਾਬੀ ਸੰਕਲਪ ਦੇ, ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ!



ਜਗਦੀਸ਼ ਚੋਹਕਾ
91-92179-97445
001-403-285-4208

ਪਹਿਲੀ ਮਈ ਮਜ਼ਦੂਰ-ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇ-ਗੰਢਾਂ ਦੇ ਰਿਲੇਵੇਂ ਨਾਲ ਜੁੜਿਆ ਹੋਇਆ ਹੈ ! ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ-1886 ਨਾਲ ਹੈ ਜਦੋਂ ਅਮਰੀਕਾ ਦੇ ਕਿਰਤੀਆਂ ਨੇ 8-ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਇਹ ਸਿਖਰ ਸੀ ਜਦੋਂ ਉਸ ਵੇਲੇ ਦੇ ਪੂੰਜੀਪਤੀ-ਮਾਲਕਾਂ ਅਤੇ ਰਾਜਸਤਾ 'ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜ਼ਾਬਰ ਪੁਲਿਸ ਨੇ ਗੋਲੀਆ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ 'ਤੇ ਕਿਰਤੀਆਂ ਨਾਲ ਇਕਮੁਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇ-ਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ -ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆਂ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, 'ਸਦਾ ਹੀ ਕਿਰਤੀਆਂ ਦੇ ਸਮਾਜਕ-ਆਰਥਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ 'ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।

ਮਨੁੱਖੀ ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ। ਆਦਿ ਤੋਂ ਹੀ ਉਜ਼ਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀਂ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀ ਸਾਹਮਣੇ ਵੀ ਆਉਂਦਾ ਹੈ। ਪਰ ਪਹਿਲੀ ਵਾਰ ਅਮਰੀਕਾ ਅੰਦਰ, 'ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) 'ਤੇ ਜ਼ਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋ, 'ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਤੇ ਕਾਇਮ ਰੱਖਣ ਲਈ ਇਹ ਇਕ ਆਪਣੀ ਵਰਗੀ-ਸੰਘਰਸ਼ ਦੇ ਰੂਪ ਵਿੱਚ ਅਜਿਹੀ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, 'ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਅਜਿਹੀ ਖਹਿ ਬਾਜ਼ੀ ਦਾ ਉਤਪਨ ਹੋਣਾ ਵੀ ਇਕ ਹਾਂ ਪੱਖੀ ਲਾਜ਼ਮੀ ਤਬਦੀਲੀ ਸੀ, ਜਿਸ ਨੇ ਚਾਲਕ ਸ਼ਕਤੀ ਨੂੰ ਵੀ ਜਨਮ ਦਿੱਤਾ ? ਇਹ ਗੁਣਾਂਤਮਕ ਤਬਦੀਲੀ ਹੀ ਅੱਗੇ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਤਾ ਦੇ ਨਿਆਂ ਅਧੀਨ ਸਮਾਜਕ, ਆਰਥਿਕ ਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਹੀ ਸਹਾਇਕ ਬਣੀ। ਜੋ ਆਰਥਿਕ ਗੁਲਾਮੀ ਵਿਰੁਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ ਜਿਸ ਨੇ ਵਰਗ ਸੰਘਰਸ਼ ਨੂੰ ਤੇਜ ਕੀਤਾ ਸੀ।

ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜ਼ਗਾਰੀ ਦਾ ਕਾਰਨ ਹੀ ਨਹੀਂ ਸੀ ਸਗੋਂ ਹੋਰ ਕਾਰਨ ਵੀ ਸਨ। ਜਿਵੇਂ ਉਜਰਤਾਂ ਵਿੱਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜ਼ਗਾਰ ਦੀ ਅਸਥਿਰਤਾ 'ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆ ਦਾ ਹੋਣਾ ? ਉਸ ਸਮੇਂ ਨਾ ਤਾਂ ਸਮਾਜਵਾਦੀ ਲਹਿਰ ਏਨੀ ਤਕੜੀ ਸੀ, ਨਾ ਹੀ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਜੱਥੇਬੰਦਕ ਤੌਰ 'ਤੇ ਹੀ ਇਕ ਜਾਨ ਲਹਿਰ ਸੀ ! ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉਤੇ ਸਿਖਿਆ ਦੇਣ ਅਤੇ ਉਨ੍ਹਾਂ ਵਿੱਚ ਸਮਾਜਵਾਦੀ ਚੇਤਨਾ ਭਰਨ ਲਈ ਵੀ ਬਹੁਤ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ਼ ਵੱਲੋ ਜੀਵਨ ਦੇ ਆਖਰੀ ਵਰ੍ਹੇ ਲਿਖੀ "ਅਰਾਜਕਤਾਵਾਦ" ਇਸ ਦਾ ਸਿਧਾਂਤ ਤੇ ਇਸ ਦਾ ਵਿਗਿਆਨਕ ਅਧਾਰ ਜੋ 27-ਅਕਤੂਬਰ, 1887 ਨੂੰ ਜੇਲ੍ਹ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦਰਿਸ਼ਟੀ ਵੱਜੋ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ! ਉਸ ਸਮੇਂ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾ ਅਪ੍ਰੈਲ ਦੇ ਅਖੀਰ ਤਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8-ਘੰਟੇ ਕੰਮ-ਦਿਨ ਜਾਂ ਆਮ ਤੌਰ ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ-ਹਜ਼ਾਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁਝ ਕੰਪਨੀਆਂ ਨੇ ਰਿਆਇਤਾਂ ਵੀ ਦਿਤੀਆਂ, ਪਰ ਸੰਘਰਸ਼ ਜਾਰੀ ਰਿਹਾ। 3-ਮਈ ਨੂੰ ਸ਼ਹਿਰ ਵਿਆਪੀ ਮੁਜਾਹਰਾ ਹੋਣ ਵਾਲਾ ਸੀ। ਮੁਜ਼ਾਹਰੇ ਸਮੇਂ ਪੁਲੀਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵੱਜੋ ਕਿਰਤੀ ਗੁਸੇ 'ਚ ਆਮ-ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲੀਸ ਨੇ ਕਿਰਤੀਆਂ ਤੇ ਹਮਲਾ ਕਰ ਦਿਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ। ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7-ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ "ਹੇਅ ਮਾਰਕਿਟ ਚੌਂਕ" ਵਿੱਚ ਇੱਕਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ਼ ਤੇ ਫੀਲਡਨ ਨੇ ਅਧਿਕਾਰੀਆਂ 'ਤੇ ਮਿਲ ਮਾਲਕਾਂ ਦੀ ਬਰਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ। ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵਲ ਜਾ ਰਹੇ ਹਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿੱਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਜਾ ਕੇ ਪੁਜੀਸ਼ਨਾਂ ਲੈ ਲਈਆ। ਪੁਰ ਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁਟਿਆ ਗਿਆ? ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ। 4-ਮਈ ਦੀ ਬਰਬਰਤਾ, ਬਸ ! ਫਿਰ ਕੀ ਸੀ, ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾ-ਬੰਦੀ ਸੀ, ਪੁਲਿਸ




ਵਲੋਂ ਅੱਧਾਧੁੰਦ ਬੜੀ ਬੇਕਿਰਕੀ ਨਾਲ ਕਿਰਤੀਆਂ 'ਤੇ ਗੋਲੀਆਂ ਦਾ ਮੀਂਹ ਵਰਾਹ ਦਿੱਤਾ। ਬਹੁਤ ਸਾਰੇ ਕਿਰਤੀ-ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜਖ਼ਮੀ ਹੋ ਗਏ। ਪੁਲਿਸ ਨੇ ਨਿੱਠ-ਕੇ ਕਿਰਤੀਆਂ ਦਾ ਪਿਛਾ ਕੀਤਾ। ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜ਼ਬਰ, ਬਰਬਰਤਾ ਅਤੇ ਮਨ-ਮਰਜ਼ੀ ਦੇ ਤਸ਼ੱਦਦ ਨੇ "ਹੇਅ-ਮਾਰਕਿਟ ਦੇ ਕਾਂਡ" ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿੱਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁਠਤਾ ਵਜੋਂ ਅਮਰ ਬਣਾ ਦਿੱਤਾ ? ਕਿਰਤੀਆਂ ਦੇ ਡੁਲ੍ਹੇ ਖ਼ੂਨ ਨਾਲ ਉਹਨਾਂ ਦੇ ਸਬਰ ਨੇ, 'ਚਿੱਟੇ ਝੰਡੇ ਨੂੰ ਖ਼ੂਨ ਦੇ ਕੇ ਲਾਲ ਸੁਰਖ਼ ਬਣਾ ਦਿੱਤਾ ! ਜੋ ਸ਼ਿਕਾਗੋ ਹੀ ਨਹੀਂ ਅੱਜ ਸਾਰੀ ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਇਹ 'ਲਾਲ ਝੰਡਾਂ' ਇਕ ਪ੍ਰਤੀਕ ਬਣ ਗਿਆ। ਪਾਰਸਨਜ਼ ਨੇ "ਹੇਅ-ਮਾਰਕਿਟ ਗੋਲੀ ਕਾਂਡ" ਦੇ ਦੁਖਾਂਤ ਨੂੰ ਨੰਗਾ ਕੀਤਾ, 'ਜਿਹੜੇ ਅਦਾਲਤ ਵਿੱਚ ਝੂਠੇ ਗਵਾਹ, ਇਸਤਗਾਸਾ ਅਤੇ ਜੱਜ ਖੇਡ ਰਹੇ ਸਨ ? ਉਸ ਨੇ ਹਾਕਮੀ ਸਾਜਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਹ ਮੁਕੱਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁਧ ਇਕ ਸਾਜਸ਼ ਸੀ, ਜਿਸ ਲਈ ਸ਼ਿਕਾਗੋ ਦੇ ਕਰੋੜਾਂਪਤੀ ਕਾਰਖਾਨੇਦਾਰਾਂ ਨੇ ਧਨ ਦਿਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾ ਜੇਲ੍ਹ ਵਿੱਚ ਪਾਰਸਨਜ਼ ਨੇ ਆਪਣੀ ਪੁਸਤਕ ਖਤਮ ਕੀਤੀ ਜਿਸ ਵਿੱਚ ਉਸਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ। ਉਸ ਦੀ ਪਤਨੀ ਲੂਸੀ ਪਾਰਸਨਜ਼ ਨੇ, ਜਿਹੜੀ ਕਿ ਇਨਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ ਨੇ ਅਦਾਲਤ ਵਿੱਚ ਲੋਕਾਂ ਦੇ ਬਿਆਨਾਂ, ਮੁਕੱਦਮੇ ਦੀ ਤਫ਼ਤੀਸ ਤੇ ਰੀਕਾਰਡ ਪ੍ਰਕਾਸ਼ ਕਰਾਏ।

ਸ਼ਿਕਾਗੋ ਦੀਆਂ ਦੁੱਖਦਾਈ ਘਟਨਾਵਾਂ ਦੀ ਖਬਰ ਸਾਰੀ ਦੁਨੀਆਂ ਵਿੱਚ ਫੈਲ ਗਈ ! ਕਿਰਤ ਅਤੇ ਆਜਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ 'ਤੇ ਹਮਦਰਦੀ ਦੀ ਲਹਿਰ ਉਠ ਖੜੀ ਹੋ ਗਈ ! ਇਲੀ ਨੌਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸਖਸ਼ੀਅਤਾਂ ਤੇ ਜੱਥੇਬੰਦੀਆਂ ਵੱਲੋਂ ਭੇਜੀਆਂ ਗਈਆਂ। ਜਿਨ੍ਹਾਂ ਵਿੱਚ ਜਾਰਜ ਬਰਨਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ ਦੀ ਮਿਉਂਸਪਲ ਕੌਂਸਲ, ਸੇਈਨ ਦੇ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿੱਚ ਉਘੇ ਕਨੂੰਨੀ ਮਾਹਿਰਾਂ, ਜਨਤਕ ਆਗੂ, ਹੈਨਰੀ ਡੇਮਾਰਿਸਟ ਲਾਇਡ, ਸੈਨੇਟਰ ਈਮਾਨ ਟਰਨਬੁਲ, ਸਟੀਫਨ ਐਸ, ਗਰੀਗੋਰੀ, ਲੀਮਾਨ ਗੇਜ, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11-ਨਵੰਬਰ, 1887 ਨੂੰ ਅਲਬਰਟ ਪਾਰਸਨਜ਼, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੁਸ਼ੀਲੇ ਸੁਨੇਹੇ ਰਾਹੀ ਯਾਦ ਕੀਤਾ।

ਪਹਿਲੀ ਮਈ ਦੇ ਖ਼ੂਨੀ ਕਾਂਡ ਅੰਦਰ ਜ਼ਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਈਕਲ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਪਿਆ। ਜੇਲ੍ਹ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿੱਚ ਪੂਰੇ ਸਨਮਾਨਾਂ ਨਾਲ ਦਫ਼ਨਾਅ ਦਿੱਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜ਼ੇ ਵਿੱਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25-ਹਜ਼ਾਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋਂ ਹਿਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ ! ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ-ਸੋਚ ਵਾਲੇ ਅਮਰੀਕੀ ਇਸ ਗਲ 'ਤੇ ਬਜ਼ਿਦ ਰਹੇ ਕਿ ਮਈ 'ਹੇਅ-ਮਾਰਕਿਟ' ਦੇ ਖ਼ੂਨੀ-ਕਾਂਡ 'ਤੇ ਮੁੜ ਕੇਸ ਨਵੇਂ ਸਿਰਿਓ ਚਲਾਇਆ ਜਾਵੇ। ਲੋਕ ਦਬਾਅ ਅਧੀਨ 26-ਜੁਲਾਈ,1893 ਨੂੰ ਇਲੀਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ. ਐਟਗੈਲਡ ਨੇ ਫੀਲਡਨ, ਸ਼ਾਅਬ ਤੇ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿੱਚ ਗਵਰਨਰ ਨੇ ਕਿਹਾ ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਹਨਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖ਼ੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰ-ਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨ-ਮਰਜ਼ੀ ਦੀਆਂ ਕਾਰਵਾਈਆਂ ਰਾਹੀਂ ਹੜਤਾਲੀ ਕਿਰਤੀਆ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ। 3-ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੁਲੀਸ ਵਲੋਂ ਚਲਾਈ ਗੋਲੀ ਕਾਰਨ 6-ਕਿਰਤੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4-ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਵੀ ਕਿਰਤੀ ਸ਼ਹੀਦ ਹੋਏ ਸਨ ਉਹਨਾਂ ਲਈ ਵੀ ਹਾਕਮ ਤੇ ਉਸ ਦੀ ਪੁਲੀਸ ਹੀ ਜ਼ਿੰਮੇਵਾਰ ਸੀ। ਉਸ ਸੰਬੰਧੀ ਉਸ ਵੇਲੇ ਦਾ ਪ੍ਰੈਸ ਕਿਵੇਂ ਮਾਲਕਾਂ ਪੱਖੀ ਰੋਲ ਅਦਾ ਕਰ ਰਿਹਾ ਸੀ, 'ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ "ਅਵਾਰਾ ਹਜੂਮ" ਕਹਿੰਦੇ ਹੋਏ ਲਿਖਿਆ, 'ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ ? ਇਸ ਤੋਂ ਸਪਸ਼ਟ ਜ਼ਾਹਰ ਹੈ ਕਿ ਅਮਰੀਕੀ ਰਾਜਸਤਾ ਅੰਦਰ ਉਸ ਵੇਲੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ ਪੂਰੀ ਤਰ੍ਹਾਂ ਇਕ-ਮਿਕ ਤੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖ਼ੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ। 1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿਤੀ ਜੋ ਨਿਆਂ ਲਈ ਆਵਾਜ਼ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ ? "ਉਹ ਸਵੇਰਾ (ਦਿਨ) ਜਰੂਰ ਆਵੇਗਾ, ਜਦੋਂ ਸਾਡੀ ਚੁਪ (ਜ਼ਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ ?ਸਾਡੀ ਆਵਾਜ਼ ਜਿਸ ਨੂੰ ਤੁਸੀ ਬੰਦ ਕਰ ਰਹੇ ਹੋ, ਇਕ ਭਾਂਬੜ ਬਣ ਕੇ ਹਰ ਪਾਸੇ ਮੱਚਣਗੇ ?

ਕਦੀ ਜਾਗਰਿਤੀ ਅਤੇ ਪੁਨਰ-ਨਿਰਮਾਣ ਦੀ ਲਹਿਰ ਜੋ ਪੱਛਮ ਵੱਲੋ ਪੈਦਾ ਹੋ ਕੇ ਸੰਸਾਰ ਨੂੰ ਰੁਸ਼ਨਾਉਂਦੀਆਂ ਸਨ ! ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਨੂੰ ਜਾਗਰਿਤ ਕੀਤਾ ! ਇਸ ਮਹਾਨ ਘੋਲ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਵਿਰੁਧ, 'ਲੁੱਟੀ ਜਾਣ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ, 'ਹੱਕਾਂ ਲਈ 'ਤੇ ਅਨਿਆਏ ਵਿਰੁੱਧ ਮਾਲਕਾਂ ਦੇ ਆਹਮੋ-ਸਾਹਮਣੇ ਖੜਾ ਕਰ ਦਿੱਤਾ। ਦੁਨੀਆਂ ਭਰ 'ਚ ਕਿਰਤੀ-ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ-ਜਾਗਰਿਤੀ ਵਾਲੀ ਚੇਤਨਤਾ ਨੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜ਼ਬਰ ਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ-ਵਰਗ ਨੂੰ ਇਕ ਤਕੜਾ ਝੰਜੋੜਾ ਦਿੱਤਾ! ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ-ਸੰਸਾਰ, 'ਮਾਲਕ ਤੇ ਮਜ਼ਦੂਰ ਅਤੇ ਦੋਨਾਂ-ਵਿਚਕਾਰ ਲੁੱਟ-ਖਸੁੱਟ ਵਿਰੁਧ ਸ਼ੋਸ਼ਣ ਵਾਲੇ ਰਾਜ ਦੇ ਖਾਤਮੇ ਵਿਰੁੱਧ ਸੰਘਰਸ਼ਾਂ ਤੇ ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਖਣ ਵਾਲੇ ਸੰਸਾਰ ਦੀ ਸਥਾਪਤੀ ਵਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਮੁਕਤੀ ਵਾਲਾ ਅਸਲੀ ਰਾਹ ਸਾਹਮਣੇ ਲਿਆਂਦਾ! ਇਸ ਵਰਗ-ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਨੇ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ !

ਭਾਵੇਂ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਰੂਸ (1917-1991) ਢੈਅ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ ਉਸ ਸੀ ਸਭ ਤੋਂ ਵੱਡੀ ਕਿਰਤੀ-ਵਰਗ ਅੰਦਰ ਆਈ ਜਾਗਰਿਤੀ ਸੀ! ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜਾਦੀ, ਸੰਸਾਰ-ਅਮਨ, ਵਿਗਿਆਨ ਅਤੇ ਟੈਕਨੌਲਜੀ ਖੇਤਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਣਨ-ਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ, ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵੱਲੋ ਅਪਣਾਇਆ ਕੁਰਬਾਨੀ ਭਰਿਆ ਕਦਮ ਅਤੇ ਏਕਾ ਹੀ ਸੀ ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਂਤਮਿਕ ਤਾਸੀਰ ਹੀ ਬਦਲ ਦਿੱਤੀ। ਅੱਜ ਭਾਵੇਂ ਦੁਨੀਆਂ ਅੰਦਰ ਪੂੰਜੀਵਾਦ ਕਈ ਰੂਪਾਂ ਰਾਹੀ ਕਿਰਤੀ ਦੀ ਲੁੱਟ ਕਰਨ ਲਈ ਕਈ ਢੰਗ ਤਰੀਕੇ ਵਰਤ ਰਿਹਾ ਹੈ,ਪਰ ਸਮਾਜਵਾਦੀ ਬਲਾਕ ਇਕ ਜੁਟ ਨਾ ਹੋਣ ਦੇ ਬਾਵਜੂਦ ਵੀ ਦੁਨੀਆਂ ਅੰਦਰ ਵਰਗੀ-ਸੰਘਰਸ਼ ਵੀ ਕਈ ਰੂਪਾਂ 'ਚ ਅੱਗੇ ਵਧ ਰਹੇ ਹਨ। ਸੱਜ-ਪਿਛਾਖੜੀ ਰਾਜਨੀਤਕ ਪ੍ਰਭਾਵ ਦੇ ਵਿਰੁਧ ਸਮਾਜਵਾਦੀ ਚੇਤਨਾ ਅਤੇ ਵਰਗ ਸੰਘਰਸ਼ ਵੀ ਅੱਗੇ ਵੱਧ ਰਹੇ ਹਨ। ਨਵੇਂ-ਨਵੇਂ ਰੂਪਾਂ ਵਿੱਚ ਲੋਕ ਸੰਘਰਸ਼ ਵੀ ਪਣਪ ਰਹੇ ਹਨ ਅਤੇ ਹੋ ਰਹੇ ਕਿਰਤੀ ਸ਼ੋਸ਼ਣ ਨੂੰ ਵੰਗਾਰ ਰਹੇ ਹਨ। ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋ ਹੋ ਰਹੀ ਲੁੱਟ-ਖਸੁੱਟ ਵਿਰੁਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ ! ਮਈ ਦਿਵਸ ਦੀ ਵਿਰਾਸਤ ਦੀ ਮਜ਼ਬੂਤੀ, ਮਨੁੱਖਤਾ ਦੀ ਖੁਸ਼ਹਾਲੀ ਅਤੇ ਸੰਸਾਰ ਅਮਨ ਦੀ ਸਥਾਪਤੀ ਕਰਨ ਲਈ ਇਹ ਦਿਨ ਹੈ! ਸਦੀਆਂ ਤੋਂ ਗਰੀਬੀ-ਗੁਰਬਤ ਦਾ ਹਨ੍ਹੇਰਾ ਢੋਣ ਵਾਲਿਆ ਦੀ ਬੰਦ-ਖਲਾਸੀ ਦਾ ਦਿਨ ਹੈ! ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੌਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਹਰ ਸਾਲ ਸਾਡੇ ਲਈ ਆਉਂਦਾ ਹੈ, ਜਗਾਉਂਦਾ ਹੈ ਅਤੇ ਇਨਕਲਾਬੀ ਸੰਕਲਪ ਨੂੰ ਮਜ਼ਬੂਤ ਕਰਦਾ ਹੈ !

ਦੁਨੀਆ ਭਰ ਦੇ ਕਿਰਤੀਓ, ਇਕ ਹੋ ਜਾਵੋ !

# ਵਿਅੰਗ/ ਸੋਚ ਸੋਚ ਦੇ ਫਾਡੇ !

ਮਿੱਠੇ ਦੇ ਭਾਂਡੇ ਬਣਾਉਣ ਵਾਲੇ ਇੱਕ ਕਰਿਗਰ ਨੂੰ ਕਹਿੰਦੇ ਹਨ ਕਿ ਤੁਸੀਂ ਹਲਕੀਆਂ ਲਈ ਚਿਲਮਾਂ, ਬਹੁਤ 'ਡਿਮਾਂਡ' ਹੈ! ਚੀਮਾਂ ਨੂੰ ਕੱਢ ਕੇ ਤੁਸੀਂ ਚੰਗੀ ਕਮਾਈ ਕਰੋਂਗੇ!

ਕਾਰੀਗਰ ਨੇਮ ਗੁੰਝਣ ਲਈ ਪਾਣੀ ਰੁੱਕ ਕੇ ਆਪਣੇ ਆਪ ਨੂੰ ਚਲਾਉਣਾ ਸ਼ੁਰੂ ਕਰ ਦਿੱਤਾ ਹੈ। ਕੀ ਤੁਸੀਂ ਚਿਲਮਾਂ ਦੀ ਗਰਗ ਸੁਰਾਹੀਆਂ ਬਣਾਉ? ਚਿਲਮ ਤਾਂ ਵਿਰਲੇ-ਛਿੱਦੇ ਨੇ ਹੀ ਉਪਯੋਗੀ ਐ ਪਰ ਸੁਰਾਹੀ ਦੀ ਸਭ ਨੂੰ ਲੋੜੀਂਦਾ ਹੈ!

ਕ੍ਰਿਤੀ ਸਲਾਹਕਾਰ ਸਲਾਹਕਾਰ ਖੁਸ਼ ਨੇ ਜਨਮ ਲਿਆ ਹੈ ਹੀ ਗਿੱਲੀ ਮਿੱਲੀਜ਼ ਦੀ ਚੋਣ ਚਿਲਮ ਨੂੰ ਇੱਕ ਹੱਥ ਨਾਲ ਮਰੋੜ ਸੁਰਾਲੀ ਬਣਾਉਣ ਲਈ ਸ਼ੁਰੂ ਕੀਤਾ ਤਾਂਗਰੀ ਮਿਟੀ 'ਚੋਂ ਅਵਾ ਆਈ-ਆਈ-
'ਭਰਾ, ਤੇਰਾ ਬਹੁਤ ਕੁਝ! ਤੇਰੀ ਸੋਚਣ ਵਿੱਚ ਸ਼ਾਮਲ ਹੋਏ ਨੇ ਆਪਣੇ ਆਪ ਨੂੰ ਖੁਦ ਹੀ ਸਮਝਿਆ ਸੀ!
ਹੁਣ ਆਤਮ ਸੁਰਾਹੀਆਂ ਵਿੱਚ ਇੱਕ ਵਾਰ ਤਪ ਕੇ, ਸਦਾ ਸਦਾ ਲਈ ਠੰਡੇ ਪਾਣੀ ਦਾ ਉੱਚਾ ਮਾਣਨ ਕਰਾਂ ! ਆਪਣੇ ਆਪ ਵੀ ਠੰਡੇ ਪਾਣੀ ਭਰਨ ਦਾ ਦਬਾਅ ਪਾ ਕੇ ਪਾਣੀ ਪਾ ਕੇ ਠੰਡਾ ਕਰ ਦਿੱਤਾ ਜਾਂਦਾ ਹੈ!

ਸਚਾਈ ਚਿਲਮ ਤਿਆਗ ਕੇ ਸੁਰਾਹੀਆਂ ਬਣਾਉਣ ਲਈ ਬਦਲੀ ਸੋਚ ਕੇ ਬਲਿਹਾਰੇ ਵੀਵਾ!!



- ਤਰਲੋਚਨ ਸਿੰਘ 'ਦੁਪਾਲ ਪੁਰ'
78146-92724

# ਸਿੱਖਿਆ ਬਨਾਮ ਗਿਆਨ ਦਾ ਵਪਾਰੀਕਰਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਭਾਰਤੀ ਸਿੱਖਿਆ ਪ੍ਰਣਾਲੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਪ੍ਰਣਾਲੀਆਂ ਵਿੱਚੋਂ ਇੱਕ ਹੈ। ਲਗਭਗ ਸਾਢੇ 26 ਕਰੋੜ ਵਿਦਿਆਰਥੀ, ਜੋ ਕਿ ਸਕੂਲੀ ਉਮਰ ਦੇ ਕੁੱਲ ਬੱਚਿਆਂ ਦਾ 74 ਫੀਸਦੀ ਹੈ, ਭਾਰਤੀ ਸਕੂਲਾਂ ਵਿੱਚ ਦਾਖਲ ਹਨ। ਇਸ ਵਿਆਪਕ ਪ੍ਰਣਾਲੀ ਦੇ ਗਠਨ ਵਿੱਚ ਕਈ ਇਤਿਹਾਸਕ ਮੀਲ ਪੱਥਰ ਹੋਏ ਹਨ, ਜੋ ਵਰਤਮਾਨ ਵਿੱਚ 1.35 ਕਰੋੜ ਲੜਕੀਆਂ ਅਤੇ 1.45 ਕਰੋੜ ਲੜਕਿਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ। ਇਸ ਵਿੱਚ ਕੁੱਲ ਸਕੂਲਾਂ ਦੀ ਗਿਣਤੀ ਚੌਦਾਂ ਲੱਖ ਦੇ ਕਰੀਬ ਹੈ, ਜਿਨ੍ਹਾਂ ਵਿੱਚੋਂ ਸਾਢੇ ਵੀਹ ਫੀਸਦੀ ਪ੍ਰਾਈਵੇਟ ਹਨ।ਸਕੂਲ ਹਨ। ਇਸ ਵਿੱਚ ਜੇਕਰ ਅਸੀਂ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਅੰਤਰ ਨੂੰ ਵੀ ਨਜ਼ਰਅੰਦਾਜ਼ ਕਰ ਦੇਈਏ, ਜੋ ਕਿ ਪ੍ਰਾਇਮਰੀ ਸਕੂਲਾਂ ਦੀ ਗਿਣਤੀ (ਲਗਭਗ ਬਾਰਾਂ ਲੱਖ) ਦਾ ਸਿਰਫ਼ ਸਾਢੇ ਬਾਰਾਂ ਫੀਸਦੀ (ਲਗਭਗ ਡੇਢ ਲੱਖ) ਹੈ, ਤਾਂ ਵੀ ਸੱਤ ਕਰੋੜ ਵਿਦਿਆਰਥੀ ਇਸ ਵਿੱਚ ਹਨ। ਸੈਕੰਡਰੀ ਅਤੇ ਉੱਚ ਸੈਕੰਡਰੀ ਜਮਾਤਾਂ ਪੜ੍ਹ ਰਹੇ ਹਨ। ਇਹ ਨੰਬਰ ਗਾਹਕਾਂ ਨੂੰ ਇੱਕ ਵੱਡੇ ਕਾਰੋਬਾਰ ਨੂੰ ਪ੍ਰਦਾਨ ਕਰਦਾ ਹੈ, ਜੋ ਟਿਊਸ਼ਨ ਅਤੇ ਕੋਚਿੰਗ ਨਾਮਕ ਇੱਕ ਨਵੀਂ ਪ੍ਰਣਾਲੀ ਬਣਾਉਂਦਾ ਹੈ। ਇਸ ਤੋਂ ਇਲਾਵਾ, ਉੱਚ ਸਿੱਖਿਆ ਲਈ ਦਾਖਲਾ ਪ੍ਰੀਖਿਆਵਾਂ ਅਤੇ ਨੌਕਰੀਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਵੀ ਇਸ ਕਾਰੋਬਾਰ ਨੂੰ ਉਪਜਾਊ ਬਣਾਉਂਦੀਆਂ ਹਨ।ਨਾ ਹੀ ਪ੍ਰਦਾਨ ਕਰਦਾ ਹੈ। ਰਾਸ਼ਟਰੀ ਨਮੂਨਾ ਸਰਵੇਖਣ ਦੇ ਅਨੁਸਾਰ, ਪੇਂਡੂ ਖੇਤਰਾਂ ਵਿੱਚ 27 ਪ੍ਰਤੀਸ਼ਤ ਵਿਦਿਆਰਥੀ ਅਤੇ ਸ਼ਹਿਰੀ ਖੇਤਰਾਂ ਵਿੱਚ 38 ਪ੍ਰਤੀਸ਼ਤ ਵਿਦਿਆਰਥੀ ਸੈਕੰਡਰੀ ਪੱਧਰ 'ਤੇ ਟਿਊਸ਼ਨ ਜਾਂ ਕੋਚਿੰਗ ਲੈ ਰਹੇ ਹਨ। ਪਿਛਲੇ ਚਾਰ ਸਾਲਾਂ (2018 ਤੋਂ 2022) ਵਿੱਚ ਹੀ ਪ੍ਰਾਈਵੇਟ ਟਿਊਸ਼ਨ ਸੈਂਟਰਾਂ ਦੀ ਗਿਣਤੀ ਵਿੱਚ ਬਾਰਾਂ ਫੀਸਦੀ ਵਾਧਾ ਹੋਇਆ ਹੈ। ਮੌਜੂਦਾ ਮੁਲਾਂਕਣ ਦੇ ਅਨੁਸਾਰ, ਕੋਚਿੰਗ ਬਾਜ਼ਾਰ ਦੀ ਕੀਮਤ ਲਗਭਗ 58 ਹਜ਼ਾਰ ਕਰੋੜ ਰੁਪਏ ਹੈ, ਜਿਸ ਦੇ 2028 ਤੱਕ 1 ਲੱਖ ਚੌਂਤੀ ਹਜ਼ਾਰ ਕਰੋੜ ਰੁਪਏ ਤੱਕ ਪਹੁੰਚਣ ਦੀ ਉਮੀਦ ਹੈ। ਇਨ੍ਹਾਂ ਅੰਕੜਿਆਂ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਉਦਾਹਰਣ ਵਜੋਂ, ਇਹ ਕੋਚਿੰਗ ਸੈਂਟਰ ਹਨਕੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਮੌਜੂਦਾ ਸਿੱਖਿਆ ਪ੍ਰਣਾਲੀ ਦੀ ਗੁਣਵੱਤਾ 'ਤੇ ਹਮਲਾ ਹੈ? ਇਨ੍ਹਾਂ ਕੇਂਦਰਾਂ ਵਿੱਚ ਕੀ ਪੜ੍ਹਾਇਆ ਜਾਂਦਾ ਹੈ ਜੋ ਸਕੂਲਾਂ-ਕਾਲਜਾਂ ਵਿੱਚ ਨਹੀਂ ਪੜ੍ਹਾਇਆ ਜਾ ਰਿਹਾ? ਗਿਆਨ ਦੇ ਕਿਹੜੇ ਪੜਾਅ ਅਤੇ ਭਾਗ ਹਨ ਜੋ ਸਕੂਲ ਜਾਂ ਇਸ ਦੇ ਸੰਸਥਾਗਤਕਰਨ ਅਤੇ ਇਹਨਾਂ ਟਿਊਸ਼ਨ ਅਤੇ ਕੋਚਿੰਗ ਕੇਂਦਰਾਂ ਵਿੱਚ ਸਮੇਂ-ਸਮੇਂ 'ਤੇ ਕਵਰ ਕੀਤੇ ਜਾਂਦੇ ਹਨ? ਇਨ੍ਹਾਂ ਕੇਂਦਰਾਂ ਵਿਚ ਪੜ੍ਹਾਉਣ ਵਾਲੇ ਅਧਿਆਪਕ ਕਿਹੜਾ ਅਧਿਆਪਨ ਤਰੀਕਾ ਅਪਣਾ ਰਹੇ ਹਨ, ਜਿਸ ਕਾਰਨ ਸੌ ਫੀਸਦੀ ਸਿੱਖਣ ਦੀ ਸੰਭਾਵਨਾ ਹੈ ਅਤੇ ਇਹ ਪੜ੍ਹਾਉਣ ਦਾ ਤਰੀਕਾ ਸਾਡੇ ਸਕੂਲਾਂ-ਕਾਲਜਾਂ ਦੇ ਅਧਿਆਪਕਾਂ ਤੋਂ ਅਛੂਤਾ ਕਿਉਂ ਰਹਿ ਜਾਂਦਾ ਹੈ? ਕਿਉਂਕੀ ਸਕੂਲਾਂ ਅਤੇ ਕਾਲਜਾਂ ਵਿੱਚ ਢਾਂਚਾਗਤ ਢਾਂਚੇ ਅਤੇ ਸਾਧਨਾਂ ਦੀ ਅਜਿਹੀ ਘਾਟ ਹੈ ਜਿੱਥੇ ਪ੍ਰਭਾਵਸ਼ਾਲੀ ਅਧਿਆਪਨ ਅਤੇ ਸਿਖਲਾਈ ਨਹੀਂ ਹੋ ਰਹੀ ਹੈ? ਅਧਿਆਪਕ-ਵਿਦਿਆਰਥੀ ਅਨੁਪਾਤ ਵੀ 1:27 ਹੈ, ਫਿਰ ਪਾਠਕ੍ਰਮ, ਪੜ੍ਹਾਉਣ ਦੇ ਢੰਗ ਅਤੇ ਮੁਲਾਂਕਣ ਦੀਆਂ ਸੰਸਥਾਗਤ ਪ੍ਰਕਿਰਿਆਵਾਂ ਵਿਦਿਆਰਥੀਆਂ ਨੂੰ ਉਹ ਗਿਆਨ ਅਤੇ ਸਿੱਖਿਆ ਪ੍ਰਦਾਨ ਕਰਨ ਦੇ ਸਮਰੱਥ ਕਿਉਂ ਨਹੀਂ ਹਨ, ਜਿਸ ਲਈ ਉਨ੍ਹਾਂ ਨੂੰ ਟਿਊਸ਼ਨ ਅਤੇ ਕੋਚਿੰਗ ਦਾ ਰਾਹ ਅਪਣਾਉਣਾ ਪੈਂਦਾ ਹੈ? ਕੀ ਸਕੂਲ ਅਤੇ ਸਿੱਖਿਆ ਦੇ ਸਾਰੇ ਕੇਂਦਰ ਗਿਆਨ ਦੇ ਕਿਸੇ ਵੀ ਰੂਪ ਤੋਂ ਅਣਜਾਣ ਹਨ ਜੋ ਇਸਨੂੰ ਵਧੇਰੇ ਫਾਇਦੇਮੰਦ ਅਤੇ ਉਪਯੋਗੀ ਬਣਾਉਂਦਾ ਹੈ? ਇਮਤਿਹਾਨ ਜੇ ਗਿਆਨਜੇਕਰ ਬਾਹਰਮੁਖੀ ਸੁਭਾਅ ਨੂੰ ਜਾਇਜ਼ ਕਰਾਰ ਦਿੱਤਾ ਜਾਂਦਾ ਹੈ, ਤਾਂ ਕੀ ਇਸ ਬਾਹਰਮੁਖੀਤਾ ਨੂੰ ਸਕੂਲ ਦੁਆਰਾ ਪਾਲਿਆ ਨਹੀਂ ਜਾਂਦਾ? ਅਤੇ ਜੇਕਰ ਇਹਨਾਂ ਜਾਇਜ਼ ਵਿਦਿਅਕ ਅਦਾਰਿਆਂ ਵਿੱਚ ਨਿਰਪੱਖਤਾ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ, ਤਾਂ ਕੋਚਿੰਗ ਜਾਂ ਟਿਊਸ਼ਨ ਸੈਂਟਰਾਂ ਵਰਗੇ ਗੈਰ-ਰਾਜੀ ਅਦਾਰੇ ਸਿੱਖਿਆ ਅਤੇ ਗਿਆਨ ਵਿੱਚ ਇੰਨੀ ਵੱਡੀ ਦਖਲਅੰਦਾਜ਼ੀ ਕਰਨ ਦੇ ਯੋਗ ਕਿਵੇਂ ਹਨ? ਕੀ ਇਹ ਗਿਆਨ ਦੇ ਉੱਤਰ-ਆਧੁਨਿਕੀਕਰਨ ਦੀ ਨਿਸ਼ਾਨੀ ਹੈ, ਜਿੱਥੇ ਗਿਆਨ ਸਿਰਫ਼ ਜਾਣਕਾਰੀ ਵਿੱਚ ਬਦਲ ਜਾਂਦਾ ਹੈ ਅਤੇ ਇਹ ਉਹ ਚੀਜ਼ ਹੈ ਜੋ ਕੋਚਿੰਗ ਸੰਸਥਾਵਾਂ ਬਹੁਤ ਵਧੀਆ ਢੰਗ ਨਾਲ ਕਰਨ ਦੇ ਯੋਗ ਹੁੰਦੀਆਂ ਹਨ ਅਤੇ ਗਿਆਨ/ਜਾਣਕਾਰੀ ਨੂੰ ਭਰਨ ਦੇ ਨਵੀਨਤਾਕਾਰੀ ਤਰੀਕਿਆਂ ਨਾਲ ਆਉਂਦੀਆਂ ਹਨ ਜੋ ਸਕੂਲ ਜਾਂ ਕਾਲਜ ਵਿੱਚ ਸੰਭਵ ਨਹੀਂ ਹੈ।ਜਾਂ ਫਾਇਦੇਮੰਦ ਨਹੀਂ ਹੈ। ਸਿਰਫ਼ ਤਿੰਨ ਦਹਾਕੇ ਪਹਿਲਾਂ ਤੱਕ ਟਿਊਸ਼ਨ ਲੈਣ ਵਾਲੇ ਵਿਦਿਆਰਥੀਆਂ ਦੀ ਵਿੱਦਿਅਕ ਯੋਗਤਾ ਨੂੰ ਘੱਟ ਸਮਝਿਆ ਜਾਂਦਾ ਸੀ ਅਤੇ ਟਿਊਸ਼ਨ ਜਾਂ ਕੋਚਿੰਗ ਨੂੰ ਸਿਰਫ਼ ਡਾਇਗਨੌਸਟਿਕ ਗਿਆਨ ਕੇਂਦਰ ਮੰਨਿਆ ਜਾਂਦਾ ਸੀ। ਮੰਡੀ ਦੇ ਉਦਾਰੀਕਰਨ ਅਤੇ ਗਿਆਨ ਅਤੇ ਸਿੱਖਿਆ ਦੇ ਉਦਾਰਵਾਦੀ ਰੂਪ ਨਾਲ, ਗਿਆਨ ਨੇ ਇੱਕ 'ਵਸਤੂ' ਦਾ ਰੂਪ ਲੈ ਲਿਆ, ਜਿਸ ਨੂੰ ਇੱਕ ਨਿਸ਼ਚਿਤ ਫੀਸ 'ਤੇ ਬਦਲਿਆ ਜਾ ਸਕਦਾ ਸੀ। ਖੈਰ, ਗਿਆਨ ਕਦੇ ਵੀ ਮੁਫਤ ਅਤੇ ਬੇਲੋੜਾ ਨਹੀਂ ਰਿਹਾ। ਗਿਆਨ ਹਮੇਸ਼ਾ ਰਾਜ ਦੀ ਸੁਰੱਖਿਆ 'ਤੇ ਨਿਰਭਰ ਰਿਹਾ ਹੈ, ਪਰ




ਨਵਉਦਾਰੀਕਰਨ ਦੇ ਇਸ ਦੌਰ ਵਿੱਚ, ਗਿਆਨ ਅਤੇ ਇਸਦੀ ਵਸਤੂਕਰਨ ਯਕੀਨੀ 'ਗਾਰੰਟੀ' ਦੇ ਨਾਲ ਆਉਂਦੇ ਹਨ। ਮਹਿਸੂਸ ਕੀਤਾ, ਜਿਸ ਦੀ ਖਾਸੀਅਤ ਉਨ੍ਹਾਂ ਲੰਬੇ ਹੋਰਡਿੰਗਾਂ 'ਤੇ ਦੇਖੀ ਜਾ ਸਕਦੀ ਹੈ, ਜਿਨ੍ਹਾਂ 'ਤੇ ਵਿਦਿਆਰਥੀਆਂ ਦੀਆਂ ਤਸਵੀਰਾਂ ਹਨ ਜੋ ਉਨ੍ਹਾਂ ਦੀ ਸਫਲਤਾ ਅਤੇ ਪ੍ਰਾਪਤੀਆਂ ਦਾ ਐਲਾਨ ਕਰਦੇ ਹਨ ਅਤੇ ਇਹ ਭਰੋਸਾ ਦਿੰਦੇ ਹਨ ਕਿ ਜੇਕਰ ਤੁਸੀਂ ਸਾਡੇ ਇੰਸਟੀਚਿਊਟ ਵਿੱਚ ਕੋਚਿੰਗ ਲੈਂਦੇ ਹੋ ਤਾਂ ਅਗਲੀ ਤਸਵੀਰ ਤੁਹਾਡੀ ਹੋਵੇਗੀ। ਇਸ ਸਮੁੱਚੀ ਪ੍ਰਕਿਰਿਆ ਨੇ ਗਿਆਨ ਦਾ ਇੱਕ ਰੂਪ ਬਣਾਇਆ ਜਿਸ ਵਿੱਚ ਗਿਆਨ ਪੈਦਾ ਕਰਨ ਦੇ ਵਿਅਕਤੀਗਤ ਯਤਨਾਂ ਦੀ ਥਾਂ ਸਿਰਫ਼ ਰੱਟੇ ਸਿੱਖਣ ਦੁਆਰਾ ਲੈ ਲਈ ਗਈ। ਇਸ ਦੇ ਨਾਲ ਹੀ ਇਕ ਹੋਰ ਨਵਾਂ ਬਾਜ਼ਾਰ ਬਣਿਆ, ਜਿਸ ਵਿਚ ਖਾਣ-ਪੀਣ ਦੀਆਂ ਕੁਝ ਚੀਜ਼ਾਂ ਆਈਕਿਊ ਵਧਾਉਣ ਅਤੇ ਮੈਮੋਰੀ ਚਾਰਜਰ ਹੋਣ ਦਾ ਦਾਅਵਾ ਕਰਨ ਲੱਗ ਪਈਆਂ। ਇਨ੍ਹਾਂ ਨਾਲਜੇਕਰ ਕੋਈ ਵਿਦਿਆਰਥੀ ਸਹੂਲਤਾਂ ਦੇਣ ਦੇ ਬਾਵਜੂਦ ਕਾਮਯਾਬ ਨਹੀਂ ਹੁੰਦਾ ਤਾਂ ਇਸ ਨੂੰ ਉਸ ਦੀ ਨਿੱਜੀ ਅਸਫਲਤਾ ਮੰਨਿਆ ਜਾਂਦਾ ਹੈ ਨਾ ਕਿ ਸਿਸਟਮ ਦੀ ਅਸਫਲਤਾ। 2021 ਦੇ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ, ਇਸ 'ਫੇਲ੍ਹ' ਕਾਰਨ ਉਸ ਸਾਲ 13 ਹਜ਼ਾਰ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ। ਮਤਲਬ ਪੈਂਤੀ ਵਿਦਿਆਰਥੀ ਹਰ ਰੋਜ਼ ਜਿਉਣ ਦੀ ਇੱਛਾ ਗੁਆ ਦਿੰਦੇ ਹਨ। ਇਹ ਸਾਰਾ ਸਿਸਟਮ ਇੰਨਾ ਗੁੰਝਲਦਾਰ ਹੋ ਗਿਆ ਹੈ ਕਿ ਸਰਕਾਰ ਨੂੰ ਨਿਯਮਤ ਕਰਨ ਲਈ ਇੱਕ ਬਿੱਲ ਲਿਆਉਣਾ ਪਿਆ ਕਿ 16 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਕੋਚਿੰਗ ਸੈਂਟਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ, ਪਰ ਅਜਿਹੇ ਰਸਮੀ ਨਿਯਮ ਹੋਰ ਵੀ ਗੈਰ-ਮਿਆਰੀ ਹੁੰਦੇ ਜਾ ਰਹੇ ਹਨ। ਕਾਨੂੰਨੀ ਪ੍ਰਕਿਰਿਆਵਾਂ ਨੂੰ ਹੁਲਾਰਾ ਦੇਵੇਗੀ। ਕੌਣ ਜਾਣਦਾ ਹੈ ਕਿ 'ਸਾ ਵਿਦਿਆ ਯਾ ਵਿਮੁਕਤਾਏ' ਦੇ ਮਹਾਨ ਸੂਤਰ ਦਾ ਅਨੁਵਾਦ ਭਾਰਤੀ ਸਿੱਖਿਆ ਭਾਸ਼ਣ ਵਿੱਚ ਸਫਲਤਾ ਅਤੇ ਨੌਕਰੀ ਦੀ ਗਰੰਟੀ ਵਿੱਚ ਕਦੋਂ ਹੋਇਆ ਸੀ! ਸਿੱਖਿਆ ਅਤੇ ਗਿਆਨ ਦੇ ਡਿਜੀਟਾਈਜ਼ੇਸ਼ਨ ਨੇ ਵੀ ਇੱਕ ਵੱਖਰਾ ਸੰਸਾਰ ਸਿਰਜਿਆ ਹੈ। ਮਸ਼ੀਨੀ ਬੁੱਧੀ ਦੇ ਯੁੱਗ ਵਿੱਚ ਮਨੁੱਖੀ ਬੁੱਧੀ ਦਾ ਮੁਕਾਬਲਾ ਹੁਣ ਦੂਜੇ ਮਨੁੱਖਾਂ ਨਾਲ ਨਹੀਂ ਸਗੋਂ ਮਸ਼ੀਨਾਂ ਨਾਲ ਹੈ। ਸਿੱਖਿਆ ਦੀ ਮਸ਼ੀਨੀ ਪ੍ਰਕਿਰਿਆ ਸਾਨੂੰ ਸਮਰੱਥ ਅਤੇ ਸਫਲ ਬਣਾ ਸਕਦੀ ਹੈ, ਪਰ ਅਸੀਂ ਯਕੀਨੀ ਤੌਰ 'ਤੇ ਇਸ ਦੁਆਰਾ ਪੈਦਾ ਕੀਤੀ ਮਨੁੱਖਤਾ ਨੂੰ ਗੁਆ ਦੇਵਾਂਗੇ। ਇਹ ਸਾਰੀਆਂ ਪ੍ਰੀਖਿਆਵਾਂ ਅਤੇ ਸਫਲਤਾ ਦਾ ਭਰੋਸਾ ਕੇਂਦਰਿਤ ਸੰਸਥਾਵਾਂ ਕੋਲ ਹਨਇਸ ਗਿਆਨ ਨੂੰ 'ਆਮ ਗਿਆਨ' ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਖਾਸ ਗਿਆਨ ਅਤੇ ਸਮਝ ਨੂੰ ਨਿੱਜੀ ਵਜੋਂ ਖਾਰਜ ਕਰ ਦਿੱਤਾ ਜਾਂਦਾ ਹੈ। ਗਿਆਨ ਦਾ ਇਹ ਵਪਾਰੀਕਰਨ ਗਲਾ ਕੱਟਣ ਦੇ ਮੁਕਾਬਲੇ ਦਾ ਕਾਰਨ ਬਣ ਸਕਦਾ ਹੈ, ਪਰ 'ਸਰਵੇ ਭਵਨਤੁ ਸੁਖਿਨਹ' ਦਾ ਫਲਸਫਾ ਨਹੀਂ। ਇਹ ਵਪਾਰੀਕਰਨ ਗਿਆਨ ਅਤੇ ਸੱਚ ਦੀ ਏਕਤਾ ਨੂੰ ਵੀ ਚੁਣੌਤੀ ਦਿੰਦਾ ਹੈ ਅਤੇ ਸੱਚ ਦੀ ਖੋਜ ਨੂੰ ਪਹਿਲਾਂ ਹੀ ਸਿੱਖਿਆ ਅਤੇ ਆਰਥਿਕ ਗਤੀਸ਼ੀਲਤਾ ਦੇ ਆਪਸੀ ਸਬੰਧਾਂ ਦੀ ਸਮਾਜਿਕ ਮਾਨਤਾ ਪ੍ਰਾਪਤ ਹੈ। ਕੋਚਿੰਗ ਅਤੇ ਟਿਊਸ਼ਨ ਸੈਂਟਰ ਉਸ ਨੂੰ ਨੈਤਿਕ ਮਾਨਤਾ ਪ੍ਰਦਾਨ ਕਰਦੇ ਹਨ। ਸਿੱਖਿਆ ਅਤੇ ਗਿਆਨ ਦੇ ਸਬੰਧ ਦੇ ਨਤੀਜੇ ਵਜੋਂ ਪਰਸਪਰ ਨਿਰਭਰ ਵਿਅਕਤੀ ਅਤੇ ਸ਼ਖਸੀਅਤਗਿਆਨ ਦੇ ਵਿਕਾਸ ਅਤੇ ਵਪਾਰੀਕਰਨ ਨੂੰ ਨਜ਼ਰਅੰਦਾਜ਼ ਕਰਨਾ ਗਿਆਨ ਨੂੰ ਸਿਰਫ਼ ਗਿਆਨ ਜਾਂ ਜਾਣਕਾਰੀ ਵਜੋਂ ਸਥਾਪਿਤ ਕਰਦਾ ਹੈ। ਸਕੂਲਿੰਗ, ਸਿੱਖਿਆ ਅਤੇ ਗਿਆਨ ਸਾਡੀ ਨਿਰਣਾ ਕਰਨ ਅਤੇ ਚੋਣ ਕਰਨ ਦੀ ਯੋਗਤਾ ਨੂੰ ਵਧਾਉਂਦਾ ਹੈ ਜਦੋਂ ਕਿ ਰੋਟ ਗਿਆਨ ਸਿਰਫ ਇੱਕ ਖਾਸ ਕਿਸਮ ਦੀ ਕਾਰਗੁਜ਼ਾਰੀ ਜਾਂ ਪ੍ਰਦਰਸ਼ਨ ਸਿਖਾਉਂਦਾ ਹੈ। ਗਿਆਨ ਅਤੇ ਜਾਣਨ ਵਾਲੇ, ਸਿੱਖਣ ਅਤੇ ਅਭਿਆਸ ਦਾ ਅਜਿਹਾ ਵੱਖਰਾ ਹੋਣਾ ਇਸ ਸੰਕਟ ਨੂੰ ਡੂੰਘਾ ਕਰੇਗਾ ਅਤੇ ਵਪਾਰੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ।

## "ਰੱਬਾ ਜੂਨ ਮਜ਼ਦੂਰਾਂ ਦੀ"

ਦੱਸ ਕਦੋਂ ਸੁਧਰੂਗੀ ਰੱਬਾ ਜੂਨ ਇਹਨਾਂ ਮਜ਼ਦੂਰਾਂ ਦੀ
ਇਸ ਜਨਮ ਵਿੱਚ ਜੋ ਦੇ ਰਿਹਾ ਸਜ਼ਾ ਕਿਹੜੇ ਕਸੂਰਾਂ ਦੀ

ਹੱਥਾਂ ਦੇ ਵਿਚ ਅੱਟਣ ਪੱਕੇ ਪਾਟੀਆਂ ਪੈਰ ਬਿਆਈਆਂ ਨੇ
ਪਾਟੇ ਖੀਸੇ, ਲਿੱਬੜੇ ਲੀੜੇ, ਨੰਗੇ ਪੈਰ ਕਮਾਈਆਂ ਨੇ
ਕੋਠਿਓ ਉੱਚੀ ਘਰੇ ਉਡੀਕੇ ਬੈਠੀ ਧੀ ਮਜਬੂਰਾਂ ਦੀ
ਦੱਸ ਕਦੋਂ ਸੁਧਰੂਗੀ ਰੱਬਾ ਜੂਨ ਇਹਨਾਂ ਮਜ਼ਦੂਰਾਂ ਦੀ
ਇਸ ਜਨਮ ਵਿੱਚ ਜੋ ਦੇ ਰਿਹਾ ਸਜ਼ਾ ਕਿਹੜੇ ਕਸੂਰਾਂ ਦੀ

ਆਟਾ ਮੁੱਕਿਆ, ਠੰਢਾ ਚੁੱਲ੍ਹਾ ਹੋਈ ਲੱਗੇ ਵੰਡ ਕਾਣੀ
ਟਾਕੀਆਂ ਲੱਗੇ ਕੱਪੜੇ ਪਾਈਂ ਭੁੱਖੀ ਬੈਠੀ ਘਰ ਸੁਆਣੀ
ਕੰਮ ਲਈ ਘਰੋਂ ਬਾਹਰ ਜੇ ਜਾਵੇ ਮਾੜੀ ਨਿਗ੍ਹਾ ਬਦਸੂਰਾਂ ਦੀ
ਦੱਸ ਕਦੋਂ ਸੁਧਰੂਗੀ ਰੱਬਾ ਜੂਨ ਇਹ ਮਜ਼ਦੂਰਾਂ ਦੀ
ਇਸ ਜਨਮ ਵਿੱਚ ਜੋ ਦੇ ਰਿਹਾ ਸਜ਼ਾ ਕਿਹੜੇ ਕਸੂਰਾਂ ਦੀ

ਚੜ੍ਹੀ ਜਵਾਨੀ ਰੁਲਦੀ ਖੇਤਾਂ ਜਾਂ ਫੈਕਟਰੀ ਰਾਤਾਂ ਨੂੰ
ਮਿਹਨਤਾਂ ਕਰ ਵੀ ਫਾਕੇ ਕੱਟਣ ਉੱਤੋਂ ਸਹਿਣ ਡਾਂਟਾਂ ਨੂੰ
ਕਿਰਤ ਦਾ ਇਵਜ਼ ਮਿਲੇ ਨਾ ਪੂਰਾ ਲੰਮੀ ਲਿਸਟ ਦਸਤੂਰਾਂ ਦੀ
ਦੱਸ ਕਦੋਂ ਸੁਧਰੂਗੀ ਰੱਬਾ ਜੂਨ ਇਹ ਮਜ਼ਦੂਰਾਂ ਦੀ
ਇਸ ਜਨਮ ਵਿੱਚ ਜੋ ਦੇ ਰਿਹਾ ਸਜ਼ਾ ਕਿਹੜੇ ਕਸੂਰਾਂ ਦੀ

ਵਿਹਲੜ ਲੋਟੂ ਮੌਜਾਂ ਲੁੱਟਦੇ ਮਿਹਨਤਕਸ਼ ਨੇ ਮੰਦੇਹਾਲ ਇੱਥੇ
ਕਿਰਤੀਆਂ ਦੀ ਪਵੇ ਕਿਰਤ ਤੇ ਡਾਕਾ ਤੂੰ ਉਦੋਂ ਲੁਕ ਜਾਏਂ ਕਿੱਥੇ
ਬੀਂਬੜ ਮੱਟੂਆ ਹੱਲ ਨਹੀਂ ਕੋਈ ਸਿਸਟਮ ਵਿੱਚ ਕਰੂਰਾਂ ਦੀ
ਦੱਸ ਕਦੋਂ ਸੁਧਰੂਗੀ ਰੱਬਾ ਜੂਨ ਇਹ ਮਜ਼ਦੂਰਾਂ ਦੀ
ਇਸ ਜਨਮ ਵਿੱਚ ਜੋ ਦੇ ਰਿਹਾ ਸਜ਼ਾ ਕਿਹੜੇ ਕਸੂਰਾਂ ਦੀ



ਇੰਜੀ. ਸਤਨਾਮ ਸਿੰਘ ਮੱਟੂ
91-97797-08257

# ਭਾਰਤ ਵਿੱਚ ਹੋਮਸਕੂਲਿੰਗ

ਹੋਮਸਕੂਲਿੰਗ ਦਾ ਮਤਲਬ ਸਿਰਫ਼ ਘਰ ਵਿੱਚ ਕਲਾਸਰੂਮ-ਸ਼ੈਲੀ ਦੀ ਸਿੱਖਿਆ ਦਾ ਪਾਲਣ ਕਰਨਾ ਨਹੀਂ ਹੈ। ਇੱਥੇ ਕਈ ਤਰ੍ਹਾਂ ਦੀਆਂ ਹੋਮਸਕੂਲਿੰਗ ਹਨ ਜੋ ਸਾਲਾਂ ਦੌਰਾਨ ਵਿਕਸਤ ਕੀਤੀਆਂ ਗਈਆਂ ਹਨ ਅਤੇ ਤਕਨਾਲੋਜੀ ਦੁਆਰਾ ਚਲਾਈਆਂ ਗਈਆਂ ਹਨ। ਜਦੋਂ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਦੀ ਗੱਲ ਆਉਂਦੀ ਹੈ ਤਾਂ ਵੱਖੋ-ਵੱਖਰੇ ਮਾਪੇ ਵੱਖੋ-ਵੱਖਰੀਆਂ ਵਿਚਾਰਧਾਰਾਵਾਂ ਦੀ ਗਾਹਕੀ ਲੈਂਦੇ ਹਨ, ਪਰ ਇਹ ਕਹਿਣਾ ਸੁਰੱਖਿਅਤ ਹੈ ਕਿ ਹਰ ਹੋਮਸਕੂਲਿੰਗ ਸ਼ੈਲੀ ਵਿੱਚ ਬੱਚੇ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਸਿੱਖਦੇ ਅਤੇ ਸਮਝਦੇ ਹਨ। ਆਓ ਕੁਝ ਹੋਮਸਕੂਲਿੰਗ ਸ਼ੈਲੀਆਂ 'ਤੇ ਵਿਚਾਰ ਕਰੀਏ ਜੋ ਲੋਕ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਵਰਤ ਰਹੇ ਹਨ। ਜਦੋਂ ਅਸੀਂ ਹੋਮਸਕੂਲਿੰਗ ਬਾਰੇ ਸੋਚਦੇ ਹਾਂ, ਅਸੀਂ ਆਮ ਤੌਰ 'ਤੇ ਸਕੂਲ ਐਟ ਹੋਮ ਬਾਰੇ ਸੋਚਦੇ ਹਾਂ। ਇਸ ਕਿਸਮ ਦੀ ਹੋਮ-ਸਕੂਲਿੰਗ ਵਿੱਚ, ਵਿਦਿਆਰਥੀਆਂ ਕੋਲ ਅਧਿਐਨ ਕਰਨ ਲਈ ਇੱਕ ਸਮਰਪਿਤ ਕਮਰਾ ਹੋਵੇਗਾ ਜੋ ਇੱਕ ਡਾਇਨਿੰਗ ਰੂਮ, ਲਿਵਿੰਗ ਰੂਮ, ਜਾਂ ਕਿਚਨ ਟੇਬਲ ਹੋ ਸਕਦਾ ਹੈ ਜੋ ਇੱਕ ਅਧਿਐਨ ਖੇਤਰ ਵਜੋਂ ਕੰਮ ਕਰਨ ਲਈ ਅਨੁਕੂਲਿਤ ਹੋਵੇ। ਉਹ ਇੱਕ ਪੂਰੇ ਪਾਠਕ੍ਰਮ ਦੀ ਪਾਲਣਾ ਕਰਦੇ ਹਨ ਜੋ ਆਮ ਤੌਰ 'ਤੇ ਉਹਨਾਂ ਕੰਪਨੀਆਂ ਤੋਂ ਖਰੀਦਿਆ ਜਾਂਦਾ ਹੈ ਜੋ ਹੋਮਸਕੂਲਰਾਂ ਨੂੰ ਪੂਰਾ ਕਰਦੀਆਂ ਹਨ ਜਾਂ ਇੰਟਰਨੈਟ ਤੋਂ ਡਾਊਨਲੋਡ ਕੀਤੀਆਂ ਜਾਂਦੀਆਂ ਹਨ। ਉਹ ਆਪਣੇ ਕਾਰਜਕ੍ਰਮ ਲਈ ਵਚਨਬੱਧ ਹਨ ਅਤੇ ਅਕਸਰ ਹਰ ਹਫ਼ਤੇ ਜਾਂ ਹਰ ਮਹੀਨੇ ਖੇਤਰੀ ਯਾਤਰਾਵਾਂ ਕਰਦੇ ਹਨ। ਅੱਜਕੱਲ੍ਹ ਸਕੂਲ ਐਟ ਹੋਮ ਨੇ ਆਪਣੀ ਸਰੋਤ ਸਮੱਗਰੀ ਲਈ ਇੰਟਰਨੈਟ ਤੇ ਸਵਿਚ ਕੀਤਾ ਹੈ ਪਰ, ਉਹਨਾਂ ਕੋਲ ਆਮ ਤੌਰ 'ਤੇ ਅਧਿਐਨ ਕਰਨ ਲਈ ਘੱਟੋ-ਘੱਟ ਇੱਕ ਕਿਤਾਬ ਹੋਵੇਗੀ। ਔਨਲਾਈਨ ਸਕੂਲ ਇਹਨਾਂ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਰਵਾਇਤੀ ਅਰਥਾਂ ਵਿੱਚ ਹੋਮਸਕੂਲਰ ਨਹੀਂ ਹਨ ਕਿਉਂਕਿ ਉਹਨਾਂ ਨੇ ਇੱਕ ਸਕੂਲ ਵਿੱਚ ਦਾਖਲਾ ਲਿਆ ਹੈ ਅਤੇ ਕਾਨੂੰਨੀ ਤੌਰ 'ਤੇ ਸਕੂਲ ਜਾ ਰਹੇ ਹਨ, ਸਿਰਫ ਅਸਲ ਵਿੱਚ। ਉਹ ਆਪਣੇ ਪਾਠ ਔਨਲਾਈਨ ਜਾਂ ਤਾਂ ਕੰਪਿਊਟਰ ਪਾਠਾਂ ਰਾਹੀਂ ਜਾਂ ਕਿਸੇ ਅਧਿਆਪਕ ਨਾਲ ਵੀਡੀਓ ਸੈਸ਼ਨਾਂ ਰਾਹੀਂ ਲੈਂਦੇ ਹਨ। ਮਾਪੇ ਇਸ ਕਿਸਮ ਦੀ ਹੋਮਸਕੂਲਿੰਗ ਲਈ ਜਾਂਦੇ ਹਨ ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਘਰ ਵਿੱਚ ਰੱਖਣ ਦੀ ਆਜ਼ਾਦੀ ਹੋਵੇ ਜਦੋਂ ਕਿ ਉਹ ਇੱਕ ਸਹੀ ਸਕੂਲ ਦੀ ਨਿਗਰਾਨੀ ਅਤੇ ਮਾਨਤਾ ਪ੍ਰਾਪਤ ਕਰਦੇ ਹਨ। ਇਸ ਕਿਸਮ ਦੀ ਸਿੱਖਿਆ ਵੀ ਸਵੈ-ਰਫ਼ਤਾਰ ਹੈ ਅਤੇ ਵਧੇਰੇ ਆਜ਼ਾਦੀ ਦੀ ਆਗਿਆ ਦਿੰਦੀ ਹੈ। ਯੂਨਿਟ ਸਟੱਡੀਜ਼ ਹੋਮਸਕੂਲਿੰਗ ਦੇ ਇਸ ਰੂਪ ਵਿੱਚ ਇੱਕ ਥੀਮ ਚੁਣਨਾ ਅਤੇ ਉਸ ਥੀਮ ਦੇ ਅਨੁਸਾਰ ਕਈ ਵਿਸ਼ਿਆਂ ਨੂੰ ਸਿੱਖਣਾ ਸ਼ਾਮਲ ਹੈ। ਉਦਾਹਰਨ ਲਈ, ਥੀਮ "ਪਾਣੀ" ਹੋ ਸਕਦਾ ਹੈ। ਇਸ ਥੀਮ ਤੋਂ, ਅਸੀਂ ਪਾਣੀ ਨੂੰ ਕਿਵੇਂ ਮਾਪਿਆ ਜਾਂਦਾ ਹੈ, ਇਸ ਬਾਰੇ ਗੱਲ ਕਰਕੇ ਗਣਿਤ ਦਾ ਅਧਿਐਨ ਕਰ ਸਕਦੇ ਹਾਂ, ਇਸ ਬਾਰੇ ਗੱਲ ਕਰਕੇ ਰਸਾਇਣ ਵਿਗਿਆਨ, ਵਿਸ਼ਵ ਦੇ ਸਭ ਤੋਂ ਵੱਡੇ ਜਲ ਸਰੋਤਾਂ ਬਾਰੇ ਗੱਲ ਕਰਕੇ ਭੂਗੋਲ, ਅਤੇ ਸ਼ੁੱਧਤਾ ਅਤੇ ਜੀਵਨ ਵਰਗੇ ਵੱਖ-ਵੱਖ ਰੂਪਾਂ ਵਿੱਚ ਪਾਣੀ ਨੂੰ ਵਿਚਾਰ ਕੇ ਸਾਹਿਤ ਦਾ ਅਧਿਐਨ ਕਰ ਸਕਦੇ ਹਾਂ। ਹੋਮਸਕੂਲਿੰਗ ਦੇ ਇਸ ਰੂਪ ਰਾਹੀਂ, ਵਿਦਿਆਰਥੀਆਂ ਨੂੰ ਰਵਾਇਤੀ ਸਕੂਲਿੰਗ ਨਾਲੋਂ 40% ਬਿਹਤਰ ਪਾਠਾਂ ਨੂੰ ਬਰਕਰਾਰ ਰੱਖਣ ਲਈ ਪਾਇਆ ਗਿਆ ਹੈ। ਕਲਾਸੀਕਲ ਹੋਮਸਕੂਲਿੰਗ ਦਾ ਇਹ ਰੂਪ ਜ਼ਿਆਦਾਤਰ ਭਾਸ਼ਾ-ਅਧਾਰਿਤ ਹੈ ਅਤੇ ਇਸਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ: ਵਿਆਕਰਨ, ਤਰਕ ਅਤੇ ਅਲੰਕਾਰਿਕ। ਵਿਆਕਰਣ ਛੋਟੀ ਉਮਰ ਵਿੱਚ ਬੁਨਿਆਦ ਰੱਖਦਾ ਹੈ ਜਿੱਥੇ ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਲਈ ਤੱਥਾਂ ਅਤੇ ਸ਼ੁਰੂਆਤੀ ਆਧਾਰਾਂ ਵਰਗੀਆਂ ਬੁਨਿਆਦੀ ਗੱਲਾਂ ਸਿੱਖਦੇ ਹਨ। ਉਸ ਤੋਂ ਬਾਅਦ 5ਵੀਂ ਜਮਾਤ ਦੇ ਆਸ-ਪਾਸ, ਬੱਚਿਆਂ ਨੂੰ ਤਰਕ ਪੜਾਅ ਵਿੱਚ ਵਿਸ਼ਲੇਸ਼ਣਾਤਮਕ ਹੁਨਰ ਸਿਖਾਏ ਜਾਂਦੇ ਹਨ। ਰੈਟੋਰਿਕ ਪੜਾਅ ਵਿੱਚ ਪੁਰਾਣੇ ਵਿਦਿਆਰਥੀ ਪਹਿਲੇ ਦੋ ਪੜਾਵਾਂ ਦੇ ਸੁਮੇਲ ਰਾਹੀਂ ਸਿੱਖਦੇ ਹਨ। ਮੋਂਟੇਸਰੀ ਹੋਮਸਕੂਲਿੰਗ ਦਾ ਇਹ ਰੂਪ ਮਾਰੀਆ ਮੋਂਟੇਸਰੀ ਦੀ ਸਿੱਖਿਆ 'ਤੇ ਅਧਾਰਤ ਹੈ। ਇਸ ਹੋਮਸਕੂਲਿੰਗ ਵਿੱਚ ਇੱਕ ਪੂਰਾ ਸੰਵੇਦੀ ਅਨੁਭਵ ਸ਼ਾਮਲ ਹੁੰਦਾ ਹੈ ਜਿਸ ਵਿੱਚ ਵਿਦਿਆਰਥੀ ਕਰ ਕੇ ਸਿੱਖਦੇ ਹਨ। ਖਿਡੌਣਿਆਂ ਦੀ ਥਾਂ ਅਸਲੀ ਔਜ਼ਾਰਾਂ ਨਾਲ ਲਿਆ ਜਾਂਦਾ ਹੈ, ਜਿਵੇਂ ਕਿ, ਬੱਚੇ ਨੂੰ ਰਸੋਈ ਦਾ ਪਲੇਸੈਟ ਦੇਣ ਦੀ ਬਜਾਏ ਬੱਚੇ ਨੂੰ ਰਸੋਈ ਵਿੱਚ ਮਦਦ ਕਰਨ ਦੇਣਾ। ਹੋਮਸਕੂਲਿੰਗ ਦੇ ਇਸ ਰੂਪ ਵਿੱਚ ਇੱਕੋ ਕਲਾਸਰੂਮ ਵਿੱਚ ਬਹੁ-ਉਮਰ ਦੇ ਸਮੂਹ ਹੋ ਸਕਦੇ ਹਨ ਅਤੇ ਅਸਲ-ਸੰਸਾਰ ਦੀਆਂ ਗਤੀਵਿਧੀਆਂ ਰਾਹੀਂ ਇਕੱਠੇ ਸਿੱਖ ਸਕਦੇ ਹਨ। ਸ਼ਾਰਲੋਟ ਮਾਨਸਨ ਸ਼ਾਰਲੋਟ ਮੈਨਸਨ ਪਾਠ ਪੁਸਤਕਾਂ ਨਾਲੋਂ "ਜੀਵਤ ਕਿਤਾਬਾਂ" ਵਿੱਚ ਵਿਸ਼ਵਾਸ ਕਰਦੀ ਸੀ। ਉਸ ਦਾ ਮੰਨਣਾ ਸੀ ਕਿ ਬੱਚੇ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਸਮਝਣ ਦੇ ਪੂਰੀ ਤਰ੍ਹਾਂ ਸਮਰੱਥ ਹਨ ਅਤੇ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਉਸ ਦੀ ਹੋਮਸਕੂਲਿੰਗ ਦੇ ਰੂਪ ਵਿੱਚ ਛੋਟੀ ਉਮਰ ਦੇ ਅਨੁਕੂਲ ਪਾਠ, ਕੁਦਰਤ ਦਾ ਅਧਿਐਨ, ਵਿਦਿਆਰਥੀਆਂ ਨੂੰ ਸਪੈਲਿੰਗ ਅਤੇ ਵਿਆਕਰਨ ਸਿੱਖਣ ਵਿੱਚ ਮਦਦ ਕਰਨ ਲਈ ਡਿਕਸ਼ਨ, ਅਤੇ ਸੰਗੀਤ ਅਤੇ ਕਲਾ ਦਾ ਅਧਿਐਨ ਸ਼ਾਮਲ ਹੁੰਦਾ ਹੈ। ਅਰਾਮ ਕੀਤਾ ਅਰਾਮਦੇਹ ਹੋਮਸਕੂਲਰ ਇਸ ਬਾਰੇ ਚਿੰਤਾ ਨਾ ਕਰੋਸਮਾਂ-ਸਾਰਣੀ, ਮੀਲ ਪੱਥਰ, ਅਤੇ ਹਰ ਦਿਨ ਹਰ ਵਿਸ਼ੇ ਦਾ ਅਧਿਐਨ ਕਰਨਾ। ਉਹ ਆਮ ਤੌਰ 'ਤੇ ਇੱਕ ਜਾਂ ਦੋ ਵਿਸ਼ਿਆਂ ਲਈ ਪਾਠਕ੍ਰਮ ਦੀ ਪਾਲਣਾ ਕਰਦੇ ਹਨ ਪਰ ਦੂਜੇ ਵਿਸ਼ਿਆਂ ਪ੍ਰਤੀ ਉਹਨਾਂ ਦੀ ਇੱਕ ਅਰਾਮਦਾਇਕ ਪਹੁੰਚ ਹੋਵੇਗੀ। ਉਹ ਨਵੀਆਂ ਥਾਵਾਂ ਅਤੇ ਲੋਕਾਂ ਬਾਰੇ ਜਾਣਨ ਲਈ ਫੀਲਡ ਟ੍ਰਿਪ ਲੈਂਦੇ ਹਨ ਅਤੇ ਕਿਤਾਬਾਂ ਅਤੇ ਦਸਤਾਵੇਜ਼ੀ ਫਿਲਮਾਂ ਦੇ ਨਾਲ ਇਸ ਦੀ ਪੂਰਤੀ ਕਰਦੇ ਹਨ। ਅਨਸਕੂਲਿੰਗ ਹੋਮਸਕੂਲਿੰਗ ਦਾ ਇਹ ਰੂਪ ਪੂਰੀ ਤਰ੍ਹਾਂ ਬੱਚਿਆਂ ਦੁਆਰਾ ਸੰਚਾਲਿਤ ਹੈ। ਇਹ ਹੋਮਸਕੂਲਿੰਗ ਇਸ ਆਧਾਰ 'ਤੇ ਅਧਾਰਤ ਹੈ ਕਿ ਬੱਚੇ ਕੁਦਰਤੀ ਤੌਰ 'ਤੇ ਉਤਸੁਕ ਹੁੰਦੇ ਹਨ ਅਤੇ ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਦੀ ਪੜਚੋਲ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਕਿ ਮਾਪੇ ਸਿਰਫ਼ ਫੈਸਿਲੀਟੇਟਰ ਵਜੋਂ ਕੰਮ ਕਰਦੇ ਹਨ। ਹੋਮਸਕੂਲਿੰਗ ਦੇ ਇਸ ਰੂਪ ਵਿੱਚ, ਬੱਚਾ ਵੀਡੀਓ ਗੇਮਾਂ ਖੇਡਣ ਵਿੱਚ ਘੰਟੇ ਬਿਤਾ ਰਿਹਾ ਹੋ ਸਕਦਾ ਹੈ, ਪਰ ਉਹਨਾਂ ਨੂੰ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਉਹ ਕੁਝ ਅਜਿਹਾ ਸਿੱਖਣ ਵਿੱਚ ਘੰਟਾ ਬਿਤਾਉਂਦੇ ਹਨ ਜੋ ਉਹਨਾਂ ਦੀ ਦਿਲਚਸਪੀ ਰੱਖਦਾ ਹੈ, ਜਾਂ ਇੱਕ ਨਿੱਜੀ ਪ੍ਰੋਜੈਕਟ ਬਣਾਉਂਦਾ ਹੈ। ਅਨਸਕੂਲਿੰਗ ਕਲਾਸਰੂਮਾਂ ਦੇ ਵਿਚਾਰ ਦੀ ਗਾਹਕੀ ਨਹੀਂ ਲੈਂਦੀ ਪਰ ਉਹ ਬੱਚੇ ਦੀ ਰੁਚੀ ਦੇ ਅਨੁਸਾਰ ਕਲਾਸਾਂ ਵਿੱਚ ਦਾਖਲਾ ਲੈ ਸਕਦੇ ਹਨ। ਸਿੱਖਣ ਦੀ ਹਰੇਕ ਹੋਮਸਕੂਲਿੰਗ ਸ਼ੈਲੀ ਦੀਆਂ ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਹੁੰਦੀਆਂ ਹਨ, ਪਰ ਅੰਤ ਵਿੱਚ, ਇਹ ਸਭ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਮਾਪੇ ਆਪਣੇ ਬੱਚੇ ਲਈ ਕੀ ਢੁਕਵਾਂ ਦੇਖਦੇ ਹਨ। ਹੋ ਸਕਦਾ ਹੈ ਕਿ ਤੁਸੀਂ ਪਰੰਪਰਾਗਤ ਸਕੂਲੀ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਵਿੱਚ ਵਿਸ਼ਵਾਸ ਕਰਦੇ ਹੋ ਜੋ ਤੁਹਾਡੇ ਬੱਚੇ ਲਈ ਮਾਨਤਾ ਪ੍ਰਾਪਤ ਕੋਰਸਾਂ ਅਤੇ ਸਖ਼ਤ ਸਿਖਲਾਈ ਦੇ ਨਾਲ ਰੁਜ਼ਗਾਰ ਦੀ ਗਾਰੰਟੀ ਦਿੰਦਾ ਹੈ, ਜਾਂ ਸ਼ਾਇਦ, ਤੁਸੀਂ ਆਪਣੇ ਬੱਚੇ ਨੂੰ ਸਿੱਖਣ ਲਈ ਉਸਦੀ ਜਨਮਦੀ ਉਤਸੁਕਤਾ ਦੁਆਰਾ ਕੁਦਰਤੀ ਤੌਰ 'ਤੇ ਸੰਸਾਰ ਵਿੱਚ ਉਸਦੀ ਜਗ੍ਹਾ ਲੱਭਣ ਦੇਣਾ ਚਾਹੁੰਦੇ ਹੋ। ਚੁਣਨ ਲਈ ਬਹੁਤ ਸਾਰੀਆਂ ਹੋਮਸਕੂਲਿੰਗ ਸ਼ੈਲੀਆਂ ਦੇ ਨਾਲ, ਇਹ ਲੱਭਣਾ ਮੁਸ਼ਕਲ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਕੀ ਕੰਮ ਕਰਦਾ ਹੈ। ਕਿਉਂ ਨਾ ਸਾਡੇ ਸਲਾਹਕਾਰਾਂ ਤੋਂ ਹੋਰ ਸੇਧ ਪ੍ਰਾਪਤ ਕਰੋ।

– ਵਿਜੇ ਗਰਗ

# ਪੇਂਡੂ ਪ੍ਰਬੰਧਨ ਵਿੱਚ ਕਰੀਅਰ ਬਣਾਉਣ ਦੇ ਲਾਭ

**ਵਿਜੇ ਗਰਗ**

ਪੇਂਡੂ ਪ੍ਰਬੰਧਨ ਇੱਕ ਕਰੀਅਰ ਮਾਰਗ ਹੈ ਜਿਸ ਵਿੱਚ ਪੇਂਡੂ ਖੇਤਰਾਂ ਦਾ ਪ੍ਰਬੰਧਨ ਅਤੇ ਵਿਕਾਸ ਸ਼ਾਮਲ ਹੁੰਦਾ ਹੈ। ਪੇਂਡੂ ਪ੍ਰਬੰਧਨ ਵਿੱਚ ਆਪਣਾ ਕਰੀਅਰ ਬਣਾਉਣਾ ਉਹਨਾਂ ਵਿਦਿਆਰਥੀਆਂ ਲਈ ਇੱਕ ਵਧੀਆ ਵਿਕਲਪ ਹੋ ਸਕਦਾ ਹੈ ਜੋ ਆਪਣੇ ਭਾਈਚਾਰੇ ਵਿੱਚ ਸਕਾਰਾਤਮਕ ਪ੍ਰਭਾਵ ਬਣਾਉਣ ਲਈ ਭਾਵੁਕ ਹਨ। ਇਹ ਬਲੌਗ ਪੇਂਡੂ ਪ੍ਰਬੰਧਨ ਵਿੱਚ ਕਰੀਅਰ ਬਣਾਉਣ ਦੇ ਲਾਭਾਂ ਦੀ ਪੜਚੋਲ ਕਰਨ ਬਾਰੇ ਹੈ। ਇੱਕ ਫਰਕ ਕਰਨ ਦਾ ਮੌਕਾ ਪੇਂਡੂ ਪ੍ਰਬੰਧਨ ਵਿੱਚ ਕਰੀਅਰ ਬਣਾਉਣ ਦੇ ਸਭ ਤੋਂ ਮਹੱਤਵਪੂਰਨ ਲਾਭਾਂ ਵਿੱਚੋਂ ਇੱਕ ਇਹ ਹੈ ਕਿ ਲੋਕਾਂ ਦੇ ਜੀਵਨ ਵਿੱਚ ਇੱਕ ਅਸਲੀ ਫਰਕ ਲਿਆਉਣ ਦਾ ਮੌਕਾ। ਪੇਂਡੂ ਖੇਤਰ ਅਕਸਰ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ, ਜਿਵੇਂ ਕਿ ਸਿਹਤ ਸੰਭਾਲ ਤੱਕ ਪਹੁੰਚ ਦੀ ਘਾਟ, ਸੀਮਤ ਆਰਥਿਕ ਮੌਕੇ, ਅਤੇ ਨਾਕਾਫ਼ੀ ਬੁਨਿਆਦੀ ਢਾਂਚੇ। ਪੇਂਡੂ ਪ੍ਰਬੰਧਕ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਅਤੇ ਇਹਨਾਂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਗੁਣਵੱਤਾ ਨੂੰ ਵਧਾਉਣ ਲਈ ਕੰਮ ਕਰਦੇ ਹਨ। ਪੇਂਡੂ ਪ੍ਰਬੰਧਨ ਵਿੱਚ ਆਪਣਾ ਕਰੀਅਰ ਬਣਾ ਕੇ, ਤੁਸੀਂ ਪੇਂਡੂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਆਪਣੇ ਹੁਨਰ ਅਤੇ ਮੁਹਾਰਤ ਦੀ ਵਰਤੋਂ ਕਰ ਸਕਦੇ ਹੋ। ਕਰੀਅਰ ਵਿੱਚ ਵਾਧਾ ਅਤੇ ਤਰੱਕੀ ਪੇਂਡੂ ਪ੍ਰਬੰਧਨ ਇੱਕ ਤੇਜ਼ੀ ਨਾਲ ਵਧ ਰਿਹਾ ਖੇਤਰ ਹੈ, ਜਿਸ ਵਿੱਚ ਹੁਨਰਮੰਦ ਪੇਸ਼ੇਵਰਾਂ ਦੀ ਵੱਧਦੀ ਮੰਗ ਹੈ ਜੋ ਪੇਂਡੂ ਭਾਈਚਾਰਿਆਂ ਦਾ ਸਾਹਮਣਾ ਕਰ ਰਹੀਆਂ ਵਿਲੱਖਣ ਚੁਣੌਤੀਆਂ ਦਾ ਹੱਲ ਕਰ ਸਕਦੇ ਹਨ। ਨਤੀਜੇ ਵਜੋਂ, ਪੇਂਡੂ



ਪ੍ਰਬੰਧਨ ਵਿੱਚ ਕਰੀਅਰ ਬਣਾਉਣਾ ਚਾਹਵਾਨ ਵਿਦਿਆਰਥੀਆਂ ਨੂੰ ਕਰੀਅਰ ਦੇ ਵਿਕਾਸ ਅਤੇ ਤਰੱਕੀ ਲਈ ਸ਼ਾਨਦਾਰ ਮੌਕੇ ਪ੍ਰਦਾਨ ਕਰ ਸਕਦਾ ਹੈ। ਤਜ਼ਰਬੇ ਅਤੇ ਮੁਹਾਰਤ ਦੇ ਨਾਲ, ਤੁਸੀਂ ਉੱਚ-ਪੱਧਰੀ ਅਹੁਦਿਆਂ 'ਤੇ ਅੱਗੇ ਵਧ ਸਕਦੇ ਹੋ, ਜਿਵੇਂ ਕਿ ਕਿਸੇ ਪੇਂਡੂ ਵਿਕਾਸ ਸੰਸਥਾ ਦੇ ਕਾਰਜਕਾਰੀ ਨਿਰਦੇਸ਼ਕ ਜਾਂ ਸੀ।ਈ।ਓ। ਇਸ ਤੋਂ ਇਲਾਵਾ, ਪੇਂਡੂ ਪ੍ਰਬੰਧਨ ਵਿੱਚ ਕੰਮ ਕਰਨ ਤੋਂ ਪ੍ਰਾਪਤ ਹੁਨਰ ਅਤੇ ਅਨੁਭਵ ਦੂਜੇ ਉਦਯੋਗਾਂ ਅਤੇ ਕਰੀਅਰ ਦੇ ਮਾਰਗਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਵਿਭਿੰਨ ਕਰੀਅਰ ਮਾਰਗ ਪੇਂਡੂ ਪ੍ਰਬੰਧਨ ਵਿੱਚ ਕਰੀਅਰ ਬਣਾਉਣਾ ਵਿਦਿਆਰਥੀਆਂ ਨੂੰ ਕੈਰੀਅਰ ਦੇ ਰਾਹ ਅਤੇ ਮੌਕੇ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰ ਸਕਦਾ ਹੈ। ਪੇਂਡੂ ਪ੍ਰਬੰਧਨ ਪੇਸ਼ੇਵਰ ਵੱਖ-ਵੱਖ ਭੂਮਿਕਾਵਾਂ ਵਿੱਚ ਕੰਮ ਕਰਦੇ ਹਨ, ਜਿਸ ਵਿੱਚ ਭਾਈਚਾਰਕ ਵਿਕਾਸ, ਆਰਥਿਕ ਵਿਕਾਸ, ਸਿਹਤ ਸੰਭਾਲ ਪ੍ਰਬੰਧਨ, ਵਾਤਾਵਰਣ ਪ੍ਰਬੰਧਨ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਭੂਮਿਕਾਵਾਂ ਦੀ ਇਹ ਵਿਭਿੰਨਤਾ ਵਿਦਿਆਰਥੀਆਂ ਨੂੰ ਇੱਕ ਕੈਰੀਅਰ ਮਾਰਗ ਨੂੰ ਅਪਣਾਉਣ ਦੀ ਇਜਾਜ਼ਤ ਦਿੰਦੀ ਹੈ ਜੋ ਉਹਨਾਂ ਦੀਆਂ ਰੁਚੀਆਂ ਅਤੇ ਹੁਨਰਾਂ ਨਾਲ ਮੇਲ ਖਾਂਦਾ ਹੈ ਜਦੋਂ ਕਿ ਅਜੇ ਵੀ ਪੇਂਡੂ ਭਾਈਚਾਰਿਆਂ 'ਤੇ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਸਹਿਯੋਗੀ ਕੰਮ ਵਾਤਾਵਰਨ ਗ੍ਰਾਮੀਣ ਪ੍ਰਬੰਧਨ ਵਿੱਚ ਅਕਸਰ ਵੱਖ-ਵੱਖ ਹਿੱਸੇਦਾਰਾਂ ਨਾਲ ਕੰਮ ਕਰਨਾ ਸ਼ਾਮਲ ਹੁੰਦਾ ਹੈ, ਜਿਸ ਵਿੱਚ ਕਮਿਊਨਿਟੀ ਮੈਂਬਰ, ਸਰਕਾਰੀ ਅਧਿਕਾਰੀ, ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਵਪਾਰਕ ਆਗੂ ਸ਼ਾਮਲ ਹੁੰਦੇ ਹਨ। ਨਤੀਜੇ ਵਜੋਂ, ਪੇਂਡੂ ਪ੍ਰਬੰਧਨ ਵਿੱਚ ਕਰੀਅਰ ਬਣਾਉਣ ਦੀ ਇੱਛਾ ਇੱਕ ਸਹਿਯੋਗੀ ਕੰਮ ਦੇ ਮਾਹੌਲ ਦੀ ਪੇਸ਼ਕਸ਼ ਕਰ ਸਕਦੀ ਹੈ ਜਿੱਥੇ ਵਿਦਿਆਰਥੀ ਸਾਂਝੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਦੂਜਿਆਂ ਨਾਲ ਕੰਮ ਕਰ ਸਕਦੇ ਹਨ। ਸਹਿਯੋਗੀ ਕੰਮ ਦੇ ਵਾਤਾਵਰਣ ਫਲਦਾਇਕ ਹੋ ਸਕਦੇ ਹਨ, ਕਿਉਂਕਿ ਉਹ ਵਿਦਿਆਰਥੀਆਂ ਨੂੰ ਦੂਜਿਆਂ ਤੋਂ ਸਿੱਖਣ, ਵਿਚਾਰ ਸਾਂਝੇ ਕਰਨ ਅਤੇ ਰਿਸ਼ਤੇ ਬਣਾਉਣ ਦੇ ਮੌਕੇ ਪ੍ਰਦਾਨ ਕਰਦੇ ਹਨ। ਮਜ਼ਬੂਤ ਨੌਕਰੀ ਦੀ ਸੁਰੱਖਿਆ ਬਹੁਤ ਸਾਰੇ ਮਾਮਲਿਆਂ ਵਿੱਚ, ਪੇਂਡੂ ਪ੍ਰਬੰਧਨ ਕਰੀਅਰ ਵਿੱਚ ਉੱਤਮ ਹੋਣ ਦਾ ਸੁਪਨਾ ਦੇਖਣਾ ਮਜ਼ਬੂਤ ਨੌਕਰੀ ਦੀ ਸੁਰੱਖਿਆ ਦੀ ਪੇਸ਼ਕਸ਼ ਕਰ ਸਕਦਾ ਹੈ। ਪੇਂਡੂ ਖੇਤਰ ਅਕਸਰ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਦਾ ਸਾਹਮਣਾ ਕਰਦੇ ਹਨ ਜਿਨ੍ਹਾਂ ਲਈ ਨਿਰੰਤਰ ਧਿਆਨ ਦੇਣ ਦੀ ਲੋੜ ਹੁੰਦੀ ਹੈ, ਜਿਵੇਂ ਕਿ ਆਰਥਿਕ ਵਿਕਾਸ, ਬੁਨਿਆਦੀ ਢਾਂਚੇ ਵਿੱਚ ਸੁਧਾਰ, ਅਤੇ ਸਿਹਤ ਸੰਭਾਲ ਪਹੁੰਚ। ਇਸਦੇ ਕਾਰਨ, ਹੁਨਰਮੰਦ ਪੇਸ਼ੇਵਰਾਂ ਦੀ ਨਿਰੰਤਰ ਲੋੜ ਹੈ ਜੋ ਇਹਨਾਂ ਮੁੱਦਿਆਂ ਨੂੰ ਹੱਲ ਕਰ ਸਕਦੇ ਹਨ ਅਤੇ ਉਹਨਾਂ ਦੇ ਭਾਈਚਾਰੇ ਵਿੱਚ ਸਕਾਰਾਤਮਕ ਪ੍ਰਭਾਵ ਪਾ ਸਕਦੇ ਹਨ। ਇਸ ਤੋਂ ਇਲਾਵਾ, ਪੇਂਡੂ ਪ੍ਰਬੰਧਨ ਪੇਸ਼ੇਵਰ ਸਰਕਾਰੀ ਏਜੰਸੀਆਂ ਜਾਂ ਗੈਰ-ਲਾਭਕਾਰੀ ਸੰਸਥਾਵਾਂ ਲਈ ਕੰਮ ਕਰ ਸਕਦੇ ਹਨ, ਜੋ ਅਕਸਰ ਪ੍ਰਤੀਯੋਗੀ ਤਨਖਾਹਾਂ ਅਤੇ ਲਾਭਾਂ ਦੇ ਨਾਲ ਸਥਿਰ ਰੁਜ਼ਗਾਰ ਪ੍ਰਦਾਨ ਕਰਦੇ ਹਨ। ਨਿੱਜੀ ਪੂਰਤੀ ਪੇਂਡੂ ਪ੍ਰਬੰਧਨ ਕੈਰੀਅਰ ਦੇ ਮੌਕੇ ਨਿੱਜੀ ਪੂਰਤੀ ਦਾ ਇੱਕ ਬਹੁਤ ਵੱਡਾ ਸੌਦਾ ਪੇਸ਼ ਕਰਦੇ ਹਨ। ਪੇਂਡੂ ਪ੍ਰਬੰਧਨ ਵਿੱਚ ਕੰਮ ਕਰਨ ਵਾਲੇ ਪੇਸ਼ੇਵਰ ਆਪਣੇ ਭਾਈਚਾਰਿਆਂ ਵਿੱਚ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਬਹੁਤ ਹੀ ਲਾਭਦਾਇਕ ਹੋ ਸਕਦਾ ਹੈ। ਵਿਅਕਤੀਆਂ, ਪਰਿਵਾਰਾਂ ਅਤੇ ਸਮੁੱਚੇ ਭਾਈਚਾਰਿਆਂ 'ਤੇ ਤੁਹਾਡੇ ਕੰਮ ਦੇ ਸਕਾਰਾਤਮਕ ਯਤਨਾਂ ਨੂੰ ਦੇਖਣਾ ਬਹੁਤ ਤਸੱਲੀਬਖਸ਼ ਹੋ ਸਕਦਾ ਹੈ ਅਤੇ ਪ੍ਰਦਾਨ ਕਰ ਸਕਦਾ ਹੈਤੁਹਾਡੇ ਕਰੀਅਰ ਵਿੱਚ ਉਦੇਸ਼ ਅਤੇ ਪੂਰਤੀ ਦੀ ਭਾਵਨਾ। ਸਿੱਟਾ ੑੑ-ੑ ਜੈਪੁਰ ਦਾ ਸਭ ਤੋਂ ਵਧੀਆ ਪੇਂਡੂ ਪ੍ਰਬੰਧਨ ਕਾਲਜ ਹੈ ਜੋ ਤਜਰਬੇਕਾਰ ਪ੍ਰੋਫੈਸਰਾਂ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਦਾ ਹੈ। ਤੁਸੀਂ ਇਸ ਕਾਲਜ ਨੂੰ ਭਾਰਤ ਦੇ ਚੋਟੀ ਦੇ ਪੇਂਡੂ ਪ੍ਰਬੰਧਨ ਕਾਲਜ ਵਜੋਂ ਲੱਭ ਸਕਦੇ ਹੋ ਜੋ ਪੇਂਡੂ ਲੋਕਾਂ ਦੇ ਜੀਵਨ ਨੂੰ ਬਦਲਣ ਅਤੇ ਦੇਸ਼ ਵਿੱਚ ਤਰੱਕੀ ਕਰਨ ਲਈ ਲਗਾਤਾਰ ਯਤਨ ਕਰ ਰਿਹਾ ਹੈ।

### ਰੁੱਤ ਚੋਣਾਂ ਦੀ ਆਈ

# ਲੋਕ ਸਭਾ ਚੋਣਾਂ ਦਾ ਪੰਜਾਬ ਵਿੱਚ ਇਤਿਹਾਸ



ਕੁਲਦੀਪ ਚੰਦ
91-9417563054

ਭਾਰਤ ਵਿੱਚ ਸਾਲ 2024 ਵਿੱਚ ਹੋਣ ਜਾ ਰਹੀਆਂ ਲੋਕ ਸਭਾ ਦੀਆਂ ਚੋਣਾਂ ਲਈ ਸਾਰੇ ਦੇਸ਼ ਵਿੱਚ ਜੋਰ-ਸ਼ੋਰ ਨਾਲ ਤਿਆਰੀਆਂ ਚੱਲ ਰਹੀਆਂ ਹਨ। ਹਰ ਰਾਜਨੀਤਿਕ ਪਾਰਟੀ ਅਤੇ ਰਾਜਨੀਤੀਵਾਨਾਂ ਵਲੋਂ ਚੋਣਾਂ ਵਿੱਚ ਅਪਣੇ ਹੱਕ ਵਿੱਚ ਵੋਟਰਾਂ ਨੂੰ ਭਰਮਾਉਣ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਰਕਾਰੀ ਪੱਧਰ ਤੇ ਚੋਣ ਆਯੋਗ ਵਲੋਂ ਨਿਰਪੱਖ ਅਤੇ ਅਜ਼ਾਦ ਚੋਣਾਂ ਕਰਵਾਉਣ ਲਈ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਗਈ ਹੈ। ਪੰਜਾਬ ਵਿੱਚ ਇਹ ਚੋਣਾਂ 01 ਜੂਨ 2024 ਨੂੰ ਹੋਣ ਜਾ ਰਹੀਆਂ ਹਨ ਜਿਸ ਲਈ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ ਵਲੋਂ ਵਿਸ਼ੇਸ਼ ਰੁੱਚੀ ਵਿਖਾਈ ਜਾ ਰਹੀ ਹੈ। ਇਨ੍ਹਾਂ ਤੋਂ ਇਲਾਵਾ ਕੁੱਝ ਹੋਰ ਪਾਰਟੀਆਂ ਵੀ ਅਪਣੇ ਉਮੀਦਵਾਰਾਂ ਨੂੰ ਚੋਣ ਲੜਾਉਣ ਜਾ ਰਹੀਆਂ ਹਨ ਅਤੇ ਕੁੱਝ ਉਮੀਦਵਾਰ ਅਜ਼ਾਦ ਚੌਣ ਲੜਣਗੇ। ਇਨ੍ਹਾਂ ਚੌਣਾਂ ਦੇ ਨਤੀਜੇ 04 ਜੂਨ ਨੂੰ ਘੋਸ਼ਿਤ ਹੋਣਗੇ ਜਿਸਤੋਂ ਵੱਖ ਵੱਖ ਪਾਰਟੀਆਂ ਨੂੰ ਮਿਲੀਆਂ ਸੀਟਾਂ ਅਤੇ ਵੋਟਾਂ ਬਾਰੇ ਪਤਾ ਚੱਲੇਗਾ। ਜੇਕਰ ਪੰਜਾਬ ਵਿੱਚ ਲੋਕ ਸਭਾ ਚੋਣਾਂ ਦਾ ਪਿਛੋਕੜ ਵੇਖੀਏ ਤਾਂ ਪਹਿਲੀ ਲੋਕ ਸਭਾ ਚੋਣ ਨਾਲ ਸਾਲ 1952 ਵਿੱਚ ਆਰੰਭ ਹੋਇਆ ਸੀ ਜਦੋਂ ਪੰਜਾਬ ਇਕੱਠਾ ਸੀ ਜਿਸ ਵਿੱਚ ਕਾਂਗਰਸ ਪਾਰਟੀ ਨੇ 15 ਸੀਟਾਂ ਵਿੱਚੋਂ 14 ਸੀਟਾਂ ਜਿੱਤੀਆਂ ਤੇ ਬਕਾਇਆ 01 ਸੀਟ ਅਕਾਲੀ ਦਲ ਨੇ ਜਿੱਤੀ ਸੀ। ਕਾਂਗਰਸ ਪਾਰਟੀ ਨੇ ਕੁੱਲ ਪਈਆਂ ਵੋਟਾਂ ਵਿੱਚੋਂ ਤਕਰੀਬਨ 43 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ ਜਦੋਂ ਕਿ ਅਕਾਲੀ ਦਲ ਨੂੰ ਸਿਰਫ 12 ਫਿਸਦੀ ਵੋਟਾਂ ਮਿਲੀਆਂ ਸਨ। ਸਾਲ 1957 ਵਿੱਚ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 17 ਸੀਟਾਂ ਵਿੱਚੋਂ 16 ਸੀਟਾ ਮਿਲੀਆਂ ਤੇ ਇੱਕ ਸੀਟ ਭਾਰਤੀ ਕਮਿਊਨਿਸਟ ਪਾਰਟੀ ਨੇ ਜਿੱਤੀ ਸੀ। ਇਸ ਚੌਣ ਵਿੱਚ ਕਾਂਗਰਸ ਪਾਰਟੀ ਨੂੰ ਕੁੱਲ ਪਈਆਂ ਵੋਟਾਂ ਵਿੱਚੋਂ 51.26 ਫਿਸਦੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਨੂੰ 16.81 ਫਿਸਦੀ ਵੋਟਾਂ ਮਿਲੀਆਂ ਸਨ। ਦੇਸ਼ ਵਿੱਚ ਤੀਸਰੀਆਂ ਲੋਕ ਸਭਾ ਚੋਣਾਂ ਸਾਲ 1962 ਵਿੱਚ ਹੋਈਆਂ ਤੇ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੀਆਂ ਲੋਕ ਸਭਾ ਸੀਟਾਂ 17 ਤੋਂ ਵੱਧ ਕੇ 22 ਹੋ ਗਈਆਂ। ਅਕਾਲੀ ਦਲ ਨੇ ਇਨ੍ਹਾਂ ਚੋਣਾਂ ਵਿੱਚ ਪੰਜਾਬੀ ਸੂਬੇ ਨੂੰ ਮੁੱਦਾ ਬਣਾ ਕੇ ਹਿੱਸਾ ਲਿਆ ਤੇ ਕੁੱਲ ਪਈਆਂ ਵੋਟਾਂ ਦਾ 12.2 ਫਿਸਦੀ ਵੋਟਾਂ ਲੈ ਕੇ 3 ਸੀਟਾਂ ਜਿਤੀਆਂ ਅਤੇ ਕਾਂਗਰਸ ਪਾਰਟੀ 41.30 ਫਿਸਦੀ ਵੋਟਾਂ ਲੈ ਕੇ 14 ਸੀਟਾਂ ਹੀ ਜਿੱਤ ਸਕੀ। ਇਨ੍ਹਾਂ ਚੌਣਾਂ ਵਿੱਚ ਭਾਰਤੀ ਜਨ ਸੰਘ ਨੇ ਵੀ 15.12 ਫਿਸਦੀ ਵੋਟਾਂ ਲੈ ਕੇ 03 ਸੀਟਾਂ ਪ੍ਰਾਪਤ ਕੀਤੀਆਂ ਸਨ ਜਦਕਿ ਸੀ.ਪੀ.ਆਈ. ਨੇ ਕੁੱਲ ਵੋਟਾਂ ਦੇ 4.72 ਫਿਸਦੀ ਵੋਟ ਪ੍ਰਾਪਤ ਕੀਤੇ ਪ੍ਰੰਤੂ ਕੋਈ ਵੀ ਸੀਟ ਨਹੀਂ ਜਿੱਤੀ ਸੀ। ਸਾਲ 1967 ਦੀਆਂ ਚੋਣਾਂ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੋਈਆਂ ਅਤੇ ਲੋਕ ਸਭਾ ਸੀਟਾਂ ਦੀ ਗਿਣਤੀ 13 ਰਹਿ ਗਈ ਜੋਕਿ ਹੁਣ ਤੱਕ ਕਾਇਮ ਹੈ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 37.3 ਫਿਸਦੀ ਲੈ ਕੇ 9 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਜਨ ਸੰਘ ਨੂੰ ਕੁੱਲ ਪਈਆਂ ਵੋਟਾਂ ਦਾ ਕੇਵਲ 12.5 ਫਿਸਦੀ ਹੀ ਮਿਲਿਆ ਅਤੇ 01 ਸੀਟ ਤੇ ਜਿੱਤ ਪ੍ਰਾਪਤ ਕੀਤੀ ਜਦਕਿ ਅਕਾਲੀ ਦਲ (ਸੰਤ) ਨੂੰ ਕੁੱਲ ਪਈਆਂ ਵੋਟਾਂ ਵਿੱਚੋਂ 22.61 ਫਿਸਦੀ ਵੋਟਾਂ ਮਿਲੀਆਂ ਅਤੇ 03 ਸੀਟਾਂ ਤੇ ਜਿੱਤ ਪ੍ਰਾਪਤ ਹੋਈ ਸੀ। ਸਾਲ 1971 ਵਿੱਚ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਸੀ.ਪੀ.ਆਈ. ਨਾਲ ਚੋਣ ਗਠਜੋੜ ਕਰਕੇ ਚੋਣ ਲੜ੍ਹੀ ਅਤੇ ਇਨ੍ਹਾਂ ਚੌਣਾਂ ਵਿੱਚ ਅਕਾਲੀ ਦਲ 30.85ਫਿਸਦੀ ਵੋਟਾਂ ਲੈ ਕੇ ਕੇਵਲ 01 ਸੀਟ ਹੀ ਜਿੱਤ ਸਕਿਆ, ਦੂਸਰੇ ਪਾਸੇ ਕਾਂਗਰਸ ਨੇ 46 ਫਿਸਦੀ ਵੋਟਾਂ ਲੈਕੇ 10 ਅਤੇ ਸੀ.ਪੀ.ਆਈ. ਨੇ 6.12 ਫਿਸਦੀ ਵੋਟਾਂ ਪ੍ਰਾਪਤ ਕਰਕੇ 2 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 1977 ਵਿੱਚ ਹੋਈਆਂ ਲੋਕ ਸਭਾ ਚੌਣਾਂ ਨੇ ਇੱਕ ਨਵਾਂ ਇਤਿਹਾਸ ਰਚਿਆ ਅਤੇ ਪਹਿਲੀ ਵਾਰੀ ਦੇਸ਼ ਵਿੱਚ ਗੈਰ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਅਤੇ ਕਾਂਗਰਸ ਪਾਰਟੀ ਪੰਜਾਬ ਸਮੇਤ ਦੇਸ਼ ਦੇ ਉੱਤਰੀ ਭਾਰਤ ਦੇ ਰਾਜਾਂ ਵਿੱਚ ਬੁਰੀ ਤਰ੍ਹਾਂ ਹਾਰ ਗਈ। ਪੰਜਾਬ ਵਿੱਚ ਕਾਂਗਰਸ ਪਾਰਟੀ 35 ਫਿਸਦੀ ਵੋਟ ਲੈਣ ਦੇ ਬਾਵਜੂਦ ਇੱਕ ਵੀ ਸੀਟ ਨਹੀਂ ਜਿੱਤ ਸਕੀ, ਦੂਸਰੇ ਪਾਸੇ ਅਕਾਲੀ ਦਲ ਨੇ 42.3 ਫਿਸਦੀ ਵੋਟਾਂ ਲੈਕੇ 9 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਭਾਰਤੀ ਲੋਕ ਦੱਲ ਨੇ 12.5 ਫਿਸਦੀ ਵੋਟਾਂ ਲੈਕੇ 3 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਸੀ ਪੀ ਐਮ ਨੇ 4.9 ਫਿਸਦੀ ਵੋਟਾਂ ਲੈਕੇ 1 ਸੀਟ ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 1980 ਵਿੱਚ ਹੋਈਆਂ ਚੋਣਾਂ ਵਿੱਚ ਕਾਂਗਰਸ ਨੇ ਪੰਜਾਬ ਵਿੱਚ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ 52.5 ਫਿਸਦੀ ਵੋਟਾਂ ਲੈਕੇ 12 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ ਜਦਕਿ ਅਕਾਲੀ ਦੱਲ 23.4 ਫਿਸਦੀ ਵੋਟਾਂ ਲੈਕੇ ਸਿਰਫ 01 ਸੀਟ ਤੇ ਹੀ ਜਿੱਤ ਪ੍ਰਾਪਤ ਕਰ ਸਕਿਆ ਸੀ। ਸਾਲ 1984 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ 41.53 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 6 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ ਦੂਸਰੇ ਪਾਸੇ ਅਕਾਲੀ ਦਲ ਨੇ ਕਾਂਗਰਸ ਨਾਲੋਂ ਘੱਟ ਵੋਟਾਂ 37.17 ਫਿਸਦੀ ਵੋਟਾਂ ਲੈਕੇ 7 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 1989 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ 26.5ਫਿਸਦੀ ਵੋਟਾਂ ਲੈਕੇ ਸਿਰਫ 2 ਸੀਟਾਂ ਤੇ ਹੀ ਸਿਮਟ ਕੇ ਰਹਿ ਗਈ। ਇਨ੍ਹਾਂ ਚੋਣਾਂ ਵਿੱਚ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟਾਂ ਨੂੰ ਭਾਰੀ ਨੁਕਸਾਨ ਹੋਇਆ ਜਦਕਿ ਨਵੇਂ ਬਣੇ ਅਕਾਲੀ ਦਲ (ਮਾਨ) ਨੇ 29.2 ਪ੍ਰਤੀਸ਼ਤ ਵੋਟਾਂ ਲੈ ਕੇ 6 ਸੀਟਾਂ ਤੇ ਜਿੱਤ ਹਾਸਲ ਕੀਤੀ। ਬਹੁਜਨ ਸਮਾਜ ਪਾਰਟੀ ਨੇ 8.6 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 1 ਸੀਟ ਤੇ ਜਿੱਤ ਪ੍ਰਾਪਤ ਕੀਤੀ, ਜਨਤਾ ਦੱਲ ਨੇ 5.5 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 1 ਸੀਟ ਤੇ ਜਿੱਤ ਪ੍ਰਾਪਤ ਕੀਤੀਜਦਕਿ 3 ਆਜ਼ਾਦ ਉਮੀਦਵਾਰਾਂ ਨੂੰ 12.7 ਫਿਸਦੀ ਵੋਟਾਂ ਮਿਲੀਆਂ ਸਨ ਅਤੇ 3 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 1991 ਵਿੱਚ ਦੁਬਾਰਾ ਚੋਣਾਂ ਦਾ ਐਲਾਨ ਹੋ ਗਿਆ। ਸਾਲ 1991 ਵਿੱਚ ਪੂਰੇ ਦੇਸ਼ ਵਿੱਚ ਆਮ ਚੋਣਾਂ ਹੋਣੀਆਂ ਸਨ ਪਰ ਪੰਜਾਬ ਦੇ ਅੰਦਰੂਨੀ ਹਾਲਤਾਂ ਨੂੰ ਆਧਾਰ ਬਣਾ ਕੇ ਰਾਜ ਵਿੱਚ ਇਹ ਚੋਣਾਂ ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਹੀ ਮੁਲਤਵੀ ਕਰ ਦਿੱਤੀਆਂ ਗਈਆਂ ਅਤੇ ਅਗਲੇ ਸਾਲ ਫਰਵਰੀ 1992 ਵਿੱਚ ਹੀ ਚੌਣਾਂ ਹੋਈਆਂ। ਪੰਜਾਬ ਵਿੱਚ ਅਕਾਲੀ ਦਲ (ਬਾਦਲ) ਅਤੇ ਹੋਰ ਸਿੱਖ ਜਥੇਬੰਦੀਆਂ ਦੇ ਇਨ੍ਹਾਂ ਚੌਣਾਂ ਦਾ ਬਾਇਕਾਟ ਕਰਨ ਕਰਕੇ ਬਹੁਤ ਘੱਟ ਲੋਕਾਂ ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਿਆ ਅਤੇ ਕੇਵਲ 23.96 ਫਿਸਦੀ ਵੋਟਾਂ ਹੀ ਪਈਆਂ ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਸ਼ਹਿਰੀ ਵੋਟਰਾਂ ਦੀ ਸੀ। ਕਾਂਗਰਸ ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 49.25 ਫਿਸਦੀ ਪ੍ਰਾਪਤ ਕਰਕੇ 12 ਸੀਟਾਂ ਤੇ ਕਬਜ਼ਾ ਕੀਤਾ ਜਦਕਿ ਬਹੁਜਨ ਸਮਾਜ ਪਾਰਟੀ ਨੇ 19.7 ਫਿਸਦੀ ਵੋਟਾਂ ਲੈਕੇ 1 ਸੀਟ ਤੇ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਚੌਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ 16.5 ਫਿਸਦੀ, ਸੀ ਪੀ ਐਮ ਨੂੰ 4 ਫਿਸਦੀ ਅਤੇ ਸ਼੍ਰੋਮਣੀ ਅਕਾਲੀ ਦੱਲ ਮਾਨ ਨੂੰ 2.6 ਫਿਸਦੀ ਵੋਟਾਂ ਮਿਲੀਆਂ ਸਨ। ਸਾਲ 1996 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਗਠਜੋੜ੍ਹ ਸੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ 28.72 ਫਿਸਦੀ ਵੋਟਾਂ ਨਾਲ 8 ਸੀਟਾਂ ਜਿੱਤੀਆਂ, ਬਹੁਜਨ ਸਮਾਜ ਪਾਰਟੀ ਨੇ 9.35 ਫਿਸਦੀ ਵੋਟਾਂ ਨਾਲ 3 ਸੀਟਾਂ ਜਿੱਤੀਆਂ ਸਨ ਜਦਕਿ ਕਾਂਗਰਸ ਪਾਰਟੀ ਨੇ 35.1 ਫਿਸਦੀ ਵੋਟਾਂ ਲੈਕੇ ਕੇਵਲ 02 ਸੀਟਾਂ ਹੀ ਜਿਤ ਸਕੀ। ਇਨ੍ਹਾਂ ਚੌਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ 6.5 ਫਿਸਦੀ ਅਤੇ ਸ਼੍ਰੋਮਣੀ ਅਕਾਲੀ ਦੱਲ ਮਾਨ ਨੂੰ 3.8 ਫਿਸਦੀ ਵੋਟਾਂ ਹੀ ਮਿਲੀਆਂ ਸਨ। ਲੋਕ ਸਭਾ ਲਈ ਸਾਲ 1998 ਵਿੱਚ ਹੋਈਆਂ ਚੋਣਾਂ ਵਿੱਚ ਅਕਾਲੀ ਦੱਲ-ਭਾਜਪਾ ਗਠਜੋੜ੍ਹ ਨੇ ਇਹਨਾਂ ਚੋਣਾਂ ਵਿੱਚ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਚੌਣਾਂ ਵਿੱਚ ਅਕਾਲੀ ਦਲ ਅਤੇ ਭਾਜਪਾ ਨੇ 44.6 ਫਿਸਦੀ ਵੋਟਾਂ ਪ੍ਰਾਪਤ ਕੀਤੀਆ ਸਨ ਜਿਸ ਨਾਲ ਅਕਾਲੀ ਦੱਲ ਨੇ 8 ਅਤੇ ਭਾਜਪਾ ਨੇ 3 ਸੀਟਾਂ ਜਿੱਤੀਆਂ ਸਨ। ਇਨ੍ਹਾਂ ਚੋਣਾਂ ਵਿੱਚ ਜਨਤਾ ਦੱਲ ਨੂੰ 4.2 ਫਿਸਦੀ ਵੋਟਾਂ ਮਿਲੀਆਂ ਸਨ ਅਤੇ 1 ਸੀਟ ਤੇ ਜਿੱਤ ਪ੍ਰਾਪਤ ਹੋਈ ਸੀ ਜਦਕਿ 1 ਸੀਟ ਤੇ 4.9 ਫਿਸਦੀ ਵੋਟਾਂ ਨਾਲ ਅਜਾਦ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਚੌਣਾਂ ਵਿੱਚ ਕਾਂਗਰਸ ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 25.85 ਫਿਸਦੀ ਵੋਟਾ ਪ੍ਰਾਪਤ ਕੀਤੀਆਂ ਸਨ ਪਰ ਕੋਈ ਵੀ ਸੀਟ ਨਾਂ ਜਿੱਤ ਸਕੀ। ਸਾਲ 1999 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਗਠਜੋੜ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਅਕਾਲੀ ਦਲ ਨੂੰ 28.6 ਫਿਸਦੀ ਵੋਟਾਂ ਮਿਲੀਆਂ ਪਰ ਸਿਰਫ 02 ਸੀਟਾਂ ਤੱਕ ਹੀ ਸਿਮਟ ਕੇ ਰਹਿ ਗਿਆ ਜਦੋਂ ਕਿ ਇਸ ਦੀ ਭਾਈਵਾਲ ਪਾਰਟੀ ਭਾਜਪਾ ਨੇ 9.2 ਫਿਸਦੀ ਵੋਟਾਂ ਲੈਕੇ1 ਸੀਟ ਤੇ ਜਿੱਤ ਪ੍ਰਾਪਤ ਕੀਤੀ ਸੀ। ਕਾਂਗਰਸ ਪਾਰਟੀ ਨੇ 38.44 ਫਿਸਦੀ ਵੋਟਾਂ ਲੈਕੇ 8 ਸੀਟਾਂ ਉੱਪਰ ਜਿੱਤ ਪ੍ਰਾਪਤ ਕੀਤੀ ਸੀ। ਬਾਕੀ ਰਹਿੰਦੀਆਂ 02 ਸੀਟਾਂ ਉੱਪਰ ਸੀ.ਪੀ.ਆਈ. ਨੇ 3.7 ਫਿਸਦੀ ਵੋਟਾਂ ਲੈਕੇ 1 ਸੀਟ ਤੇ ਅਤੇ ਅਕਾਲੀ ਦਲ (ਮਾਨ) ਨੇ 3.4 ਫਿਸਦੀ ਵੋਟਾਂ ਲੈਕੇ 1 ਸੀਟ ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ2004 ਵਿੱਚ ਹੋਈਆਂ ਲੋਕ ਸਭਾ ਚੌਣਾਂ ਵਿੱਚ ਅਕਾਲੀ-ਭਾਜਪਾ ਗਠਜੋੜ ਨੇ ਇੱਕ ਵਾਰੀ ਫਿਰ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਇਸ ਗਠਜੋੜ ਨੇ 13 ਸੀਟਾਂ ਵਿੱਚੋਂ 11 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਕੁੱਲ ਪਈਆਂ ਵੋਟਾਂ ਦਾ 44.8 ਫਿਸਦੀ ਹਿੱਸਾ ਪ੍ਰਾਪਤ ਕੀਤਾ ਜਦੋਂ ਕਿ ਕਾਂਗਰਸ ਨੇ 34.2 ਫਿਸਦੀ ਵੋਟਾਂ ਨਾਲ 2 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਚੌਣਾਂ ਵਿੱਚ ਬੀਐਸਪੀ ਨੂੰ 7.7 ਫਿਸਦੀ ਅਤੇ ਸ਼੍ਰੋਮਣੀ ਅਕਾਲੀ ਦੱਲ ਮਾਨ ਨੂੰ 3.8 ਫਿਸਦੀ ਵੋਟਾਂ ਮਿਲੀਆਂ ਸਨ। ਸਾਲ 2009 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਨਤੀਜਿਆਂ ਨੇ ਇੱਕ ਵਾਰ ਫਿਰ ਪਲਟੀ ਮਾਰੀ ਅਤੇ ਕਾਂਗਰਸ ਨੇ ਕੁੱਲ ਪਈਆਂ ਵੋਟਾਂ ਵਿੱਚੋਂ 45.23 ਫਿਸਦੀ ਵੋਟਾਂ ਲੈ ਕੇ 8 ਸੀਟਾਂ ਜਿੱਤੀਆਂ, ਅਕਾਲੀ ਦਲ ਅਤੇ ਬੀਜੇਪੀ ਗੱਠਜੋੜ੍ਹ ਨੇ ਕ੍ਰਮਵਾਰ 4 ਅਤੇ 1 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਚੋਣਾਂ ਵਿੱਚ ਅਕਾਲੀ ਦਲ ਬਾਦਲ ਅਤੇ ਭਾਜਪਾ ਦੀਆਂ ਕੁੱਲ ਪਈਆਂ ਵੋਟਾਂ ਵਿੱਚ ਹਿੱਸੇਦਾਰੀ ਕ੍ਰਮਵਾਰ 33.85 ਫਿਸਦੀ ਅਤੇ 10.06ਫਿਸਦੀ ਸੀ। ਇਨ੍ਹਾਂ ਚੌਣਾਂ ਵਿੱਚ ਬੀਐਸਪੀ ਨੂੰ 5.7 ਫਿਸਦੀ ਅਤੇ ਲੋਕ ਭਲਾਈ ਪਾਰਟੀ ਨੂੰ 1 ਫਿਸਦੀ ਵੋਟਾਂ ਹੀ ਮਿਲੀਆਂ ਸਨ। ਸਾਲ 2014 ਵਿੱਚ ਹੋਈਆਂ ਲੋਕ ਸਭਾ ਚੌਣਾਂ ਵਿੱਚ ਸ਼੍ਰੋਮਣੀ ਅਕਾਲੀ ਦੱਲ ਨੂੰ 26.4 ਫਿਸਦੀ ਮਿਲੀਆਂ ਅਤੇ 4 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਭਾਰਤੀ ਜਨਤਾ ਪਾਰਟੀ ਨੇ 8.8 ਫਿਸਦੀ ਵੋਟਾਂ ਲੈਕੇ 2 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ, ਆਮ ਆਦਮੀ ਪਾਰਟੀ ਨੇ 24.5 ਫਿਸਦੀ ਵੋਟਾਂ ਲੈਕੇ 4 ਸੀਟਾਂ ਜਿੱਤੀਆਂ ਸਨ ਜਦਕਿ ਕਾਂਗਰਸ ਪਾਰਟੀ 33.2 ਫਿਸਦੀ ਵੋਟਾਂ ਲੈਕੇ ਵੀ ਸਿਰਫ 3 ਸੀਟਾਂ ਹੀ ਜਿੱਤ ਸਕੀ ਅਤੇ ਇਨ੍ਹਾਂ ਚੌਣਾਂ ਵਿੱਚ ਬੀਐਸਪੀ ਨੂੰ ਸਿਰਫ 1.9 ਫਿਸਦੀ ਵੋਟਾਂ ਹੀ ਮਿਲੀਆਂ ਸਨ। ਸਾਲ 2019 ਵਿੱਚ ਹੋਈਆਂ ਚੌਣਾਂ ਵਿੱਚ ਕਾਂਗਰਸ ਪਾਰਟੀ 40.6 ਫਿਸਦੀ ਵੋਟਾਂ ਲੈਕੇ 8 ਸੀਟਾਂ ਤੇ ਜੇਤੂ ਰਹੀ, ਸ਼੍ਰੋਮਣੀ ਅਕਾਲੀ ਦੱਲ ਨੂੰ 27.8 ਫਿਸਦੀ ਵੋਟਾਂ ਮਿਲੀਆਂ ਅਤੇ 2 ਸੀਟਾਂ ਤੇ ਹੀ ਜਿੱਤ ਪ੍ਰਾਪਤ ਕਰ ਸਕਿਆ, ਭਾਰਤੀ ਜਨਤਾ ਪਾਰਟੀ 9.7 ਫਿਸਦੀ ਵੋਟਾ ਲੈਕੇ 2 ਸੀਟਾਂ ਤੇ ਜੇਤੂ ਰਹੀ ਸੀ ਜਦਕਿ ਆਮ ਆਦਮੀ ਪਾਰਟੀ ਨੂੰ 7.5 ਫਿਸਦੀ ਵੋਟਾਂ ਮਿਲੀਆਂ ਅਤੇ 1 ਸੀਟ ਤੇ ਜਿੱਤ ਪ੍ਰਾਪਤ ਹੋਈ ਸੀ। ਇਨ੍ਹਾਂ ਚੌਣਾਂ ਵਿੱਚ ਬੀ ਐਸਪੀ ਨੂੰ 3.5 ਫਿਸਦੀ ਵੋਟਾਂ ਮਿਲੀਆਂ ਸਨ। ਇਸਤੋਂ ਬਾਦ ਪੰਜਾਬ ਦੀ ਰਾਜਨੀਤੀ ਵਿੱਚ ਕਈ ਫੇਰਬਦਲ ਹੋਏ ਹਨ। ਫਰਵਰੀ 2022 ਵਿੱਚ ਹੋਈਆਂ ਵਿਧਾਨ ਸਭਾ ਚੌਣਾਂ ਵਿੱਚ ਆਮ ਆਦਮੀ ਪਾਰਟੀ ਨੇ 42 ਫਿਸਦੀ ਵੋਟਾਂ ਪ੍ਰਾਪਤ ਕਰਕੇ ਰਿਕਾਰਡਤੋੜ 92 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਚੌਣਾਂ ਵਿੱਚ ਕਾਂਗਰਸ ਪਾਰਟੀ 23 ਫਿਸਦੀ ਵੋਟਾਂ ਲੈਕੇ 18 ਸੀਟਾਂ ਤੱਕ ਹੀ ਪਹੁੰਚ ਸਕੀ, ਸ਼੍ਰੋਮਣੀ ਅਕਾਲੀ ਦੱਲ ਨੂੰ 18.3 ਫਿਸਦੀ ਵੋਟਾਂ ਮਿਲੀਆਂ ਅਤੇ 3 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਭਾਰਤੀ ਜਨਤਾ ਪਾਰਟੀ ਨੇ 6.6 ਫਿਸਦੀ ਵੋਟਾਂ ਲੈਕੇ 2 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ,ਬੀਐਸਪੀ ਨੂੰ 1.7 ਫਿਸਦੀ ਵੋਟਾਂ ਮਿਲੀਆਂ ਅਤੇ 1 ਸੀਟ ਤੇ ਜੇਤੂ ਰਹੀ ਅਤੇ 1 ਸੀਟ ਤੇ ਅਜਾਦ ਉਮੀਦਵਾਰ ਜੇਤੂ ਰਿਹਾ ਸੀ। ਲੋਕ ਸਭਾ ਚੋਣਾਂ ਲਈ 01ਜੂਨ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਪ੍ਰਮੁੱਖ ਪਾਰਟੀਆ ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਪਾਰਟੀ, ਸ਼੍ਰੋਮਣ ਅਕਾਲੀ ਦੱਲ ਮਾਨ, ਬਹੁਜਨ ਸਮਾਜ ਪਾਰਟੀ, ਆਮ ਆਦਮੀ ਪਾਰਟੀ, ਕਮਿਊਨਿਸਟ ਪਾਰਟੀਆਂ, ਸ਼ਿਵ ਸੈਨਾ ਆਦਿ ਭਾਗ ਲੈ ਰਹੀਆਂ ਹਨ। ਇਨ੍ਹਾਂ ਚੌਣਾਂ ਵਿੱਚ ਲੰਬਾ ਸਮਾਂ ਭਾਈਵਾਲ ਰਹੇ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਅਲੱਗ-ਅਲੱਗ ਚੌਣ ਲੜ ਰਹੇ ਹਨ, ਦੇਸ਼ ਦੇ ਬਾਕੀ ਕਈ ਸੂਬਿੱਆਂ ਵਿੱਚ ਮਿਲਕੇ ਚੌਣ ਲੜਣ ਵਾਲੇ ਇੰਡੀਆ ਗਠਜੋੜ੍ਹ ਵਿੱਚ ਭਾਈਵਾਲ ਕਾਂਗਰਸ ਪਾਰਟੀ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਵੀ ਪੰਜਾਬ ਵਿੱਚ ਅਲੱਗ ਅਲੱਗ ਚੌਣ ਲੜ ਰਹੇ ਹਨ।




ਸਾਲ 2022 ਵਿੱਚ ਸੰਗਰੂਰ ਲੋਕ ਸਭਾ ਹਲਕੇ ਤੋਂ ਉੱਪ ਚੌਣ ਵਿੱਚ ਮੈਂਬਰ ਬਣੇ ਸਿਮਰਨਜੀਤ ਸਿੰਘ ਮਾਨ ਵੀ ਕਈ ਹਲਕਿਆਂ ਤੋਂ ਅਪਣੇ ਉਮੀਦਵਾਰਾਂ ਨੂੰ ਚੌਣ ਲੜਾ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਵੱਖ ਵੱਖ ਪਾਰਟੀਆਂ ਤੋਂ ਦਲ ਬਦਲੀ ਕਰਕੇ ਚੌਣਾਂ ਲੜਣ ਵਾਲੇ ਆਗੂ ਅਤੇ ਅੰਦਰਖਾਤੇ ਵਿਰੋਧ ਕਰਨ ਵਾਲੇ ਚੌਣਾਂ ਨੂੰ ਪ੍ਰਭਾਵਿਤ ਕਰਨਗੇ। 01 ਜੂਨ ਨੂੰ ਹੋਣ ਵਾਲੀਆਂ ਚੌਣਾਂ ਵਿੱਚ ਕੌਣ ਕਾਮਯਾਬ ਹੁੰਦਾ ਹੈ ਅਤੇ ਕਿਸ ਪਾਰਟੀ ਨੂੰ ਕਿੰਨੀਆਂ ਵੋਟਾਂ ਮਿਲਦੀਆਂ ਹਨ ਇਹ ਤਾਂ 04 ਜੂਨ ਨੂੰ ਨਤੀਜ਼ੇ ਆਣ ਤੇ ਹੀ ਪਤਾ ਚੱਲੇਗਾ ਹੀ ਪਤਾ ਚੱਲੇਗਾ ਪ੍ਰੰਤੂ ਲੰਬਾ ਸਮਾਂ ਚੱਲਣ ਵਾਲੀ ਚੌਣ ਮੁੰਹਿਮ ਲਈ ਹਰ ਰਾਜਨੀਤਿਕ ਪਾਰਟੀ ਅਪਣੀ ਰਣਨੀਤੀ ਬਣਾ ਰਹੀ ਹੈ ਅਤੇ ਹਰ ਆਗੂ ਚੌਣ ਜਿੱਤਣ ਲਈ ਜੋਰ ਅਜਮਾਇਸ਼ ਕਰ ਰਿਹਾ ਹੈ।

# ਦਲ ਬਦਲੂ ਅਤੇ ਦਲ ਬਦਲ ਵਿਰੋਧੀ ਕਾਨੂੰਨ



ਗੁਰਮੀਤ ਪਲਾਹੀ
91-98158-02070

ਦੇਸ਼ ਵਿੱਚ ਦਲ ਬਦਲਣ ਦੀ ਖੇਡ 60 ਸਾਲ ਪੁਰਾਣੀ ਹੈ। ਅਸਲ ਵਿੱਚ ਦਲ ਬਦਲ 'ਸਿਆਸੀ ਦਿਲ' ਬਦਲਣ ਦੀ ਨਿਵੇਕਲੀ ਖੇਡ ਹੈ। ਇਹ ਕਦੇ ਇੱਕ ਪਾਰਟੀ ਵਿੱਚ ਆਦਰ-ਮਾਣ-ਸਨਮਾਣ ਨਾ ਮਿਲਣ ਤੋਂ ਨਿਰਾਸ਼ ਹੋਣ ਉਤੇ ਹੁੰਦਾ ਹੈ ਅਤੇ ਕਦੇ "ਮਨ ਦੀ ਅਵਾਜ਼" ਸੁਨਣ 'ਤੇ। ਤਾਕਤ ਦੀ ਹਵਾ ਜਿਸ ਪਾਸੇ ਵੱਲ ਵੱਗਦੀ ਹੈ, ਦਲ ਬਦਲ ਵੀ ਉਸ ਪਾਰਟੀ ਵੱਲ ਵੱਧ ਹੁੰਦਾ ਹੈ। ਭਾਰਤ ਵਿੱਚ ਇਹ ਕਿਸੇ ਵੇਲੇ ਕਾਂਗਰਸ ਵੱਲ ਵੱਧ ਹੁੰਦਾ ਸੀ, ਹੁਣ ਭਾਜਪਾ ਵੱਲ ਜਿਆਦਾ ਹੈ।

ਦੇਸ਼ ਦੇ ਚੋਣ ਮਹਾਂਕੁੰਭ ਦਾ ਦ੍ਰਿਸ਼ ਇਸ ਵਰ੍ਹੇ ਨਿਰਾਲਾ ਹੈ। ਥੋਕ ਦੇ ਭਾਅ ਹੋ ਰਿਹਾ ਦਲ ਬਦਲ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਸਾਲ 2024 ਦੀਆਂ ਚੋਣਾਂ 'ਚ ਭਾਜਪਾ ਦਾ ਹਰ ਚੌਥਾ ਉਮੀਦਵਾਰ ਦਲ ਬਦਲੂ ਹੈ। ਭਾਜਪਾ ਹੁਣ ਤੱਕ 417 ਉਮੀਦਵਾਰ ਐਲਾਨ ਚੁੱਕੀ ਹੈ। ਇਹਨਾ ਵਿਚੋਂ 116 (28 ਫੀਸਦੀ) ਉਹ ਉਮੀਦਵਾਰ ਹਨ, ਜੋ ਸਿਆਸੀ ਧਿਰ ਬਦਲ ਕੇ ਭਾਜਪਾ ਵੱਲ ਆਏ ਹਨ। ਇਹਨਾ 116 ਵਿਚੋਂ 37 ਕਾਂਗਰਸ ਵਿਚੋਂ ਆਏ ਹਨ।

ਇਸੇ ਤਰ੍ਹਾਂ 2016 ਤੋਂ 2020 ਦੇ ਦੌਰਾਨ ਐਮ.ਪੀ. ਅਤੇ ਐਮ ਐਲ ਏ ਵਿਚੋਂ ਸਿਆਸੀ ਧਿਰਾਂ ਬਦਲਣ ਦੀ ਰਿਪੋਰਟ ਸਾਹਮਣੇ ਆਈ ਸੀ ਜਿਸ ਅਨੁਸਾਰ 405 ਵਿਧਾਇਕਾਂ ਅਤੇ 16 ਪਾਰਲੀਮੈਂਟ ਦੇ ਮੈਂਬਰਾਂ ਨੇ ਪਾਰਟੀ ਬਦਲੀ ਸੀ। ਦਲ ਬਦਲ ਕਰਨ ਵਾਲੇ 182 ਵਿਧਾਇਕ ਅਤੇ 10 ਐਮ।ਪੀ, ਭਾਜਪਾ 'ਚ ਸ਼ਾਮਲ ਹੋਏ।

ਜਦੋਂ ਕਦੇ ਕਾਂਗਰਸ ਦਾ ਸੂਰਜ ਚਮਕਦਾ ਸੀ, ਉਸ ਵੇਲੇ ਕਾਂਗਰਸ ਨੂੰ ਇਸ ਦਾ ਫਾਇਦਾ ਹੋਇਆ। ਸਾਲ 1957 ਤੋਂ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋਏ ਸਨ। ਦਲ ਬਦਲ ਦੇ ਰੌਚਕ ਕਿੱਸਿਆਂ ਦਾ ਵਰਨਣ ਕਰਨਾ ਬਹੁਤ ਹੀ ਜ਼ਰੂਰੀ ਹੈ। ਮਹਾਂਰਾਸ਼ਟਰ ਵਿੱਚ 7 ਮਾਰਚ 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ 'ਚ ਸਰਕਾਰ ਸੱਤਾ ਵਿੱਚ ਆਈ। 18 ਜੁਲਾਈ 1978 ਨੂੰ ਸ਼ਰਦ ਪਵਾਰ (ਦੇਸ਼ ਦੇ ਪ੍ਰਸਿੱਧ ਸਿਆਸੀ ਨੇਤਾ) ਦੁਪਿਹਰ ਵੇਲੇ ਵਿਧਾਨ ਸਭਾ 'ਚ ਪਾਟਿਲ ਸਰਕਾਰ ਦੇ ਹੱਕ 'ਚ ਕਸੀਦੇ ਪੜ੍ਹਦੇ ਨਜ਼ਰ ਆਏ, ਪਰੰਤੂ ਸ਼ਾਮ ਹੁੰਦਿਆਂ ਹੀ ਉਹ ਰਾਜ ਭਵਨ ਪੁੱਜੇ ਅਤੇ ਉਥੇ ਜਾਕੇ ਬਗਾਵਤ ਦੀ ਚਿੱਠੀ ਗਵਰਨਰ ਨੂੰ ਪੇਸ਼ ਕੀਤੀ ਅਤੇ ਫਿਰ ਖੁਦ ਮੁੱਖ ਮੰਤਰੀ ਬਣ ਗਏ।

ਹਰਿਆਣਾ ਵਿੱਚ ਭਜਨ ਲਾਲ ਨੇ ਸਿਆਸਤ ਕਾਂਗਰਸੀ ਵਜੋਂ ਸ਼ੁਰੂ ਕੀਤੀ, ਪ੍ਰੰਤੂ 1977 ਵਿੱਚ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਹਰਿਆਣਾ ਦੀ ਦੇਵੀ ਲਾਲ ਸਰਕਾਰ ਵਿੱਚ ਉਹ ਮੰਤਰੀ ਬਣ ਗਏ। ਸਾਲ 1980 ਵਿੱਚ ਇੰਦਰਾ ਗਾਂਧੀ ਦੀ ਕੇਂਦਰ 'ਚ ਸੱਤਾ ਵਾਪਿਸੀ ਸਮੇਂ ਉਹ ਪੂਰੇ ਮੰਤਰੀ ਮੰਡਲ ਸਮੇਤ ਕਾਂਗਰਸ ਵਿੱਚ ਸ਼ਾਮਲ ਹੋ ਗਏ। (ਕੀ ਇਹ ਹਿਰਦੇ ਪ੍ਰੀਵਰਤਨ ਸੀ ਜਾਂ ਗੱਦੀ ਦੀ ਭੁੱਖ?)

ਦਲ ਬਦਲ ਕਰਨ ਵਾਲਿਆਂ ਲਈ ਅਕਸਰ "ਆਇਆ ਰਾਮ, ਗਿਆ ਰਾਮ" ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ "ਗਿਆ ਰਾਮ" ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿੱਚ ਐਮ.ਐਲ.ਏ. ਸਨ, ਉਹਨਾ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿੱਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿੱਚ 16 ਆਜ਼ਾਦ ਐਮ।ਐਲ।ਏ ਚੁਣੇ ਗਏ, ਇਹਨਾਂ ਵਿੱਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤਕੇ ਕਾਂਗਰਸ 'ਚ ਸ਼ਾਮਲ ਹੋ ਗਿਆ। ਜਦ ਕਾਂਗਰਸ ਨੇ 48 ਸੀਟਾਂ ਲੈ ਕੇ ਵਜਾਰਤ ਬਣਾਈ, ਪਰ ਇਹ ਵਜਾਰਤ 10 ਦਿਨਾਂ ਬਾਅਦ ਹੀ ਡਿੱਗ ਪਈ। ਗਿਆ ਰਾਮ ਨੇ 12 ਵਿਧਾਇਕਾਂ ਨਾਲ ਰਲ ਕੇ ਪਾਰਟੀ ਛੱਡ ਦਿੱਤੀ ਅਤੇ ਯੂਨਾਈਟਿਡ ਫਰੰਟ 'ਚ ਸ਼ਾਮਲ ਹੋ ਗਏ। ਫਿਰ ਕੁਝ ਘੰਟਿਆਂ 'ਚ ਹੀ ਗਿਆ ਰਾਮ ਦਾ ਮਨ ਬਦਲ ਗਿਆ ਤੇ ਉਹ ਕਾਂਗਰਸ ਵਿੱਚ ਆ ਗਏ। ਪਰ ਕਾਂਗਰਸ ਵਿੱਚ ਉਹ ਸਿਰਫ਼ 9 ਘੰਟੇ ਟਿਕੇ ਅਤੇ ਕਾਂਗਰਸ ਛੱਡਕੇ ਮੁੜ ਯੂਨਾਈਟਿਡ ਫਰੰਟ 'ਚ ਚਲੇ ਗਏ। ਕਮਾਲ ਦੀ ਗੱਲ ਤਾਂ ਇਹ ਕਿ ਉਹਨਾ ਨੇ ਇੱਕ ਦਿਨ ਵਿੱਚ ਤਿੰਨ ਵੇਰ ਦਲ ਬਦਲਣ ਦਾ ਤਮਾਸ਼ਾ ਕੀਤਾ। ਕੁਝ ਦਿਨਾਂ ਬਾਅਦ ਫਿਰ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕਾਂਗਰਸ ਵਾਪਿਸੀ ਤੋਂ ਬਾਅਦ ਮੌਕੇ ਦੇ ਪ੍ਰਭਾਵਸ਼ਾਲੀ ਨੇਤਾ ਰਾਓ ਬਰੇਂਦਰ ਸਿੰਘ ਨੇ ਉਹਨਾ ਨੂੰ ਪ੍ਰੈੱਸ ਕਾਨਫਰੰਸ 'ਚ ਪੇਸ਼ ਕੀਤਾ ਤੇ ਕਿਹਾ "ਗਿਆ ਰਾਮ ਹੁਣ ਆਇਆ ਰਾਮ ਹੈ" ਇਸ ਤੋਂ ਬਾਅਦ ਭਾਰਤੀ ਸਿਆਸਤ ਵਿੱਚ ਦਲ ਬਦਲੂਆਂ ਦੇ ਲਈ "ਆਇਆ ਰਾਮ ਗਿਆ ਰਾਮ" ਦਾ ਮੁਹਾਵਰਾ ਬਣ ਗਿਆ।




ਸਾਲ 2014 ਤੋਂ ਹੁਣ ਤੱਕ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ ਜਿਹਨਾ ਵਿੱਚ 15 ਮੁੱਖ ਮੰਤਰੀ, ਇੰਨੇ ਹੀ ਕੇਂਦਰੀ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ, ਜਾਂ ਤਾਂ ਕਿਸੇ ਹੋਰ ਪਾਰਟੀ ਵਿੱਚ ਜਾ ਚੁੱਕੇ ਹਨ ਜਾਂ ਨਵੀਂ ਪਾਰਟੀ ਬਣਾ ਚੁੱਕੇ ਹਨ। ਇਹਨਾ ਵਿੱਚ ਐਸ।ਐਮ। ਕ੍ਰਿਸ਼ਨਨ, ਗੁਲਾਮ ਨਬੀ ਆਜ਼ਾਦ, ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ(ਸਵ:) ਅਸ਼ੋਕ ਚੌਹਾਨ, ਪੇਮਾ ਖਾਡੂੰ, ਕਿਰਣ ਰੈਡੀ, ਵਿਜੈ ਬਹੁਗੁਣਾ, ਦਿਗੰਬਰ ਕਾਮਤ, ਰਵੀ ਨਾਇਕ, ਨਰਾਇਣ ਰਾਏ, ਮੁਕੁਲ ਸੰਗਮਾ ਸ਼ਾਮਲ ਹਨ। ਇਹਨਾ ਵਿੱਚੋਂ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਫਿਰ ਨਵੀਂ ਪਾਰਟੀ "ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦਾ ਗਠਨ ਕੀਤਾ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਪਰਿਵਾਰ, ਪਿਛਲੇ ਸੌ ਸਾਲ ਤੋਂ ਕਾਂਗਰਸ ਨਾਲ ਜੁੜਿਆ ਕਾਂਗਰਸੀ ਨੇਤਾ ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ, (ਜੋ ਸੂਬਾ ਕਾਂਗਰਸ ਦਾ ਪ੍ਰਧਾਨ ਰਿਹਾ) ਅਨੇਕਾਂ ਮੈਂਬਰ ਪਾਰਲੀਮੈਂਟ ਸਮੇਤ ਪੰਜਾਬ ਦੇ ਧੱਕੜ ਕਾਂਗਰਸੀ ਨੇਤਾ ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਦਾ ਪੋਤਾ ਰਵਨੀਤ ਬਿੱਟੂ ਵੀ ਇਸ ਲਿਸਟ ਵਿੱਚ ਸ਼ਾਮਲ ਹਨ।

ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਹਰਿਆਣਾ ਦਲ ਬਦਲੂਆਂ ਦਾ ਕੇਂਦਰ ਰਿਹਾ ਹੈ। ਸਾਲ 1967 ਤੋਂ 1983 ਦੇ ਵਿਚਕਾਰ ਸੂਬੇ ਵਿੱਚ 2700 ਤੋਂ ਵੀ ਜ਼ਿਆਦਾ ਵੇਰ ਦਲ ਬਦਲ ਹੋਇਆ। ਅਨੇਕਾਂ ਦਲ ਬਦਲੂ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚੇ।

ਹਰਿਆਣਾ ਵਿੱਚ ਇੰਨੇ ਵੱਡੇ ਪੈਮਾਨੇ ਤੇ ਦਲ ਬਦਲ ਨੇ ਇਸ ਸਬੰਧ ਵਿੱਚ ਕਿਸੇ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਅਤੇ ਅਖ਼ੀਰ ਕਾਫ਼ੀ ਕੋਸ਼ਿਸ਼ਾਂ ਬਾਅਦ ਸਾਲ 1985 ਵਿੱਚ 52 ਵੀਂ ਸੰਵਾਧਾਨਿਕ ਸੋਧ ਨਾਲ ਦਲ ਬਦਲੀ ਕਾਨੂੰਨ ਲਾਗੂ ਹੋ ਗਿਆ। ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ (ਸਪੁੱਤਰ ਇੰਦਰਾ ਗਾਂਧੀ) ਸਨ, ਜੋ 400 ਪਾਰਲੀਮੈਂਟਾਂ ਸੀਟਾਂ ਜਿੱਤ ਗਏ ਹਨ। ਇਸ ਗੱਲ ਦਾ ਖ਼ਦਸ਼ਾ ਪਾਲੀ ਬੈਠੇ ਸਨ ਕਿ ਉਹਨਾ ਦੀ ਪਾਰਟੀ 'ਚ ਭੰਨ-ਤੋੜ ਨਾ ਹੋ ਜਾਏ। ਇਸੇ ਕਰਕੇ ਉਹਨਾ ਨੇ ਦਲ ਬਦਲ ਰੋਕੂ ਕਾਨੂੰਨ ਬਣਾਉਣ ਲਈ ਤੇਜੀ ਵਰਤੀ।

1985 ਦੇ ਇਸ ਕਾਨੂੰਨ ਵਿੱਚ ਪ੍ਰਾਵਾਧਾਨ ਕੀਤਾ ਗਿਆ ਕਿ ਜੇਕਰ ਕੋਈ ਐਮ.ਐਲ.ਏ., ਐਮ.ਪੀ., ਆਪਣੀ ਪਾਰਟੀ ਛੱਡਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੁੰਦਾ ਹੈ ਤਾਂ ਉਸਦੀ ਸਦਨ ਵਿੱਚ ਮੈਂਬਰੀ ਖ਼ਤਮ ਹੋ ਜਾਏਗੀ। ਪਰ ਜੇਕਰ ਉਸ ਪਾਰਟੀ ਦੇ ਇੱਕ ਤਿਹਾਈ ਮੈਂਬਰ ਵੱਖਰਾ ਗੁੱਟ ਬਣਾਕੇ ਪਾਰਟੀ ਛੱਡਦੇ ਹਨ ਤਾਂ ਇਹ ਕਾਨੂੰਨ ਲਾਗੂ ਨਹੀਂ ਹੋਏਗਾ।

ਸਾਲ 2003 ਵਿੱਚ ਇਸ ਕਾਨੂੰਨ 'ਚ ਸੋਧ ਕਰ ਦਿੱਤੀ ਗਈ, ਜਿਸ ਅਨੁਸਾਰ ਇਹ ਗਿਣਤੀ ਦੋ ਤਿਹਾਈ ਕਰ ਦਿੱਤੀ ਗਈ। ਜਿਸ ਨਾਲ ਇਸ ਕਾਨੂੰਨ ਦੀ ਪ੍ਰਸੰਗਕਿਤਾ ਬਹੁਤ ਘੱਟ ਗਈ ਹੈ। ਹੁਣ ਨੇਤਾ, ਸਦਨ ਵਿਚੋਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦੇ ਹਨ, ਦੂਜੀ ਪਾਰਟੀ ਵਿੱਚ ਨਹੀਂ ਜਾਂਦੇ, ਸਗੋਂ ਸਾਂਝੇ ਤੌਰ 'ਤੇ ਅਸਤੀਫ਼ਾ ਦੇਕੇ ਉਸ ਪਾਰਟੀ ਦਾ ਸਦਨ ਵਿੱਚੋਂ ਬਹੁਮਤ ਨੂੰ ਖ਼ਤਮ ਕਰ ਦਿੰਦੇ ਹਨ। ਸਾਲ 2018 'ਚ ਮੱਧ ਪ੍ਰਦੇਸ਼ ਵਿੱਚ ਵੀ ਇੰਜ ਹੀ ਵਾਪਰਿਆ।

2018 ਵਿੱਚ ਮੱਧ ਪ੍ਰਦੇਸ਼ ਦੇਸ਼ 'ਚ ਕਮਲ ਨਾਥ ਨੇ 114 ਸੀਟਾਂ ਜਿੱਤਕੇ ਸਰਕਾਰ ਬਣਾਈ। ਭਾਜਪਾ ਨੂੰ 109 ਸੀਟਾਂ ਮਿਲੀਆਂ। ਕਾਂਗਰਸ ਦੇ 22 ਵਿਧਾਇਕਾਂ ਨੇ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਜ਼ਾਰਤ ਘੱਟ ਗਿਣਤੀ 'ਚ ਰਹਿ ਗਈ। ਭਾਜਪਾ ਦੀਆਂ ਸੀਟਾਂ ਕਾਂਗਰਸ ਨਾਲੋਂ ਵਧ ਗਈਆਂ। ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਨੂੰ ਸਰਕਾਰ ਬਨਾਉਣ ਦਾ ਮੌਕਾ ਮਿਲ ਗਿਆ। ਫਿਰ ਅਸਤੀਫਾ ਦੇ ਚੁੱਕੇ 22 ਕਾਂਗਰਸੀ ਵਿਧਾਇਕਾਂ ਨੇ ਭਾਜਪਾ ਵਲੋਂ ਚੋਣ ਲੜੀ ਤੇ ਮੁੜ ਭਾਜਪਾ ਦੇ ਵਿਧਾਇਕ ਵਜੋਂ ਜਿੱਤਕੇ ਸਦਨ 'ਚ ਆ ਗਏ।

ਇਸੇ ਸਾਲ ਕਰਨਾਟਕ 'ਚ 224 ਮੈਂਬਰੀ ਸਦਨ ਵਿਚੋਂ ਕਾਂਗਰਸ 80, ਜਨਤਾ ਦਲ (ਸ) 37 ਅਤੇ ਭਾਜਪਾ ਨੇ 104 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸ) ਦੇ ਗੱਠਜੋੜ ਨੇ ਸਰਕਾਰ ਬਣਾਈ। ਕੁਝ ਮਹੀਨਿਆਂ ਬਾਅਦ ਕਾਂਗਰਸ ਦੇ 13 ਅਤੇ ਜਨਤਾ ਦਲ ਦੇ 4 ਵਿਧਾਇਕ ਅਸਤੀਫ਼ਾ ਦੇ ਗਏ, ਵਜ਼ਾਰਤ ਟੁੱਟ ਗਈ। ਭਾਜਪਾ ਨੇ ਮੁੜ ਕੁਝ ਆਜ਼ਾਦ ਮੈਂਬਰਾਂ ਦੀ ਸਹਾਇਤਾ ਨਾਲ ਵਜ਼ਾਰਤ ਬਣਾ ਲਈ।

ਇਹ ਦਲ ਬਦਲੀ ਵਿਰੋਧੀ ਕਾਨੂੰਨੀਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕ ਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿੱਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿੱਚ ਲੋਕ-ਹਿੱਤ ਵਿੱਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲਗ ਪਏ ਸਨ ਅਤੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਜੋੜ-ਤੋੜ ਕਰਕੇ ਸਰਕਾਰਾਂ ਡੇਗਣ ਦੇ ਰਾਹ ਪੈ ਗਏ। ਕਾਂਗਰਸ ਰਾਜ ਵੇਲੇ ਇਹ ਵਰਤਾਰਾ ਸ਼ੁਰੂ ਹੋਇਆ, ਜੋ ਕਿ ਹੁਣ ਚਰਮ ਸੀਮਾਂ 'ਤੇ ਹੈ।

ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿੱਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਪ੍ਰਵਾਨਗੀ ਨਾਲ ਹੀ ਸਾਸ਼ਨ ਚਲਦਾ ਹੈ। ਪਰ ਪਾਰਟੀਆਂ ਵਲੋਂ ਦਲ ਬਦਲੂਆਂ ਦੀ ਮਦਦ ਨਾਲ ਇਸ ਤੱਥ ਨੂੰ ਜਿਵੇਂ ਹੁਣ ਸਮੇਟ ਹੀ ਦਿੱਤਾ ਗਿਆ ਹੈ। ਹੁਣ ਸਥਿਤੀ ਤਾਂ ਇਹ ਹੈ ਕਿ ਸਿਆਸੀ ਦਲਾਂ 'ਚ ਨੇਤਾਵਾਂ ਦਾ ਸਖ਼ਸ਼ੀ ਉਭਾਰ ਅਤੇ ਪਰਿਵਾਰਵਾਦ ਭਾਰੂ ਹੋ ਗਿਆ ਹੈ।

ਪਾਰਟੀਆਂ ਵਿੱਚ ਉਪਰਲੇ ਦੋ ਚਾਰ ਨੇਤਾ ਹੀ ਪ੍ਰਭਾਵੀ ਰਹਿੰਦੇ ਹਨ। ਸਿਆਸੀ ਦਲ ਲੋਕਤੰਤਰਿਕ ਢੰਗ ਨਾਲ ਨਹੀਂ ਚਲ ਰਹੇ। ਨਾ ਹੀ ਪਾਰਟੀਆਂ 'ਚ ਲੋਕ ਮਸਲਿਆਂ ਬਾਰੇ ਗੰਭੀਰ ਚਰਚਾ ਹੁੰਦੀ ਹੈ।

ਕਹਿਣ ਨੂੰ ਤਾਂ ਦੇਸ਼ ਵਿੱਚ ਸਿਆਸੀ ਲੋਕ, ਲੋਕ ਸੇਵਾ ਦੀ ਗੱਲ ਕਰਦੇ ਹਨ ਪਰ ਇਸ ਸਮੇਂ ਉਹਨਾ ਦੇ ਨਿੱਜੀ ਹਿੱਤ ਭਾਰੂ ਪਏ ਵਿਖਾਈ ਦਿੰਦੇ ਹਨ। ਇਸ ਲਈ ਉਹਨਾ ਦਾ ਇੱਕ ਦਲ ਛੱਡਕੇ ਦੂਜੇ ਦਲ ਵਿੱਚ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਰਹੀ।ਦਲ ਬਦਲ ਦਾ ਮੂਲ ਕਾਰਨ ਕੇਵਲ ਸੱਤਾ ਪ੍ਰਾਪਤੀ, ਆਹੁਦੇ ਦੀ ਭੁੱਖ ਤੱਕ ਸੀਮਤ ਹੋ ਕਿ ਰਹਿ ਗਿਆ ਹੈ। ਸਿਧਾਂਤ ਜਾਂ ਨੀਤੀ ਨਾਲ ਉਹਨਾ ਦਾ ਕੋਈ ਲੈਣਾ-ਦੇਣਾ ਹੀ ਨਹੀਂ ਰਿਹਾ। ਦਲ ਬਦਲ ਨੇ ਜਿਸ ਢੰਗ ਨਾਲ ਸਿਆਸੀ ਕਦਰਾਂ-ਕੀਮਤਾਂ ਅਤੇ ਲੋਕਤੰਤਰ ਨੂੰ ਢਾਅ ਲਾਈ ਹੈ, ਉਸ ਨਾਲ ਲੋਕਾਂ ਦਾ ਸਿਆਸਤਦਾਨਾਂ 'ਚ ਵਿਸ਼ਵਾਸ਼ ਗੁਆਚ ਗਿਆ ਹੈ।

ਹੁਣ ਵਾਲਾ ਦਲ ਬਦਲ ਰੋਕੂ ਕਾਨੂੰਨ ਕੀ ਹੋਰ ਵੀ ਕੋਈ ਦਲ ਬਦਲ ਰੋਕੂ ਕਾਨੂੰਨ, ਉਦੋਂ ਤੱਕ ਸਾਰਥਿਕ ਨਹੀਂ ਹੋਏਗਾ, ਜਦੋਂ ਤੱਕ ਦੇਸ਼ ਦੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਸੋਚ, ਭਾਰਤੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਆਪਣੀ ਵਚਨ ਬੱਧਤਾ ਨਹੀਂ ਦਰਸਾਉਂਦੀ।

## ਲੁੱਟਣ ਦਿੰਦੇ ਨਹੀਂ ਦੇਸ਼ ਪੰਜਾਬ ਸਾਡਾ

ਅਸੀਂ ਅਣਖੀ ਪੰਜਾਬ ਦੇ ਸ਼ੇਰ ਦੂਲੇ
ਅਸੀਂ ਜੰਮੇ ਆਂ ਖੰਡੇ ਦੀ ਧਾਰ ਵਿਚੋਂ।
ਕਲਗੀਧਰ ਦੇ ਅਸੀਂ ਆਂ ਪੁੱਤ ਬਾਂਕੇ
ਸਾਡੀ ਹਸਤੀ ਵਿਲੱਖਣ ਸੰਸਾਰ ਵਿਚੋਂ।
ਵੱਖਰੀ ਹੋਂਦ ਅਲੱਗ ਪਛਾਣ ਸਾਡੀ
ਰਹਿੰਦੀ ਹੀਰ ਨਾ ਗੁੱਝੀ ਹਜ਼ਾਰ ਵਿਚੋਂ।
ਸਾਨੂੰ ਗੁਰੂ ਦਾ ਸਦਾ ਵਰਦਾਨ ਰਹਿੰਦਾ
ਸ਼ਕਤੀ ਮਿਲਦੀ ਐ ਗੁਰੂ ਦਰਬਾਰ ਵਿਚੋਂ।
ਅਸੀਂ ਹਾਮੀ ਆਂ ਸਾਂਝੀਵਾਲਤਾ ਦੇ
ਮਾਨਵ ਏਕਤਾ ਸਦਾ ਖ਼ੁਆਬ ਸਾਡਾ।
ਲੁਟਾ ਦੇਈਏ ਮੁਹਬੱਤਾਂ ਲੱਖ ਵਾਰੀ
ਲੁੱਟਣ ਦਿੰਦੇ ਨਹੀਂ ਦੇਸ਼ ਪੰਜਾਬ ਸਾਡਾ।

ਬਾਦਸ਼ਾਹਤ ਇਕ ਨੰਬਰ ਤੇ ਰਹੀ ਸਾਡੀ
ਨੰਬਰ ਇਕ ਜਰਨੈਲ ਜਾਂਬਾਜ਼ ਵੀ ਹਾਂ।
ਸਾਨੂੰ ਕੁੰਡਲੀਏ ਸੱਪ, ਨਿਹੰਗ ਕਹਿੰਦੇ
ਬੱਬਰ ਸ਼ੇਰ ਵੀ ਹਾਂ ਅਸੀਂ ਬਾਜ਼ ਵੀ ਹਾਂ।
ਇਜ਼ਤ ਨਾਲ ਜੋ ਪਿਆਰ ਦੇ ਬੋਲ ਬੋਲੇ
ਰੱਖਦੇ ਓਹਨਾਂ ਦੇ ਸਿਰਾਂ ਤੇ ਤਾਜ ਵੀ ਹਾਂ।
ਧੌਂਸ ਨਾਲ ਨਹੀਂ ਕਿਸੇ ਦਾ ਹੱਕ ਖੋਂਹਦੇ
ਆਪਣੇ ਹੱਕ ਲਈ ਉੱਚੀ ਆਵਾਜ਼ ਵੀ ਹਾਂ।

ਅਸੀਂ ਇੱਕੀ ਦੀ ਇਕੱਤੀ ਮੋੜਦੇ ਹਾਂ
ਭਾਜੀ ਮੋੜਨ ਦਾ ਵੱਖ ਅੰਦਾਜ਼ ਸਾਡਾ।
ਅਬਦਾਲੀ, ਨਾਦਰ ਜੇ ਚੜ੍ਹ ਕੇ ਆ ਜਾਵੇ
ਲੁੱਟਣ ਦਿੰਦੇ ਨਹੀਂ ਦੇਸ਼ ਪੰਜਾਬ ਸਾਡਾ।

ਸਾਡੇ ਪੁਰਖਿਆਂ ਨੇ ਚੜ੍ਹ ਕੇ ਘੋੜਿਆਂ ਤੇ
ਸੌਣਾ ਕਾਠੀਆਂ ਉਤੇ ਮਨਜ਼ੂਰ ਕੀਤਾ।
ਖੱਬੀ ਖਾਨ ਜਰਵਾਣੇ ਜੋ ਸਮਝਦੇ ਸੀ,
ਨਾਢੂ ਖ਼ਾਨਾਂ ਦੇ ਭਰਮ ਨੂੰ ਦੂਰ ਕੀਤਾ।
ਮਾਣ ਤੋੜਿਆ, ਨਾਸ਼ ਘੁਮੰਡ ਕੀਤਾ,
ਹੰਕਾਰ ਜਾਬਰਾਂ ਦਾ ਚਕਨਾਚੂਰ ਕੀਤਾ।
ਧੌਂਸ ਜਮਾਉਣ ਕੋਈ ਚੜ੍ਹਕੇ ਆ ਗਿਆ ਜੇ
ਆਦਰ ਓਸਦਾ ਬ ਦਸਤੂਰ ਕੀਤਾ।
ਕਈ ਵਾਰ ਪੰਜਾਬ ਨੇ ਲੁੱਟ ਦਿੱਲੀ
ਕਾਇਮ ਰਖਿਆ ਸੀ ਰੋਅਬਦਾਬ ਸਾਡਾ।
ਜਮਰੌਦ ਕਿਲ੍ਹੇ ਤੱਕ ਪਰਚਮ ਲਹਿਰਾ ਆਏ
ਲੁੱਟਣ ਦਿਤਾ ਨਹੀਂ ਦੇਸ਼ ਪੰਜਾਬ ਸਾਡਾ।

ਢਾਹ ਕੇ ਜ਼ਬਰ ਤੂੰ ਸਬਰ ਨਾ ਪਰਖ ਸਾਡਾ
ਨਾਲ ਅੜੀ ਦੇ ਤੜੀ ਨਹੀਂ ਸਹਿਣ ਵਾਲੇ।
ਸਿੱਧੇ ਸਾਦੇ, ਪਰ ਅਣਖ ਦੇ ਪੁਤਲੇ ਹਾਂ
ਮੂੰਹ ਆਈ ਗੱਲ, ਮੂੰਹ ਤੇ ਕਹਿਣ ਵਾਲੇ।
ਅਸੀਂ ਸ਼ਾਂਤ ਹਾਂ ਰਹਿਣ ਦੇ ਸ਼ਾਂਤ ਸਾਨੂੰ
ਉਂਝ ਅਸੀਂ ਹਾਂ ਮੌਤ ਨਾਲ ਖਹਿਣ ਵਾਲੇ।
ਹੱਕ ਲੈਣ ਲਈ ਆਏ ਹਾਂ ਦਿੱਲੀਏ ਨੀ
ਚੁੱਪ ਚੁਪੀਤੇ ਨਹੀਂ ਸੜਕਾਂ ਤੇ ਬਹਿਣ ਵਾਲੇ।
ਅਸੀਂ ਆਈ ਤੇ ਆਗੇ ਤਾਂ ਰੁਕਣਾ ਨਹੀਂ
ਰਾਹ ਰੋਕੂਗਾ ਕਿਹੜਾ ਨਵਾਬ ਸਾਡਾ।
'ਲਾਲ' ਦਸ਼ਮੇਸ਼ ਦੇ ਤੈਨੂੰ ਵੰਗਾਰਦੇ ਹਾਂ
ਲੁੱਟਣ ਦਿੰਦੇ ਨਹੀਂ ਦੇਸ਼ ਪੰਜਾਬ ਸਾਡਾ।



ਲਾਲ ਸਿੰਘ ਸੁਲਹਾਣੀ
91-98721-55120

## ਸੰਗਰੂਰ 'ਚ ਨੁੱਕੜ ਨਾਟਕ ਰਾਹੀਂ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਕੀਤਾ ਜਾਗਰੂਕ

**ਸੰਗਰੂਰ, (ਦਲਜੀਤ ਕੌਰ)** ਸੰਗਰੂਰ ਜ਼ਿਲ੍ਹੇ ਵਿੱਚ ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਲਾਲਚ ਅਤੇ ਡਰ ਤੋਂ ਕਰਨ ਲਈ ਪ੍ਰੇਰਨ ਦੇ ਉਦੇਸ਼ ਨਾਲ ਨੁੱਕੜ ਨਾਟਕ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਵਿਹੜੇ ਵਿੱਚ ਨੂਰ ਆਰਟ ਗਰੁੱਪ ਬਠਿੰਡਾ ਦੀ ਟੀਮ ਵੱਲੋਂ ਨੁੱਕੜ ਨਾਟਕ ਖੇਡਣ ਦੀ ਸ਼ੁਰੂਆਤ ਕੀਤੀ ਗਈ। ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਵੀਪ ਨੋਡਲ ਅਫਸਰ-ਕਮ-ਉਪ ਮੰਡਲ ਮੈਜਿਸਟਰੇਟ ਭਵਾਨੀਗੜ੍ਹ ਵਿਨੀਤ ਕੁਮਾਰ ਨੇ ਦੱਸਿਆ ਕਿ 1 ਜੂਨ ਨੂੰ ਲੋਕ ਸਭਾ ਦੀਆਂ ਆਮ ਚੋਣਾਂ ਲਈ ਹੋਣ ਵਾਲੀ ਵੋਟਿੰਗ ਪ੍ਰਕਿਰਿਆ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਸਵੀਪ ਗਤੀਵਿਧੀਆਂ ਤਹਿਤ ਜ਼ਿਲ੍ਹੇ 'ਚ ਵੱਖ-ਵੱਖ ਥਾਵਾਂ 'ਤੇ ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਚੇਤਨ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਸਵੀਪ ਨੋਡਲ ਅਫਸਰ ਵਿਨੀਤ ਕੁਮਾਰ ਨੇ ਦੱਸਿਆ ਕਿ ਸੰਗਰੂਰ ਦੇ ਨਾਲ-ਨਾਲ ਭਵਾਨੀਗੜ੍ਹ, ਚੀਮਾ, ਧੂਰੀ, ਦਿੜ੍ਹਬਾ, ਖਨੌਰੀ, ਲਹਿਰਾਗਾਗਾ, ਮੂਣਕ, ਸ਼ੇਰਪੁਰ, ਸੂਲਰ ਘਰਾਟ ਅਤੇ ਸੁਨਾਮ ਵਿਖੇ ਵੀ ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਵੱਧ ਤੋਂ ਵੱਧ ਮਤਦਾਨ ਲਈ ਜਾਗਰੂਕ ਕੀਤਾ ਜਾਵੇਗਾ। ਨੋਡਲ ਅਫਸਰ ਵਿਨੀਤ ਕੁਮਾਰ ਨੇ ਕਿਹਾ ਕਿ ਸਾਡੇ ਸੰਵਿਧਾਨ ਨੇ ਦੇਸ਼ ਦੇ ਹਰੇਕ ਨਾਗਰਿਕ ਨੂੰ ਵੋਟ ਦੇ ਰੂਪ ਵਿੱਚ ਇਕ ਅਜਿਹੀ ਸ਼ਕਤੀ ਪ੍ਰਦਾਨ ਕੀਤੀ ਹੈ, ਜਿਸ ਦੀ ਸਹੀ ਵਰਤੋਂ ਕਰ ਕੇ ਅਸੀਂ ਆਪਣੇ ਦੇਸ਼ ਅਤੇ ਸੂਬੇ ਦੇ ਵਿਕਾਸ ਵਿੱਚ ਮੋਹਰੀ ਰੋਲ ਅਦਾ ਕਰ ਸਕਦੇ ਹਾਂ। ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਯੋਗ ਵੋਟਰ ਦਾ ਬਿਨਾਂ ਕਿਸੇ ਲਾਲਚ ਅਤੇ ਡਰ ਤੋਂ ਵੋਟ ਪਾਉਣਾ ਜ਼ਰੂਰੀ ਹੈ। ਜਿਥੇ ਇਹ ਸਾਡਾ ਸੰਵਿਧਾਨਿਕ ਹੱਕ ਹੈ ਉਥੇ ਹੀ ਸਮਾਜ ਪ੍ਰਤੀ ਫਰਜ਼ ਵੀ ਬਣਦਾ ਹੈ। ਵਿਨੀਤ ਕੁਮਾਰ ਨੇ ਦੱਸਿਆ ਕਿ ਵੱਧ ਤੋਂ ਵੱਧ ਲੋਕਾਂ ਨੂੰ ਮਤਦਾਨ ਲਈ ਜਾਗਰੂਕ ਕਰਨ ਸਬੰਧੀ ਸਵੀਪ ਗਤੀਵਿਧੀਆਂ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੀਆਂ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਚੋਣ ਪ੍ਰਕਿਰਿਆ ਦਾ ਹਿਸਾ ਬਣਨ ਲਈ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ।

### ਭਗਵਾਨ ਦਾਸ ਜੀ ਦੇ 98ਵੇਂ ਜਨਮ ਦਿਹਾੜੇ 'ਤੇ ਵਿਸ਼ੇਸ਼

# ਭਾਰਤ ਵਿੱਚ ਦਲਿਤ ਵਰਗ ਦਾ ਭਵਿੱਖ- ਭਗਵਾਨ ਦਾਸ



**SR Darapuri**
Centre for Study of Social Exclusion and Inclusive Policy,
Baba Sahib Bhim Rao Ambedkar University, Lucknow (U.P.)
Reader and Deputy Director

***(ਨੋਟ: ਭਾਵੇਂ ਭਗਵਾਨ ਦਾਸ ਜੀ ਨੇ ਇਹ ਲੇਖ 2001 ਵਿੱਚ ਲਿਖਿਆ ਸੀ ਪਰ ਇਸ ਵਿੱਚ ਦਲਿਤ ਵਰਗ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕੀਤੀ ਗਈ ਅਤੇ ਹਨੇਰੇ ਭਵਿੱਖ ਦੀ ਭਵਿੱਖਬਾਣੀ ਕੀਤੀ ਸੀ, ਜੋ ਅੱਜ ਪੂਰੀ ਤਰ੍ਹਾਂ ਸਹੀ ਸਾਬਤ ਹੋ ਰਹੀ ਹੈ ਹੈ। ਇਸ ਲਈ ਦਲਿਤ ਵਰਗ ਨੂੰ ਇਸ ਲੇਖ ਤੋਂ ਸਬਕ ਸਿੱਖ ਕੇ ਆਪਣਾ ਭਵਿੱਖ ਸੁਰੱਖਿਅਤ ਕਰਨਾ ਚਾਹੀਦਾ ਹੈ। ਅਜਿਹਾ ਕਰਨ ਲਈ, ਅਸੀਂ ਬੁੱਧ ਧਰਮ ਅਪਣਾ ਕੇ ਆਪਣੀ ਅੰਦਰੂਨੀ ਜਾਤੀਵਾਦ ਨੂੰ ਖਤਮ ਕਰਾਂਗੇ ਅਤੇ ਸਾਨੂੰ ਇੱਕ ਮਜ਼ਬੂਤ ਜਥੇਬੰਦੀ ਬਣਾ ਕੇ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ। ਦਲਿਤਾਂ ਨੂੰ ਯਾਦ ਰੱਖੋ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਾਬਾ ਸਾਹਿਬ ਨੇ ਜਾਤੀ ਰਹਿਤ ਅਤੇ ਵਰਗ ਰਹਿਤ ਸਮਾਜ ਦੀ ਸਥਾਪਨਾ ਕੀਤੀ ਸੀ। ਜ਼ਿੰਮੇਵਾਰੀ ਉਹਨਾਂ ਦੀ ਹੀ ਹੁੰਦੀ ਹੈ। – ਐਸ ਆਰ ਦਾਰਾਪੁਰੀ)***

ਕੋਈ ਵੀ ਕਿਸੇ ਵਿਅਕਤੀ, ਸਮਾਜ ਜਾਂ ਸਮੂਹ ਬਾਰੇ ਭਵਿੱਖਬਾਣੀ ਕਰਨਾ ਸੰਭਵ ਨਹੀਂ ਹੈ। ਸਿਰਫ਼ ਜੋਤਸ਼ੀ ਹੀ ਭਵਿੱਖ ਬਾਰੇ ਜਾਣਨ ਜਾਂ ਦੱਸਣ ਦਾ ਦਾਅਵਾ ਕਰਦੇ ਹਨ, ਜੋ ਜ਼ਿਆਦਾਤਰ ਇਹ ਮੁੱਕੇਬਾਜ਼ੀ 'ਤੇ ਆਧਾਰਿਤ ਹੈ ਅਤੇ ਗਲਤ ਸਾਬਤ ਹੋਇਆ ਹੈ। ਪਰ ਫਿਰ ਵੀ ਸਾਡੇ ਦੇਸ਼ ਦੇ ਜ਼ਿਆਦਾਤਰ ਲੋਕ ਖਾਸ ਤੌਰ 'ਤੇ ਹਿੰਦੂ ਜੋਤਿਸ਼ ਵਿਚ ਵਿਸ਼ਵਾਸ ਕਰਦੇ ਹਨ। ਜੋਤਸ਼ੀ ਤੋਂ ਸ਼ੁਭ ਸਮਾਂ ਪੁੱਛ ਕੇ ਵਿਆਹ ਕਰਾਏ ਜਾਂਦੇ ਹਨ। ਇਮਾਰਤਾਂ ਦੇ ਜੋਤਸ਼ੀਆਂ ਦੀ ਸਲਾਹ ਨਾਲ ਨੀਂਹ ਰੱਖੀ ਜਾਂਦੀ ਹੈ। ਚੋਣ ਪੇਪਰ ਜੋਤਸ਼ੀ ਪੁੱਛਣ ਤੋਂ ਬਾਅਦ ਅੰਦਰ ਦਾਖਲ ਹੋ ਜਾਂਦੇ ਹਨ। ਪਰ ਫਿਰ ਵੀ ਔਰਤਾਂ ਵਿਧਵਾ ਹੋ ਜਾਂਦੀਆਂ ਹਨ ਅਤੇ ਵਿਆਹ ਫੇਲ੍ਹ ਹੋ ਜਾਂਦੇ ਹਨ। ਇਮਾਰਤਾਂ ਢਹਿ ਜਾਂਦੀਆਂ ਹਨ ਅਤੇ ਲੋਕ ਚੋਣਾਂ ਵੀ ਹਾਰ ਜਾਂਦੇ ਹਨ। ਉਹ ਉਥੇ ਹਨ ਅਤੇ ਜਿੱਤ ਵੀ ਲੈਂਦੇ ਹਨ।

ਪਰ ਅਜੋਕੇ ਸਮੇਂ ਦੇ ਨੇਤਾਵਾਂ ਅਤੇ ਇਤਿਹਾਸ ਦੇ ਤਜਰਬਿਆਂ ਨੂੰ ਦੇਖਦੇ ਹੋਏ। ਇਸ ਨੂੰ ਧਿਆਨ ਵਿਚ ਰੱਖ ਕੇ ਕੁਝ ਅੰਦਾਜ਼ੇ ਲਗਾਏ ਜਾ ਸਕਦੇ ਹਨ। ਇੱਥੋਂ ਤੱਕ ਕਿ ਉਹ ਕਈ ਵਾਰ ਗਲਤ ਵੀ ਸਾਬਤ ਹੋ ਜਾਂਦੇ ਹਨ ਹਨ। ਉਦਾਹਰਨ ਲਈ, 19ਵੀਂ ਸਦੀ ਦੇ ਅਖੀਰ ਵਿੱਚ ਜਰਮਨੀ ਵਿੱਚ ਪੈਦਾ ਹੋਏ ਮਸ਼ਹੂਰ ਲੋਕ ਵਿਦਵਾਨ ਅਤੇ ਚਿੰਤਕ ਕਾਰਲ ਮਾਰਕਸ ਅਨੁਸਾਰ ਕਮਿਊਨਿਸਟ ਇਨਕਲਾਬ ਤੋਂ ਪਹਿਲਾਂ ਦਾ ਦੌਰ ਪ੍ਰੋਲੇਤਾਰੀ ਤਾਨਾਸ਼ਾਹੀ ਸਥਾਪਤ ਕੀਤੀ ਜਾਵੇਗੀ। ਫਿਰ ਇਹ ਸਮਾਜਵਾਦ ਦੀ ਸਥਾਪਨਾ ਕਰੇਗਾ ਅਤੇ ਅੰਤ ਵਿੱਚ ਕਮਿਊਨਿਜ਼ਮ ਆਵੇਗਾ ਜਿਸ ਵਿੱਚ ਕੋਈ ਸ਼ੋਸ਼ਿਤ ਜਾਂ ਸ਼ੋਸ਼ਿਤ ਨਹੀਂ ਹੋਵੇਗਾ। ਪਰ ਅਜਿਹਾ ਕੁਝ ਨਹੀਂ ਹੋਇਆ। ਇਸ ਦੇ ਉਲਟ, ਰੂਸ ਵਿਚ ਕੀਤੀ ਗਈ ਪਹਿਲੀ ਕੋਸ਼ਿਸ਼ ਅਸਫਲ ਰਹੀ।

ਫਿਰ ਤੱਥਾਂ ਨੂੰ ਸਹੀ ਢੰਗ ਨਾਲ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਕਰਨ ਨਾਲ, ਕੁਝ ਅਨੁਮਾਨ ਲਗਾਏ ਜਾ ਸਕਦੇ ਹਨ। ਕਾਫੀ ਹੱਦ ਤੱਕ ਸਹੀ ਸਾਬਤ ਹੁੰਦਾ ਹੈ। ਉਦਾਹਰਨ ਲਈ, 1940 ਵਿੱਚ ਪਾਕਿਸਤਾਨ ਡਾ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੁਆਰਾ ਲਿਖੀ ਗਈ ਪਾਕਿਸਤਾਨ ਦੀ ਸਥਾਪਨਾ ਬਾਰੇ ਇੱਕ ਕਿਤਾਬ ਹੈ, ਜੋ ਕਾਫੀ ਹੱਦ ਤੱਕ ਸਹੀ ਸਾਬਤ ਹੁੰਦੀ ਹੈ।

ਦਲਿਤ ਅਤੇ ਘੱਟ ਗਿਣਤੀ ਸਮੂਹ ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀ ਸਮੂਹਾਂ - ਮੁਸਲਮਾਨ, ਈਸਾਈ, ਸਿੱਖ, ਫਾਰਸੀ , ਯਹੂਦੀ ਆਦਿ ਵਿੱਚ ਅੰਤਰ ਹੈ। ਘੱਟ ਗਿਣਤੀ ਲੋਕਾਂ ਨੂੰ ਜੋੜਨਾ ਧਰਮ ਜਾਂ ਨਸਲ ਦੀ ਪਛਾਣ ਹੈ ਪਰ ਅਨੁਸੂਚਿਤ ਜਾਤੀ ਨੂੰ ਜੋੜਨ ਵਾਲੀ ਇੱਕੋ ਇੱਕ ਕੜੀ ਹੈ ਇਹ ਸੰਵਿਧਾਨ ਵਿੱਚ ਦਿੱਤੀ ਗਈ ਸੂਚੀ ਹੈ, ਵੱਖਰੀ ਪਛਾਣ ਨਹੀਂ।

1935 ਤੋਂ ਪਹਿਲਾਂ ਅਛੂਤ ਅਤੇ ਪਛੜੀਆਂ ਜਾਤਾਂ ਦੀ ਲੰਮੀ ਸੂਚੀ ਸੀ ਪਰ ਉਸ ਸਮੇਂ ਸ ਜਾਤਾਂ ਵਿੱਚੋਂ ਉੱਚ ਜਾਤੀ ਨੂੰ ਸ਼ੂਦਰ ਅਤੇ ਅਛੂਤ ਮੰਨਿਆ ਜਾਂਦਾ ਹੈ ਹਿੰਦੂ ਕਹਾਉਣ ਦਾ ਜਨੂੰਨ ਸਵਾਰੀ ਕਰ ਰਿਹਾ ਸੀ। ਹਰ ਜਾਤੀ ਨੇ ਬ੍ਰਾਹਮਣ/ਠਾਕੁਰ ਹੋਣ ਦਾ ਦਾਅਵਾ ਕੀਤਾ। ਕਾਂਗਰਸ ਅਤੇ ਹੋਰ ਹਿੰਦੂ ਸਿਆਸੀ ਅਤੇ ਸਮਾਜਿਕ ਪਾਰਟੀਆਂ ਅਤੇ ਇਹ ਪਛੜੀਆਂ ਜਾਤੀਆਂ ਦਾ ਕਮਜ਼ੋਰੀ ਦਾ ਫਾਇਦਾ ਉਠਾਉਣ ਲਈ ਜ਼ੋਰਦਾਰ ਪ੍ਰਚਾਰ ਕੀਤਾ ਗਿਆ।

ਉਹਨਾਂ ਦਾ ਦਿਲਚਸਪੀ ਇਹ ਸੀ ਕਿ ਦਲਿਤਾਂ ਦੀ ਗਿਣਤੀ ਜ਼ਿਆਦਾ ਨਾ ਦਿਖਾਈ ਦੇਵੇ ਅਤੇ ਹਿੰਦੂਆਂ ਦੀ ਆਬਾਦੀ ਘੱਟ ਨਾ ਹੋਵੇ। ਅੰਗਰੇਜ਼ ਸਰਕਾਰ ਛੂਤ-ਛਾਤ ਤੋਂ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਹੀ ਸਮਝਦੀ ਸੀ ਮਾਪਦੰਡਾਂ ਵਿੱਚ ਸ਼ਾਮਲ ਕੀਤਾ ਗਿਆ ਅਤੇ ਇੱਕ ਨਵੀਂ ਸੂਚੀ ਬਣਾਈ ਗਈ ਜਿਸ ਨੂੰ ਅਨੁਸੂਚਿਤ ਜਾਤੀ ਆਰਡਰ ਕਿਹਾ ਜਾਂਦਾ ਹੈ। ਜਾਤੀ ਹੁਕਮ) ਕਿਹਾ ਗਿਆ ਸੀ। ਇਸ ਵਿੱਚ 429 ਜਾਤੀਆਂ ਸ਼ਾਮਲ ਸਨ । ਇਸ ਵਿੱਚ ਵੀ ਪੱਛਮੀ ਉੱਤਰ ਪ੍ਰਦੇਸ਼ ਦੀ ਜਾਟਵ ਜਾਤੀ ਨੇ ਕਈ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਅਤੇ ਤਹਿ ਕੀਤਾ ਜਾਤਾਂ ਵਿੱਚ ਸ਼ਾਮਲ ਕਰਨ ਦਾ ਵਿਰੋਧ ਕੀਤਾ ਕਿਉਂਕਿ ਆਰੀਆ ਸਮਾਜ ਪ੍ਰਚਾਰ ਦਾ ਸ਼ਿਕਾਰ ਹੋਏ ਕੁਝ ਨੇਤਾਵਾਂ ਨੇ ਦਾਅਵਾ ਕੀਤਾ ਕਿ ਉਹ ਕ੍ਰਿਸ਼ਨ ਦੇ ਵੰਸ਼ਜ ਹਨ ਅਤੇ ਰਾਜਪੂਤ ਹਨ। ਉਨ੍ਹਾਂ ਨੂੰ ਚਮਾਰਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ। ਕੁਝ ਜ਼ਿਲ੍ਹੇ ਜਾਟਵਾਂ ਦਾ ਨਾਂ ਅਨੁਸੂਚਿਤ ਜਾਤੀ ਵਿੱਚੋਂ ਹਟਾ ਦਿੱਤਾ ਗਿਆ ਸੀ। ਧਨੁੱਖਾਂ ਨੇ ਵੀ ਕੁਝ ਅਜਿਹਾ ਹੀ ਕੀਤਾ ਕਿਸਮ ਦਾ ਵਿਰੋਧ ਕੀਤਾ। ਉਸ ਦਾ ਨਾਂ ਕੁਝ ਰਾਜਾਂ ਵਿੱਚ ਸੂਚੀ ਵਿੱਚੋਂ ਵੀ ਹਟਾ ਦਿੱਤਾ ਗਿਆ ਸੀ। ਧੋਬੀ ਜਾਤੀ ਦੇ ਲੋਕਾਂ ਨਾਲ ਵੀ ਅਜਿਹਾ ਹੀ ਹੋਇਆ। ਹਿਮਾਚਲ ਵਿੱਚ ਕੋਲੀ "ਛੋਟੇ ਰਾਜਪੂਤ" ਉਹ ਇੱਕ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿਉਂਕਿ ਆਰੀਆ ਸਮਾਜ ਦਾ ਉਸ ਉੱਤੇ ਬਹੁਤ ਪ੍ਰਭਾਵ ਸੀ।

1949 ਵਿੱਚ ਨਵਾਂ ਸੰਵਿਧਾਨ ਬਣਾਇਆ ਗਿਆ ਜੋ 26-11-1949 ਤੋਂ ਲਾਗੂ ਹੋਇਆ । ਨਵੇਂ ਸੰਵਿਧਾਨ ਵਿੱਚ ਵੀ ਇੱਕ ਵੱਖਰੀ ਸੂਚੀ ਜੋੜੀ ਗਈ ਜੋ ਪੁਰਾਣੇ ਸੰਵਿਧਾਨ ਨਾਲੋਂ ਬਹੁਤ ਲੰਬੀ ਸੀ। ਇਸ ਵਿੱਚ 900 ਤੋਂ ਵੱਧ ਜਾਤੀਆਂ ਸ਼ਾਮਲ ਹਨ। ਨਵੇਂ ਸੰਵਿਧਾਨ ਵਿੱਚ ਧਾਰਾ 341 ਦੇ ਤਹਿਤ ਰਾਸ਼ਟਰਪਤੀ ਨੂੰ ਅਨੁਸੂਚਿਤ ਜਾਤੀਆਂ ਨੂੰ ਨਿਰਧਾਰਿਤ ਕਰਨ ਦੀ ਸ਼ਕਤੀ ਦਿੱਤੀ ਗਈ ਹੈ ਅਤੇ ਸੰਸਦ ਨੂੰ ਨਾਂ ਜੋੜਨ ਜਾਂ ਮਿਟਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਇਹ ਫੈਸਲਾ ਕਰੋ ਸੰਸਦ ਫੈਸਲਾ ਕਰਦੀ ਹੈ ਕਿ ਕਿਸ ਨੂੰ ਅਨੁਸੂਚਿਤ ਮੰਨਿਆ ਜਾਂਦਾ ਹੈ ਅਤੇ ਕਿਸ ਨੂੰ ਨਹੀਂ। 1930-35 ਵਿੱਚ ਕਈ ਅੱਜ ਬਹੁਤ ਸਾਰੀਆਂ ਜਾਤਾਂ ਨੂੰ ਦੱਬੇ-ਕੁਚਲੇ ਵਰਗਾਂ ਦੀ ਸੂਚੀ ਵਿੱਚੋਂ ਹਟਾਉਣਾ ਚਾਹੁੰਦਾ ਸੀ। ਸ਼ਾਮਲ ਕਰਨ ਦੀ ਮੰਗ ਕੀਤੀ ਹੈ।

ਇਹ ਅਨੁਸੂਚਿਤ ਜਾਤੀਆਂ ਦੀ ਪਛਾਣ ਸਿਰਫ਼ ਸੰਸਦ ਜਾਂ ਸੁਪਰੀਮ ਕੋਰਟ 'ਤੇ ਨਿਰਭਰ ਕਰਦੀ ਹੈ। ਕਰਦਾ ਹੈ। ਉਨ੍ਹਾਂ ਨੂੰ ਜੋੜਨ ਵਾਲਾ ਹੋਰ ਕੁਝ ਨਹੀਂ ਹੈ। ਜਦੋਂ ਸੂਚੀ ਵਿੱਚੋਂ ਨਾਮ ਹਟਾਏ ਜਾਂਦੇ ਹਨ ਤਾਂ ਉਹ ਕਾਨੂੰਨ ਦੀਆਂ ਨਜ਼ਰਾਂ ਵਿੱਚ ਅਛੂਤ ਨਹੀਂ ਰਹੇਗਾ। ਡਾ. ਬਾਬਾ ਸਾਹਿਬ ਅੰਬੇਡਕਰ ਨੇ ਪੂਰੇ ਭਾਰਤ ਵਿੱਚ ਦਲਿਤਾਂ ਨੂੰ ਇੱਕਜੁੱਟ ਕਰਨ ਲਈ ਕਈ ਉਪਾਅ ਕੀਤੇ। ਕੋਸ਼ਿਸ਼ ਕੀਤੀ। ਮਹਾਰਾਸ਼ਟਰ ਦੇ ਚੌਦਰ ਤਲਾਬ ਤੋਂ ਪਾਣੀ ਲੈਣ ਦੀ ਲੋਕਾਂ ਦੀ ਪਹਿਲੀ ਕੋਸ਼ਿਸ਼ ਇੱਕ ਅੰਦੋਲਨ ਦੇ ਰੂਪ ਵਿੱਚ, ਇਹ 1927 ਵਿੱਚ ਸ਼ੁਰੂ ਕੀਤਾ ਗਿਆ ਸੀ। ਮਹਾਰਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਸੰਘਰਸ਼ ਵਿੱਚ ਸ਼ਾਮਲ ਸਨ। ਅਛੂਤ ਜਾਤਾਂ ਨੇ ਇਸ ਵਿੱਚ ਸਹਿਯੋਗ ਦਿੱਤਾ ਪਰ ਇਸ ਅੰਦੋਲਨ ਤੋਂ ਬਾਅਦ ਮਨੁੱਖ ਅਤੇ ਨਾਗਰਿਕ ਹੱਕਾਂ ਲਈ ਕੋਈ ਹੋਰ ਅੰਦੋਲਨ ਨਹੀਂ ਚਲਾਇਆ। ਤੁਹਾਡੇ ਟੀਚੇ ਦਾ ਪ੍ਰਾਪਤੀ ਲਈ ਸਿੱਖਿਆ ਦਾ ਪ੍ਰਚਾਰ ਅਤੇ ਸਿਆਸੀ ਹੱਕਾਂ ਲਈ ਬਾਬਾ ਸਾਹਿਬ ਸੰਘਰਸ਼ ਜਾਰੀ ਰੱਖਿਆ ਅਤੇ ਸਫਲਤਾ ਹਾਸਲ ਕੀਤੀ।

ਦੂਜਾ ਸਿਆਸੀ ਪਾਰਟੀ ਬਣਾਉਣ ਦੇ ਯਤਨ ਕੀਤੇ ਗਏ। ਪਹਿਲੀ ਸਿਆਸੀ ਪਾਰਟੀ ਸੁਤੰਤਰ ਲੇਬਰ ਪਾਰਟੀ ਸੀ, ਜਿਸਦੀ ਸਥਾ-ਪਨਾ 1936 ਵਿੱਚ ਕੀਤੀ ਗਈ ਸੀ, ਪਰ ਇਹ ਨਾ ਸਿਰਫ਼ ਅਛੂਤਾਂ ਦੀ ਪਾਰਟੀ ਸੀ। ਇਸ ਦਾ ਮਕਸਦ ਕਿਰਤ ਹੈ ਜਮਾਤ ਨੂੰ ਹੋਰ ਉੱਚਾ ਚੁੱਕਣਾ ਪਿਆ। ਇਸ ਵਿੱਚ ਮਹਾਰ, ਚਮਾਰ , ਮੰਗ , ਮੇਹਤਰ ਆਦਿ ਜਾਤੀਆਂ ਸ਼ਾਮਲ ਹਨ। ਇਸ ਤੋਂ ਇਲਾਵਾ ਉੱਚ ਜਾਤੀ ਦੇ ਹਿੰਦੂ ਵੀ ਮੈਂਬਰ ਵਿਧਾਇਕ ਬਣੇ ਪਰ ਇਸ ਦਾ ਅਧਿਕਾਰ ਖੇਤਰ ਬੰਬਈ ਸੀ। ਇਹ ਸੂਬਾ ਹੀ ਸੀ।



(23 ਅਪ੍ਰੈਲ, 1927 – 18 ਨਵੰਬਰ, 2010)

ਦੂਜਾ ਅਛੂਤਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਕਰਨ ਦੀ ਕੋਸ਼ਿਸ਼ 1942 ਵਿੱਚ ਕੀਤੀ ਗਈ ਸੀ ਇੱਕ ਸੁਤੰਤਰ ਪਾਰਟੀ ਦੀ ਸਥਾਪਨਾ ਕੀਤੀ ਗਈ। ਇਸ ਪਾਰਟੀ ਦਾ ਨਾਂ ਅਨੁਸੂਚਿਤ ਜਾਤੀ ਫੈਡਰੇਸ਼ਨ ਸੀ । ਇਸ ਪਾਰਟੀ ਵਿੱਚ ਬਹੁਤ ਸਾਰੇ ਅਛੂਤ ਹਨ ਵੱਖ-ਵੱਖ ਜਾਤਾਂ ਦੇ ਲੋਕ ਸ਼ਾਮਲ ਹੋਏ ਅਤੇ ਰਸਮੀ ਤੌਰ 'ਤੇ ਇੱਕ ਸੰਗਠਨ ਦਾ ਗਠਨ ਕੀਤਾ ਗਿਆ। ਪਰ ਇਸ ਸੰਸਥਾ ਇਹ ਸਿਆਸੀ ਲਾਭ ਲਈ ਸੀ, ਇਸਦੀ ਨੀਂਹ ਕਮਜ਼ੋਰ ਸੀ। ਅਛੂਤਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਜਾਤ-ਪਾਤ ਸੀ। ਚਮਾਰ, ਖਟੀਕ, ਭੰਗੀ, ਮੇਹਤਰ, ਧੋਬੀ, ਮਾਲਾ, ਮੜੀਗਾ ਆਦਿ। ਜਾਤਾਂ ਵੱਖ-ਵੱਖ ਕਿੱਤਿਆਂ ਦੇ ਆਧਾਰ 'ਤੇ ਹੀ ਬਣਦੀਆਂ ਹਨ ਪਰ ਹਿੰਦੂ ਧਰਮ ਵਿਚ ਸਿੱਖਿਆ ਅਤੇ ਮਾੜੇ ਪ੍ਰਭਾਵਾਂ ਕਾਰਨ ਉਹ ਇੱਕ ਦੂਜੇ ਨੂੰ ਨੀਵਾਂ ਸਮਝਦੇ ਹਨ ਅਤੇ ਉਹ ਛੂਤ-ਛਾਤ ਦਾ ਅਭਿਆਸ ਵੀ ਕਰਦੇ ਹਨ। ਅਜਿਹੇ ਹਾਲਾਤ ਵਿੱਚ ਜਥੇਬੰਦੀ ਬਣਾਉਣਾ ਸੰਭਵ ਨਹੀਂ ਹੈ। ਇਸ ਕਰਕੇ ਜਦੋਂ ਅੱਤਿਆਚਾਰ ਹੁੰਦੇ ਹਨ, ਤਾਂ ਉਹ ਇਕਜੁੱਟ ਹੋ ਕੇ ਲੜਨ ਵਿਚ ਅਸਮਰੱਥ ਹੁੰਦੇ ਹਨ।

ਨਸਲ ਭਾਵਨਾਵਾਂ ਇੰਨੀਆਂ ਪ੍ਰਬਲ ਹਨ ਕਿ ਜੇਕਰ ਇੱਕ ਜਾਤ ਦੇ ਲੋਕ ਇੱਕ ਧਰਮ ਨੂੰ ਅਪਣਾ ਲੈਣ। ਦੂਜੇ ਧਰਮਾਂ ਦੇ ਲੋਕ ਉਸ ਧਰਮ ਤੋਂ ਦੂਰ ਰਹਿਣਗੇ। ਜੇਕਰ ਇੱਕ ਜਾਤੀ ਦੇ ਲੋਕ ਇੱਕ ਪਾਰਟੀ ਬਣਾਉਂਦੇ ਹਨ ਜੇਕਰ ਉਹ ਭਾਰਤ ਜਾਂਦਾ ਹੈ ਤਾਂ ਹੋਰ ਜਾਤਾਂ ਦੇ ਲੋਕ ਉਸ ਤੋਂ ਦੂਰ ਰਹਿਣਗੇ। ਪਾਰਟੀ ਦੇ ਅੰਦਰ ਵੀ ਅਹੁਦਿਆਂ ਅਤੇ ਟਿਕਟਾਂ ਦੀ ਵੰਡ ਵੇਲੇ ਜਾਤੀ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ। ਇਸ ਕਾਰਨ ਹਰ ਪਾਰਟੀ ਮਹਾਰਾਸ਼ਟਰ ਵਾਂਗ ਇਕ ਜਾਤੀ ਦੀ ਪਾਰਟੀ ਬਣੀ ਹੋਈ ਹੈ। ਉੱਤਰੀ ਭਾਰਤ ਵਿੱਚ ਰਿਪ-ਬਲਿਕਨ ਪਾਰਟੀ ਜਾਂ ਬਹੁਜਨ ਸਮਾਜ ਪਾਰਟੀ। ਜਾਤੀ ਦੇ ਕਾਰਨ ਕਈ ਪਾਰਟੀਆਂ ਹੋਂਦ ਵਿੱਚ ਆ ਜਾਂਦੀਆਂ ਹਨ ਪਰ ਕੋਈ ਚੰਗੀ ਜਥੇਬੰਦੀ ਨਹੀਂ ਬਣ ਸਕੀ।

ਬਾਬਾ ਸਾਹਿਬ ਧਰਮ ਪਰਿਵਰਤਨ ਰਾਹੀਂ ਤੀਜਾ ਯਤਨ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਅੰਦੋਲਨ ਨੇ ਸਰਕਾਰ ਚਲਾਉਣ ਦੇ 53 ਦਿਨਾਂ ਬਾਅਦ ਉਸਦੀ ਮੌਤ ਹੋ ਗਈ। ਅਤੇ ਧਾਰਮਿਕ ਅੰਦੋਲਨ ਜੋ ਜਾਤ ਉਹ ਸਿਸਟਮ ਨੂੰ ਤੋੜ ਸਕਦਾ ਸੀ ਅਤੇ ਨਵੀਂ ਪਛਾਣ ਦੇ ਨਾਲ ਇਕ ਯੂਨਿਟ ਬਣਾ ਸਕਦਾ ਸੀ, ਪਰ ਉਹ ਅਜਿਹਾ ਨਹੀਂ ਕਰ ਸਕਦਾ ਸੀ। ਧਰਮ ਪਰਿਵਰਤਨ ਉਨ੍ਹਾਂ ਹੀ ਕਮਜ਼ੋਰੀਆਂ ਦਾ ਸ਼ਿਕਾਰ ਹੋਇਆ ਜਿਨ੍ਹਾਂ ਦਾ ਸਿਆਸੀ ਲਹਿਰ ਸੀ।

ਇਹ ਅੰਦੋਲਨ ਦੀ ਜ਼ਿਆਦਾਤਰ ਲੀਡਰਸ਼ਿਪ ਸਿਆਸੀ ਆਗੂ ਸਨ , ਉਹ ਧਰਮ ਪਰਿਵਰਤਨ ਲਹਿਰ ਦਾ ਹਿੱਸਾ ਸਨ। ਸਹੀ ਦਿਸ਼ਾ ਨਹੀਂ ਦੇ ਸਕੇ। ਉਸ ਨੇ ਰਾਜਨੀਤੀ ਅਤੇ ਧਰਮ ਨਾਲ ਇੱਕੋ ਜਿਹਾ ਵਿਹਾਰ ਕੀਤਾ। ਚਲਾਉਣ ਦੀ ਕੋਸ਼ਿਸ਼ ਕੀਤੀ। ਇਸ ਨਾਲ ਧਾਰਮਿਕ ਲਹਿਰ ਨੂੰ ਹੋਰ ਨੁਕਸਾਨ ਹੋਇਆ।

ਬਾਬਾ ਸਾਹਿਬ ਉਨ੍ਹਾਂ ਨੇ ਤਰੱਕੀ ਅਤੇ ਤਰੱਕੀ ਲਈ ਕਈ ਤਰੀਕੇ ਸੁਝਾਏ ਸਨ ਅਤੇ ਸੰਵਿਧਾਨ ਵਿੱਚ ਕਈ ਉਪਬੰਧ ਸਨ। ਨੇ ਕੀਤਾ ਸੀ। ਇਨ੍ਹਾਂ ਦਾ ਲਾਭ ਅਛੂਤ ਜਾਤੀਆਂ ਤੱਕ ਪਹੁੰਚਣ ਦੇ ਬਾਵਜੂਦ ਵੀ ਸਾਰੇ ਅਛੂਤਾਂ ਦੇ ਜਾਗ੍ਰਿਤੀ ਅਤੇ ਉੱਨਤੀ ਲਈ ਕੰਮ ਕੀਤਾ। ਉਸ ਦੇ ਬਹੁਤ ਘੱਟ ਚੇਲੇ ਸਨ। ਬਹੁਤੇ ਲੋਕਾਂ ਨੇ ਉਨ੍ਹਾਂ ਪ੍ਰਬੰਧਾਂ ਅਤੇ ਸਹੂਲਤਾਂ ਦਾ ਲਾਭ ਲਿਆ ਪਰ ਉਨ੍ਹਾਂ ਦੇ ਸਿੱਖਿਆ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੂੰ ਹਿੰਦੂ ਧਰਮ ਅਤੇ ਜਾਤ-ਪਾਤ ਦੇ ਗ਼ੁਲਾਮ ਬਣਾਇਆ ਗਿਆ ਸੀ। ਤੋਂ ਮੁਕਤ ਨਹੀਂ ਹੋਣਾ ਚਾਹੁੰਦਾ ਸੀ। ਸਦੀਆਂ ਤੋਂ ਗੁਲਾਮੀ ਦਾ ਸ਼ਿਕਾਰ ਹੋਣ ਕਾਰਨ ਸ ਗੁਲਾਮੀ ਨੂੰ ਪਿਆਰ ਕਰਨ ਲੱਗ ਪਿਆ।

ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਮੰਤਰੀਆਂ, ਸੰਸਦ ਮੈਂਬਰਾਂ ਅਤੇ ਪੱਛੜੀਆਂ ਜਾਤਾਂ ਦੇ ਵਿਧਾਇਕਾਂ ਦੇ ਭਾਸ਼ਣ ਇਸ ਦਾ ਵਧੀਆ ਸਬੂਤ ਹਨ।

ਅੱਜ ਇੱਕ ਪਾਸੇ ਪੂਰੇ ਭਾਰਤ ਵਿੱਚ ਦਲਿਤਾਂ 'ਤੇ ਅੱਤਿਆਚਾਰ ਵੱਧ ਰਹੇ ਹਨ, ਦੂਜੇ ਪਾਸੇ ਰਾਖਵਾਂਕਰਨ ਦਾ ਮੁੱਦਾ ਵਧਦਾ ਜਾ ਰਿਹਾ ਹੈ। ਵਿਰੋਧ ਵਧਦਾ ਜਾ ਰਿਹਾ ਹੈ। ਨਿੱਜੀਕਰਨ ਰਾਹੀਂ ਤਰੱਕੀ ਦੇ ਦਰਵਾਜ਼ੇ ਬੰਦ ਹੋ ਰਹੇ ਹਨ ਦੂਜੇ ਪਾਸੇ ਦਲਿਤ ਕਿਸੇ ਇੱਕ ਖੇਤਰ ਵਿੱਚ ਵੀ ਸੰਗਠਿਤ ਨਹੀਂ ਹਨ। ਨੌਜਵਾਨ ਜਿਹੜੇ ਉਹ ਰਾਜਨੀਤੀ ਨੂੰ ਆਪਣੇ ਕੰਮ ਦੇ ਖੇਤਰ ਵਜੋਂ ਅਪਣਾਉਣਾ ਚਾਹੁੰਦੇ ਹਨ ਅਤੇ ਅਸਲ ਵਿੱਚ ਰਾਜਨੀਤੀ ਵਿੱਚ ਹਨ। ਨਹੀਂ, ਸਗੋਂ ਉਹ ਸੰਸਦ ਅਤੇ ਵਿਧਾਨ ਸਭਾ ਵਿਚ ਦਾਖਲ ਹੋਣ ਨੂੰ ਰਾਜਨੀਤੀ ਸਮਝਦੇ ਹਨ। ਸੰਘਰਸ਼ , ਕੁਰਬਾਨੀ , ਲੋਕ ਲਹਿਰ ਦਾ ਔਖਾ ਰਸਤਾ ਅਪਣਾਉਣਾ ਇਸ ਦੀ ਬਜਾਏ ਉਹ ਉਹਨਾਂ ਪਾਰਟੀਆਂ ਵਿੱਚ ਸ਼ਾਮਲ ਹੋਵੋ ਜਿਹਨਾਂ ਕੋਲ ਜਿੱਤਣ ਦੀ ਵਧੇਰੇ ਸੰਭਾਵਨਾ ਹੈ ਜਾਂ ਉਹਨਾਂ ਨੂੰ ਹੋਰ ਪੈਸੇ ਕੌਣ ਦੇ ਸਕਦਾ ਹੈ। ਸੰਸਦ ਅਤੇ ਵਿਧਾਨ ਸਭਾ ਵਿੱਚ ਉਹ ਆਪਣੇ ਮਾਲਕਾਂ ਪ੍ਰਤੀ ਵਧੇਰੇ ਵਫ਼ਾਦਾਰ ਹਨ। ਦਲਿਤਾਂ ਦੀ ਨਜ਼ਰ ਵਿੱਚ ਰਾਮ ਉਨ੍ਹਾਂ ਦਾ ਨਹੀਂ ਹੈ ਆਦਰਸ਼ ਮਨੁੱਖ ਹੀਰੋ ਹੈ, ਕੀ ਉਹ ਭਗਵਾਨ ਨਹੀਂ ਹੈ ਕਿਉਂਕਿ ਉਹ ਬ੍ਰਾਹਮਣਵਾਦ ਅਤੇ ਜਾਤ-ਪਾਤ ਦਾ ਨਾਸ਼ ਕਰਨ ਵਾਲਾ ਹੈ? ਉਹ ਸਮਰਥਕ ਸੀ ਅਤੇ ਜਦੋਂ ਉਸਨੂੰ ਹੋਸ਼ ਆਈ ਤਾਂ ਉਸਨੇ ਸਰਜੂ ਨਦੀ ਵਿੱਚ ਜਲ ਸਮਾਧੀ ਲੈ ਕੇ ਖੁਦਕੁਸ਼ੀ ਕਰ ਲਈ। ਪਰ ਸ਼ੂਦਰ ਜਾਤੀਆਂ ਦੇ ਲੋਕ ਅਗਿਆਨਤਾ ਅਤੇ ਸਿਆਸੀ ਸੁਆਰਥ ਕਾਰਨ। ਉਹ ਮਾਲਕਾਂ ਨਾਲ ਆਪਣੀ ਆਵਾਜ਼ ਜੋੜ ਕੇ ਉਸ ਦੇ ਗੁਣ ਗਾ ਰਹੇ ਹਨ। ਹੋਰ ਪਛੜੇਪਣ ਅਤੇ ਗੁਲਾਮੀ ਦਾ ਹੋਰ ਕੀ ਸਬੂਤ ਹੋ ਸਕਦਾ ਹੈ?

ਗਰੀਬ/ਮਜ਼ਦੂਰ ਅਤੇ ਇਹ ਪਾਰਟੀਆਂ ਕਮਜ਼ੋਰ ਲੋਕਾਂ ਦੇ ਹਿੱਤਾਂ , ਜ਼ਮੀਨਾਂ ਦੀ ਵੰਡ , ਬੇਰੁਜ਼ਗਾਰੀ , ਮਹਿੰਗਾਈ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਾਈਆਂ ਲਈ ਅੰਦੋਲਨ ਨਹੀਂ ਕਰਦੀਆਂ। ਕੀ ਇਹ ਸਿਆਸੀ ਹੈ? ਨੌਕਰੀਆਂ ਦੀ ਤਲਾਸ਼ ਵਿੱਚ ਨੌਜਵਾਨ। ਉਹ ਅਜਿਹੀਆਂ "ਬੇਕਾਰ" ਚੀਜ਼ਾਂ ਲਈ ਇੱਕ ਨਹੀਂ ਹੈ। ਵਿਸ਼ਵਾਸ ਨਾ ਕਰੋ। ਇਸ ਤਰ੍ਹਾਂ ਸੱਤਾ ਸਾਡੇ ਹੱਥਾਂ ਵਿੱਚ ਆਵੇਗੀ ਅਤੇ ਫਿਰ ਅਸੀਂ ਜੋ ਚਾਹੀਏ ਕਰ ਸਕਦੇ ਹਾਂ। ਲੈ ਜਾਵੇਗਾ। ਕਿਸੇ ਸਮੇਂ ਕਾਂਗਰਸ ਵੀ ਇਸੇ ਤਰ੍ਹਾਂ ਦੇ ਨਾਅਰੇ ਲਾਉਂਦੀ ਸੀ। ਬਹੁਜਨ ਸਮਾਜ ਪਾਰਟੀ ਵੀ ਇਸ ਤਰ੍ਹਾਂ ਹੈ ਨਾਅਰੇ ਲਾਉਂਦੇ ਸਨ ਪਰ ਸੱਤਾ ਵਿਚ ਆਉਣ ਤੋਂ ਬਾਅਦ ਦਲਿਤ ਤਰੱਕੀ ਲਈ ਕੁਝ ਨਹੀਂ ਕੀਤਾ।

ਅਛੂਤ ਜ਼ਮੀਨ ਦੀ ਵੰਡ ਅੰਦੋਲਨ ਸ਼ੁਰੂ ਨਹੀਂ ਕੀਤਾ ਜਾ ਸਕਿਆ ਜਦਕਿ ਰਿਪਬਲਿਕਨ ਪਾਰਟੀ ਇਸ ਦੇ ਇਸ ਦੀ ਮਹੱਤਤਾ ਨੂੰ ਸਮਝਦਿਆਂ 1964-65 ਵਿੱਚ ਇੱਕ ਵੱਡੀ ਲਹਿਰ ਚਲਾਈ ਗਈ ਅਤੇ ਇਹ ਬਹੁਤ ਸਫ਼ਲ ਵੀ ਹੋਈ। ਪ੍ਰਾਪਤ ਕੀਤਾ ਸੀ। ਖੇਤ ਮਜ਼ਦੂਰ, ਛੋਟਾ ਕਿਸਾਨ, ਕਾਰੀਗਰ, ਅਛੂਤ ਅਤੇ ਪਿਛੜਾ ਵਰਗ ਵਿਅਕਤੀ ਨੇ ਇਸ ਨੂੰ ਆਪਣੀ ਪਾਰਟੀ ਸਮਝਣਾ ਸ਼ੁਰੂ ਕਰ ਦਿੱਤਾ ਸੀ ਪਰ ਇਸ ਦੇ ਸ਼ਹਿਰੀ ਆਗੂ ਨੂੰ ਸ਼ਹਿਰੀ ਸਮੱਸਿਆਵਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਮੈਂ ਉਲਝ ਕੇ ਰਹਿ ਗਿਆ। ਉਨ੍ਹਾਂ ਪਾਰਟੀ ਲੀਡਰਸ਼ਿਪ ਦੀਆਂ ਕਮਜ਼ੋਰੀਆਂ ਅਤੇ ਜਾਤ-ਪਾਤ ਦਾ ਜ਼ਿਕਰ ਕੀਤਾ ਅਤੇ ਗਲਤ ਚੋਣ ਕਾਨੂੰਨਾਂ ਕਾਰਨ ਇਹ ਟੁਕੜੇ-ਟੁਕੜੇ ਹੋ ਗਏ। ਕਾਂਗਰਸ ਅਤੇ ਹੋਰ ਪਾਰਟੀਆਂ ਨੇ ਉਸ ਨੂੰ ਤੋੜਨ ਵਿਚ ਬਹੁਤ ਵਧੀਆ ਕੰਮ ਕੀਤਾ ਕਿਉਂਕਿ ਉਹ ਉਨ੍ਹਾਂ ਲਈ ਵੱਡਾ ਖਤਰਾ ਸੀ। ਬਣਾਇਆ ਜਾ ਰਿਹਾ ਸੀ।

ਨਸਲ ਇਸ ਭਾਵਨਾ ਕਾਰਨ ਅਛੂਤ ਜਥੇਬੰਦ ਨਹੀਂ ਹੋ ਸਕੇ। ਉਹ ਜਾਤ ਨੂੰ ਇੰਨਾ ਪਿਆਰ ਕਰਦੇ ਹਨ ਉਹ ਵਿਦੇਸ਼ ਜਾ ਕੇ ਵੀ ਇਸ ਦਾ ਮੋਹ ਛੱਡਣ ਤੋਂ ਅਸਮਰੱਥ ਹਨ। ਉੱਚ ਅਤੇ ਨੀਵਾਂ , ਨਫ਼ਰਤ ਅਤੇ ਨਫ਼ਰਤ ਬਿਨਾਂ ਸੰਗਠਨ ਸੰਭਵ ਨਹੀਂ ਹੈ।

ਇਹ ਸੰਭਵ ਨਹੀਂ ਜਾਪਦਾ ਕਿ ਉਹ ਅੱਜ ਪ੍ਰਚਲਿਤ ਕਾਨੂੰਨਾਂ ਅਤੇ ਪ੍ਰਣਾਲੀਆਂ ਦੇ ਤਹਿਤ ਚੋਣਾਂ ਰਾਹੀਂ ਕਦੇ ਵੀ ਸਿਆਸੀ ਤਾਕਤ ਹਾਸਲ ਕਰ ਸਕਣਗੇ।

ਰਿਜ਼ਰਵੇਸ਼ਨ ਕੁਝ ਲੋਕਾਂ ਨੂੰ ਇਸ ਦਾ ਲਾਭ ਹੋਇਆ ਹੈ, ਪਰ ਉਨ੍ਹਾਂ ਵਿੱਚੋਂ ਬਹੁਤ ਸਾਰੇ ਜਿਨ੍ਹਾਂ ਨੂੰ ਰਾਖਵੇਂਕਰਨ ਦਾ ਫਾਇਦਾ ਹੋਇਆ ਹੈ ਸਮਾਜ ਨੂੰ ਉੱਚਾ ਚੁੱਕਣ ਲਈ ਬਹੁਤ ਘੱਟ ਲੋਕਾਂ ਨੇ ਕੰਮ ਕੀਤਾ ਹੈ ਪਰ ਰਾਖਵਾਂਕਰਨ ਹਮੇਸ਼ਾ ਰਹੇਗਾ। ਇਹ ਕੋਈ ਗੱਲ ਨਹੀਂ ਹੈ। ਜੇਕਰ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਧੇ ਅਤੇ ਪੜ੍ਹੇ ਲਿਖੇ ਨੌਜਵਾਨਾਂ ਦੀ ਗਿਣਤੀ ਵਧੇ ਜੇਕਰ ਬੇਰੁਜ਼ਗਾਰੀ ਵਧਦੀ ਹੈ ਤਾਂ ਰਾਖਵਾਂਕਰਨ ਬੇਕਾਰ ਹੋ ਜਾਵੇਗਾ।

ਹਿੰਦੂ ਧਰਮ ਅਤੇ ਜਾਤ-ਪਾਤ ਨੂੰ ਆਦਰਸ਼ ਮੰਨਣ ਵਾਲੇ ਲੋਕ ਦਿਨੋ-ਦਿਨ ਤਾਕਤਵਰ ਹੁੰਦੇ ਜਾ ਰਹੇ ਹਨ। ਉਹ ਰਾਮ-ਰਾਜ (ਹਿੰਦੂ ਰਾਸ਼ਟਰ) ਦੀ ਸਥਾਪਨਾ ਕਰਨਾ ਚਾਹੁੰਦੇ ਹਨ ਅਤੇ ਦਲਿਤ ਅਤੇ ਸ਼ੂਦਰ ਜਾਤੀਆਂ ਦੇ ਵੱਡੀ ਗਿਣਤੀ ਲੋਕ ਰਾਮਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਮੈਂ ਉਨ੍ਹਾਂ ਦੀ ਮਦਦ ਕਰ ਰਿਹਾ ਹਾਂ। ਰਾਮ ਰਾਜ ਦਾ ਅਰਥ ਹੋਵੇਗਾ ਜਾਤ-ਪਾਤ ਅਤੇ ਉੱਚ ਜਾਤੀਆਂ ਦਾ ਰਾਜ਼। ਇਹ ਸੰਵਿਧਾਨ ਜੋ ਬਰਾਬਰੀ ਦਾ ਦਾਅਵਾ ਕਰਦਾ ਹੈ, ਅਧਿਕਾਰਾਂ ਦੀ ਗੱਲ ਕਰਦਾ ਹੈ, ਰਾਮ ਰਾਜ ਵਿੱਚ ਇਸਨੂੰ ਖਤਮ ਕਰ ਦਿੱਤਾ ਜਾਵੇਗਾ ਕਿਉਂਕਿ ਰਾਮਰਾਜ ਅਸਮਾਨਤਾ ਦਾ ਰਾਜ ਸੀ। ਬੇਇਨਸਾਫ਼ੀ ਇਹ ਇੱਕ ਅਜਿਹਾ ਰਾਜ ਸੀ ਜਿਸ ਵਿੱਚ ਸ਼ੂਦਰਾਂ ਅਤੇ ਔਰਤਾਂ ਨੂੰ ਇੱਜ਼ਤ ਨਾਲ ਰਹਿਣ ਦਾ ਅਧਿਕਾਰ ਨਹੀਂ ਸੀ।

ਅਜਿਹੇ ਹਾਲਾਤ ਵਿੱਚ ਅਛੂਤਾਂ ਦਾ ਭਵਿੱਖ ਖ਼ਤਰੇ ਵਿੱਚ ਹੈ। ਉਸ ਦਾ ਕੋਈ ਦੋਸਤ ਨਹੀਂ ਹੈ ਅਤੇ ਕੋਈ ਨਹੀਂ ਸਹਿਯੋਗੀ ਨਹੀਂ। ਕੁਝ ਲੋਕ ਥੋੜ੍ਹੇ-ਥੋੜ੍ਹੇ ਢੰਗ ਨਾਲ ਸੱਤਾ ਵਿਚ ਆਉਣ ਲਈ ਜਥੇਬੰਦੀਆਂ ਬਣਾਉਣ ਵਿਚ ਕਾਮਯਾਬ ਹੋਏ। ਹਨ ਪਰ ਸੰਗਠਿਤ ਹੋਣ ਤੋਂ ਅਸਮਰੱਥ ਹਨ। ਸਭ ਤੋਂ ਤਰਸਯੋਗ ਹਾਲਤ ਉਨ੍ਹਾਂ ਦੀ ਜਾਪਦੀ ਹੈ ਜਿਨ੍ਹਾਂ ਦੀ ਅੰਬੇਡਕਰਵਾਦੀ ਹੋਣ ਦਾ ਦਾਅਵਾ ਕਰਦਾ ਹੈ। ਕਿਉਂਕਿ ਹੁਣ ਲੋਕ ਉਨ੍ਹਾਂ 'ਤੇ ਹੱਸਣ ਲੱਗ ਪਏ ਹਨ ਜਦੋਂ ਉਹ ਸਟੇਜ 'ਤੇ ਬ੍ਰਾਹਮਣਾਂ ਦੀ ਆਲੋਚਨਾ ਕਰਦਾ ਹੈ, ਉਹ ਰੋਜ਼ਾਨਾ ਜੀਵਨ ਵਿਚ ਉਨ੍ਹਾਂ ਦੀ ਆਲੋਚਨਾ ਕਰਦਾ ਹੈ। ਉਹ ਆਪਣੇ ਦੁਆਰਾ ਬਣਾਏ ਨਿਯਮਾਂ, ਊਚ-ਨੀਚ, ਵਹਿਮਾਂ-ਭਰਮਾਂ ਅਤੇ ਰੀਤੀ-ਰਿਵਾਜਾਂ ਦੀ ਪਾਲਣਾ ਕਰਦੇ ਹਨ। ਉਹ ਬੁੱਧ ਧਰਮ ਅਪਣਾ ਕੇ ਵੀ ਮਹਾਰ, ਚਮਾਰ, ਭੰਗੀ, ਖਟਿਕ ਬਾਕੀ ਰਹਿਣ ਵਿਚ ਕੋਈ ਗਲਤੀ ਨਹੀਂ ਹੈ। ਉਹ ਇਤਿਹਾਸ ਤੋਂ ਕੁਝ ਸਿੱਖਣਾ ਨਹੀਂ ਚਾਹੁੰਦੇ।

ਹਾਲਾਤਾਂ ਅਤੇ ਕਮਜ਼ੋਰੀਆਂ ਨੂੰ ਦੇਖਦਿਆਂ ਦਲਿਤਾਂ ਦਾ ਭਵਿੱਖ ਧੁੰਦਲਾ ਜਾਪਦਾ ਹੈ। "ਹਿੰਦੂਤਵ" ਦੇ ਨਸ਼ਈ ਅਤੇ ਖਤਰਨਾਕ ਨਾਅਰੇ ਦਲਿਤਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ। ਪਹੁੰਚਾਏਗਾ। ਗਾਂਧੀ ਅਤੇ ਕਾਂਗਰਸ ਨੇ ਉਨ੍ਹਾਂ ਨੂੰ ਜਥੇਬੰਦ ਕਰਨ ਤੋਂ ਰੋਕਿਆ ਸੀ ਅਤੇ ਪਛਾਣ ਬਣਾਉਣ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ। ਉਹਨਾਂ ਨੂੰ ਹੋਰ ਘੱਟ ਗਿਣਤੀਆਂ ਤੋਂ ਦੂਰ ਰੱਖਣ ਲਈ ਕੋਸ਼ਿਸ਼ ਕੀਤੀ ਸੀ। ਇਸ ਦਾ ਮੁੱਖ ਕਾਰਨ ਹਿੰਦੂ ਧਰਮ ਨੂੰ ਮਜ਼ਬੂਤ ਕਰਨਾ ਸੀ। ਚਾਹੁੰਦਾ ਸੀ। ਕਾਂਗਰਸ ਦੀ ਲੀਡਰਸ਼ਿਪ ਅਖੌਤੀ ਉੱਚ ਜਾਤੀ ਦੇ ਲੋਕਾਂ ਦੇ ਹੱਥਾਂ ਵਿੱਚ ਹੈ ਵਿਚ ਸੀ।

ਹੁਣ ਹਿੰਦੂਤਵ ਦਾ ਨਾਅਰਾ ਬੁਲੰਦ ਕਰਕੇ ਸੱਤਾ ਵਿੱਚ ਆਈ ਪਾਰਟੀ ਵੀ ਇਹੋ ਕੁਝ ਕਰ ਰਹੀ ਹੈ। ਕਾਂਗਰਸ ਕਰ ਰਹੀ ਸੀ। ਅਛੂਤਾਂ ਨੂੰ ਸਿੱਖਾਂ ਨਾਲ ਲੜਾਓ ਅਤੇ ਫਿਰ ਉਹਨਾਂ ਦੇ ਮੂੰਹ 'ਤੇ ਇਸ ਨੂੰ ਬਦਨਾਮ ਕਰਕੇ ਬਦਨਾਮ ਕਰੋ। ਅਛੂਤਾਂ ਨੂੰ ਮੁਸਲਮਾਨਾਂ ਨਾਲ ਲੜਾਓ ਤਾਂ ਜੋ ਉਹ ਇਕੱਠੇ ਨਾ ਹੋਣ। ਸਕਦਾ ਹੈ। ਅਛੂਤਾਂ ਵਿਚ ਹਿੰਦੂ ਰੀਤੀ-ਰਿਵਾਜਾਂ ਅਤੇ ਜਾਤੀਵਾਦ ਨੂੰ ਵਧਾਵਾ ਦਿਓ ਤਾਂ ਕਿ ਉਹ ਉਹ ਆਪਣੇ ਆਪ ਨੂੰ ਸੰਗਠਿਤ ਨਹੀਂ ਕਰ ਸਕਦੇ ਅਤੇ ਉਨ੍ਹਾਂ ਲਈ ਖ਼ਤਰਾ ਪੈਦਾ ਨਹੀਂ ਕਰ ਸਕਦੇ। ਦੋਵਾਂ ਧਿਰਾਂ ਦੇ ਤਰੀਕਿਆਂ ਵਿੱਚ ਅੰਤਰ ਹੋ ਸਕਦਾ ਹੈ ਪਰ ਉਦੇਸ਼ਾਂ ਵਿੱਚ ਨਹੀਂ।

ਦਲਿਤ ਲੋਕਾਂ ਦੇ ਹਿੱਤ ਵਿੱਚ ਹੈ ਕਿ ਉਹ ਬਾਬਾ ਸਾਹਿਬ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲਣ। ਜਾਤੀਵਾਦ, ਰੂੜ੍ਹੀਵਾਦ ਅਤੇ ਰੀਤੀ-ਰਿਵਾਜਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਆਪਣੀ ਵੱਖਰੀ ਪਛਾਣ ਬਣਾਈ। ਬਣਾਓ। ਹਿੰਦੂ ਧਰਮ ਦੇ ਪ੍ਰਭਾਵ ਅਤੇ ਨਿਸ਼ਾਨਾਂ ਨੂੰ ਆਪਣੇ ਜੀਵਨ ਤੋਂ ਜ਼ਹਿਰ ਸਮਝ ਕੇ ਹਟਾਓ। ਦਿਓ। ਸਪਸ਼ਟ ਸ਼ਬਦਾਂ ਵਿੱਚ ਉਨ੍ਹਾਂ ਨੂੰ ਹਿੰਦੂ ਧਰਮ ਦੀ ਗੁਲਾਮੀ ਤੋਂ ਆਜ਼ਾਦ ਕਰ ਲੈਣਾ ਚਾਹੀਦਾ ਹੈ। ਆਪਣਾ ਨਾਮ, ਜੀਵਨ ਸ਼ੈਲੀ, ਖਾਣ-ਪੀਣ ਦੀਆਂ ਆਦਤਾਂ , ਕੱਪੜੇ, ਸਭ ਕੁਝ ਵੱਖਰਾ ਕਰੋ, ਆਪਣੀ ਵੱਖਰੀ ਪਛਾਣ ਬਣਾਓ।। ਬੁੱਧ ਧਰਮ ਦੇ ਸਿਧਾਂਤਾਂ 'ਤੇ ਅਧਾਰਤ ਇੱਕ ਨਵਾਂ ਸਮਾਜ, ਇੱਕ ਨਵਾਂ ਸਮਾਜਿਕ ਅਤੇ ਇੱਕ ਆਰਥਿਕ ਪ੍ਰਣਾਲੀ ਬਣਾਓ। ਤਾਂ ਹੀ ਉਹ ਆਉਣ ਵਾਲੇ ਸਮੇਂ ਵਿੱਚ ਇੱਜ਼ਤ ਨਾਲ ਜਿਉਣਗੇ। ਆਪਣੇ ਕਿਸਮ ਦੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਆਜ਼ਾਦ ਕਰਾਉਣ ਦੇ ਯੋਗ ਹੋਣਗੇ। ਹਿੰਦੂ ਧਰਮ, ਗੁਲਾਮੀ, ਪਛੜੇਪਣ, ਗਰੀਬੀ, ਅਨਪੜ੍ਹਤਾ, ਅਗਿਆਨਤਾ, ਮਾਨਸਿਕ ਅਤੇ ਇਹ ਸਰੀਰਕ ਕਮਜ਼ੋਰੀ ਅਤੇ ਅਸਥਿਰਤਾ ਦੇ ਮੁੱਖ ਕਾਰਨ ਹਨ। ਤਰੱਕੀ, ਤਰੱਕੀ ਅਤੇ ਸਤਿਕਾਰ ਬਿਹਤਰ ਜ਼ਿੰਦਗੀ ਲਈ ਇਸ ਗੁਲਾਮੀ ਤੋਂ ਪੂਰੀ ਤਰ੍ਹਾਂ ਆਜ਼ਾਦ ਹੋਣਾ ਬਹੁਤ ਜ਼ਰੂਰੀ ਹੈ। ਗੁਲਾਮ ਦੇਸ਼ ਦਾ ਆਜ਼ਾਦ ਹੋਣਾ ਜਿੰਨਾ ਜ਼ਰੂਰੀ ਹੈ।

(ਭਗਵਾਨ ਦਾਸ ਡਾ: ਅੰਬੇਡਕਰ ਦੇ ਸਹਿਯੋਗੀ ਸਨ। ਉਸਨੇ ਭਾਰਤੀ ਉਪ ਮਹਾਂਦੀਪ ਵਿੱਚ ਛੂਤ-ਛਾਤ ਦੀ ਸ਼ੁਰੂਆਤ ਕੀਤੀ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਇਆ ਗਿਆ। 1983 ਵਿੱਚ ਉਹ ਇਹ ਮੁੱਦਾ ਯੂ.ਐਨ.ਓ। ਵਿੱਚ ਪੇਸ਼ ਕੀਤਾ ਗਿਆ ਸੀ)

# ਆਜ਼ਾਦੀ ਦਾ ਹਰਕਾਰਾ : ਗੁਰੂ ਦੱਤ ਕੁਮਾਰ



ਚਰੰਜੀ ਲਾਲ ਕੰਗਣੀਵਾਲ
97806 02066

ਜੀ.ਡੀ. ਕੁਮਾਰ ਉਰਫ਼ ਮੁਕਤਾਨੰਦ ਅਰੋੜਾ ਉਰਫ਼ ਸਵਾਮੀ ਮੁਕਤਾਨੰਦ ਬੀ.ਏ., ਉਰਫ਼ ਗੁਰੂ ਦੱਤ ਕੁਮਾਰ, ਉਰਫ਼ ਜੀ.ਡੀ. ਕੁਮਾਰ ਆਦਿ ਨਾਂਵਾਂ ਵਾਲੇ ਗ਼ਦਰੀ ਦੇਸ਼ ਭਗਤ ਦੀ ਜੀਵਨ ਸ਼ੈਲੀ ਵੀ ਇਕੋਲਿਤਰੀ ਹੈ। ਉਹ ਇੱਕ ਅਜਿਹਾ ਦੇਸ਼ ਭਗਤ ਸੀ ਜਿਸਨੇ ਮੁੱਢਲੇ ਪ੍ਰਵਾਸ ਸਮੇਂ ਕਨੇਡਾ, ਅਮਰੀਕਾ, ਮਨੀਲਾ ਅਤੇ ਹਾਂਗਕਾਂਗ ਵਿਚਲੇ ਭਾਰਤੀਆਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾ ਕੇ ਆਜ਼ਾਦੀ ਲਈ ਜਥੇਬੰਦ ਹੋਣ ਦਾ ਪ੍ਰਚਾਰ ਕੀਤਾ। ਉਸ ਦਾ ਜਨਮ ਮੀਆਂਵਾਲੀ ਜ਼ਿਲਾ ਦੇ ਥਾਣਾ ਮੋਚ ਦੇ ਪਿੰਡ ਪਾਈਖੇਲ ਵਿੱਚ ਸ੍ਰੀ ਬੂਟਾ ਰਾਮ ਕੁਮਾਰ ਦੇ ਘਰ 1873 ਈ: ਵਿੱਚ ਹੋਇਆ। ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਕੇ ਰਿਆਸਤ ਬਹਾਵਲਪੁਰ ਵਿੱਚ 1896 ਈ: ਵਿੱਚ ਬੀ.ਏ. ਪਾਸ ਕੀਤੀ। 1896ਈ: ਤੋਂ 1906 ਤੱਕ ਰਾਵਲਪਿੰਡੀ ਵਿੱਚ ਕਮਿਸ਼ਰੀਏਟ ਵਿਭਾਗ ਵਿੱਚ ਕਲਰਕੀ ਦੀ ਨੌਕਰੀ ਕੀਤੀ। ਗੁਰੂ ਦੱਤ ਕੁਮਾਰ ਦੇ ਨਾਂ 'ਤੇ ਉਸਨੇ 1907 ਵਿੱਚ ਨੈਸ਼ਨਲ ਕਾਲਜ ਕਲਕੱਤਾ ਵਿੱਚ ਹਿੰਦੀ ਤੇ ਉਰਦੂ ਪੜਾਇਆ ਅਤੇ ਛੇਤੀ ਉਹ ਵਿਦੇਸ਼ ਚਲਾ ਗਿਆ।

ਇਹ ਵੀ ਸੰਭਵ ਹੈ ਕਿ "ਪਗੜੀ ਸੰਭਾਲ ਜੱਟਾ" ਲਹਿਰ ਦੇ ਕਾਰਨ ਨੌਅਬਾਦੀ ਬਿੱਲ ਅਤੇ ਆਬਿਆਨਾ ਵਿੱਚ ਕੀਤਾ ਹੋਇਆ ਵਾਧਾ ਅੰਗਰੇਜ਼ ਸਰਕਾਰ ਨੇ ਵਾਪਸ ਤਾਂ ਲਏ ਪਰ ਲਹਿਰ ਦੇ ਆਗੂਆਂ 'ਤੇ ਕਰੜੀ ਨਜ਼ਰ ਰੱਖੀ ਜਾਣ ਲੱਗ ਪਈ ਸੀ। ਸ. ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ ਆਦਿ ਆਗੂ ਵਿਦੇਸ਼ ਵੱਲ ਚਲੇ ਗਏ ਸਨ, ਇਨ੍ਹਾਂ ਵਿੱਚ ਹੀ ਜੀ.ਡੀ.ਕੁਮਾਰ ਸਨ। ਖੁਫ਼ੀਆ ਵਿਭਾਗ ਦੇ ਅਨੁਸਾਰ,'ਉਹ 31 ਅਕਤੂਬਰ 1907 ਵਿੱਚ ਵਿਕਟੋਰੀਆ ਪੁੱਜੇ ਅਤੇ ਉਥੇ ਉੱਘੇ ਇਨਕਲਾਬੀ ਤਾਰਕ ਨਾਥ ਦਾਸ ਦੀ ਸਹਾਇਤਾ ਨਾਲ ਗਰੋਸਰੀ ਸਟੋਰ ਖੋਲ੍ਹਿਆ। ਤਾਰਕ ਨਾਥ ਦਾਸ ਨੂੰ ਉਹ ਕਲਕੱਤੇ ਰਹਿੰਦੇ ਸਮੇਂ ਤੋਂ ਜਾਣਦਾ ਸੀ।'

ਦਸੰਬਰ 1909 ਵਿੱਚ ਜੀ.ਡੀ.ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੇ ਵੈਨਕੂਵਰ ਵਿੱਚ ਇੱਕ "ਇੰਡੀਆ ਹੋਮ" ਕੇਂਦਰ ਖੋਲ੍ਹਿਆ, ਜਿਹੜਾ ਅਸਲ ਵਿੱਚ ਇਨਕਲਾਬੀਆਂ ਦੇ ਮੇਲ-ਮਿਲਾਪ ਅਤੇ ਪਨਾਹ ਲਈ ਵਰਤਿਆਂ ਜਾਂਦਾ ਸੀ। ਇਸ ਕੇਂਦਰ ਨੂੰ ਮਖੌਟਾ ਪੁਆਇਆ ਗਿਆ ਸੀ ਕਿ,"ਉਹ ਸਿੱਖ ਪ੍ਰਵਾਸੀਆਂ ਨੂੰ ਅੰਗਰੇਜ਼ੀ ਤੇ ਹਿਸਾਬ ਪੜਾਉਣ ਲਈ ਖੋਲਿਆ ਗਿਆ ਹੈ।" ਇਸ ਪਿੱਛੇ ਇਹ ਵੀ ਭਾਵਨਾ ਸੀ ਕਿ ਸਿੱਖ ਫੌਜਾਂ ਵਿੱਚ ਇਹ ਪ੍ਰਚਾਰ ਕੀਤਾ ਜਾਵੇ ਕਿ ਕਨੇਡਾ ਵਿੱਚ ਸਿੱਖ ਕਿੰਨੀ ਬਿਪਤਾ ਵਿੱਚ ਰਹਿੰਦੇ ਹਨ। ਕੁਮਾਰ ਤੇ ਦਾਸ ਦਾ ਇਹ ਵੀ ਵਿਚਾਰ ਸੀ ਕਿ ਸਿੱਖ ਫੌਜੀਆਂ ਵਿੱਚ ਅੰਗਰੇਜ਼ਾਂ ਵਿਰੁੱਧ ਭਾਵਨਾ ਪੈਦਾ ਕੀਤੀ ਜਾਵੇ ਅਤੇ ਅੰਗਰੇਜ਼ਾਂ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਨੂੰ ਠੇਸ ਪੁਚਾਈ ਜਾਵੇ। ਇਸੇ ਉਦੇਸ਼ ਨਾਲ ਤਾਰਕ ਨਾਥ ਦਾਸ ਨੇ ਇੱਕ ਅਖ਼ਬਾਰ 'ਫ੍ਰੀ ਹਿੰਦੁਸਤਾਨ' ਵੀ ਸ਼ੁਰੂ ਕੀਤਾ।

ਸ਼ੁਰੂ ਵਿੱਚ ਥੀਉਸੋਫੀਕਲ ਸੁਸਾਇਟੀ ਬਣਾ ਕੇ ਜੀ.ਡੀ.ਕੁਮਾਰ ਨੇ ਮਾਰਚ 1911 ਵਿੱਚ ਐਡਮੈਂਟਨ, ਵੈਨਕੂਵਰ ਤੇ ਵਿਕਟੋਰੀਆ ਵਿੱਚ ਪ੍ਰਚਾਰ ਸ਼ੁਰੂ ਕੀਤਾ। ਉਸਦੇ ਨਾਲ ਬਾਬੂ ਹਰਨਾਮ ਸਿੰਘ ਸਾਹਰੀ, ਜਿਹੜਾ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ, ਦੋਨੋਂ ਕਨੇਡਾ ਵਿੱਚ ਸਮਾਜੀ ਸੁਧਾਰਾਂ ਦਾ ਪ੍ਰਚਾਰ ਕਰਦੇ ਸਨ। ਗੁਰਦੁਆਰਿਆਂ, ਹਿੰਦੀਆਂ ਦੇ ਇਕੱਠਾਂ ਵਾਲੀਆਂ ਥਾਵਾਂ 'ਤੇ ਜਾ ਕੇ ਸ਼ਰਾਬ ਨਾ ਪੀਣ, ਚੰਗੇ ਨਾਗਰਿਕ ਬੰਨਣ, ਉਹ ਆਦਤਾਂ ਨੂੰ ਛੱਡਣ ਜਿਹੜੀਆਂ ਕਨੇਡਾ ਦੇ ਸ਼ਹਿਰੀਆਂ ਨੂੰ ਪਸੰਦ ਨਹੀਂ ਸਨ ਦਾ ਪ੍ਰਚਾਰ ਕਰਦੇ।

ਪਰ ਅੰਗਰੇਜ਼ਾਂ ਦੇ ਨਸਲੀ ਵਿਤਕਰੇ ਤੋਂ ਤੰਗ ਆਏ ਹਿੰਦੀਆਂ ਨੇ ਉਨ੍ਹਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਬੋਲਣ ਲਈ ਤਿਆਰ ਕਰ ਦਿੱਤਾ। ਇਨ੍ਹਾਂ ਦੋਹਾਂ ਨੇ ਥਾਂ-ਥਾਂ ਜਾ ਕੇ ਪ੍ਰਚਾਰ ਦੀ ਮੁਹਿੰਮ ਚਲਾਈ, ਜਿਸ ਨਾਲ ਪ੍ਰਵਾਸੀਆਂ ਨੂੰ ਜਥੇਬੰਦ ਹੋਣ ਦਾ ਮੌਕਾ ਜੀ.ਡੀ.ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਰਾਹੀਂ ਪ੍ਰਦਾਨ ਹੋਇਆ। ਜਿਸ ਦੇ ਨਤੀਜੇ ਵਜੋਂ 'ਹਿੰਦੁਸਤਾਨ ਐਸੋਸੀਏਸ਼ਨ' ਨਾਂ ਦੀ ਜਥੇਬੰਦੀ ਕਨੇਡਾ ਵਿੱਚ ਬਣੀ, ਜਿਸਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ, ਸਕੱਤਰ ਜੀ.ਡੀ.ਕੁਮਾਰ ਅਤੇ ਖਜ਼ਾਨਚੀ ਭਾਈ ਬਲਵੰਤ ਸਿੰਘ ਖੁਰਦਪੁਰ ਬਣੇ। ਇਸ ਦੇ ਪ੍ਰਚਾਰ ਲਈ 'ਸਵਦੇਸ਼ ਸੇਵਕ' ਅਖ਼ਬਾਰ ਜੀ.ਡੀ. ਕੁਮਾਰ ਦੀ ਸੰਪਾਦਨਾ ਹੇਠ ਸ਼ੁਰੂ ਕੀਤਾ ਗਿਆ।

ਗੁਰਮੁਖੀ ਦਾ ਇੱਕ ਹੋਰ ਪੇਪਰ 'ਪ੍ਰਦੇਸੀ ਖਾਲਸਾ' ਸ. ਅਮਰ ਸਿੰਘ ਝਿੰਗੜ ਵਲੋਂ ਜਾਰੀ ਕੀਤਾ ਗਿਆ। ਵੈਨਕੂਵਰ ਵਿੱਚ ਇੰਗਲੈਂਡ ਵਿਚਲੇ "ਇੰਡੀਆ ਹਾਊਸ" ਦੀ ਤਰਜ਼ ਦਾ "ਸਵਦੇਸ਼ ਸੇਵਕ ਹੋਮ" ਬਣਾਇਆ ਗਿਆ। ਇਨ੍ਹਾਂ ਸਰਗਰਮੀਆਂ ਦੀ ਚਰਚਾ ਹੋਣ 'ਤੇ ਪੁਲਸ ਦਾ ਖੁਫ਼ੀਆ ਅਧਿਕਾਰੀ ਹਾਪਕਿਨਸਨ ਦੀ ਕੱਠਪੁੱਤਲੀ ਉਮਰਾਉ ਸਿੰਘ ਨੇ ਜੀ.ਡੀ.ਕੁਮਾਰ ਦੇ ਕਮਰੇ ਵਿਚੋਂ ਯੋਰਾਤ ਤੋਂ ਛਪਦੇ 'ਸੋਸਲਿਸਟ', 'ਬੰਦੇ ਮਾਤਰਮ', 'ਤਲਵਾਰ', ਲਿਟਰੇਟਰ ਅਤੇ ਮੌਲਵੀ ਬਰਕਤ ਉੱਲ੍ਹਾ ਵੱਲੋਂ ਜਾਪਾਨ ਤੋਂ ਜਾਰੀ ਕੀਤਾ "ਇਸਲਾਮਿਕ ਫਰੈਟਰਨਿਟੀ", ਆਇਰਲੈਂਡ ਦੇ 'ਆਇਰਿਸ਼ ਇੰਡੀਪੈਂਡੈਂਟਸ" ਦੀਆਂ ਕਾਪੀਆਂ ਚੁਰਾ ਕੇ ਹੋਪਕਿਨਸਨ ਨੂੰ ਦਿੱਤੀਆਂ। (ਨੋਟ: ਉਮਰਾਉ ਸਿੰਘ ਪਿੰਡ ਝੱਬੇਵਾਲ, ਲੁਧਿਆਣਾ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ ਸੀ।)

ਕਨੇਡਾ ਵਿੱਚ ਖਾਲਸਾ ਦੀਵਾਨ ਸੁਸਾਇਟੀ ਜਿਹੜੀ ਸਾਰੇ ਹਿੰਦੀਆਂ ਦੀ ਸਾਂਝੀ ਸੀ, ਵਿੱਚ ਪਾਸ ਕੀਤੇ ਮਤੇ "ਸਵਦੇਸ਼ ਸੇਵਕ" ਵਿੱਚ ਛਾਪੇ ਜਾਂਦੇ ਸਨ। ਇਹ ਪੇਪਰ ਡਾਕ ਰਾਹੀਂ ਭਾਰਤ ਵਿੱਚ ਵੀ ਭੇਜਿਆ ਜਾਂਦਾ ਸੀ। ਹਾਪਕਿਨਸਨ ਨੇ ਇਸ ਅਖ਼ਬਾਰ ਨੂੰ ਬਗ਼ਾਵਤ ਫੈਲਾਉਣ ਵਾਲਾ ਗਰਦਾਨ ਕੇ ਭਾਰਤ ਜਾਣ 'ਤੇ ਰੋਕ ਲਗਵਾ ਦਿੱਤੀ ਅਤੇ ਪਰਚਾ ਬੰਦ ਹੋ ਗਿਆ। ਇਸ ਤਰ੍ਹਾਂ ਜੀ.ਡੀ. ਕੁਮਾਰ ਨੇ ਸਵਦੇਸ਼ ਸੇਵਕ ਅਤੇ ਹਿੰਦੁਸਤਾਨ ਐਸੋਸੀਏਸ਼ਨ ਦੁਆਰਾ ਪ੍ਰਵਾਸੀ ਭਾਰਤੀਆਂ ਅੰਦਰ ਚੇਤਨਾ ਪੈਦਾ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਸਰਕਾਰ ਦੀ ਸਖ਼ਤੀ ਕਾਰਨ ਜੀ.ਡੀ.ਕੁਮਾਰ 1911 ਵਿੱਚ ਕਨੇਡਾ ਛੱਡ ਕੇ ਸੀਆਟਲ ਚਲਾ ਗਿਆ ਅਤੇ ਹਰਨਾਮ ਸਿੰਘ ਸਾਹਰੀ ਨਾਲ ਮਿਲ ਕੇ ਹਿੰਦੀ ਮਜ਼ਦੂਰਾਂ ਦੇ ਕੇਂਦਰਾਂ 'ਤੇ ਪ੍ਰਚਾਰ ਕਰਨ ਲੱਗ ਪਿਆ। ਸੀਆਟਲ ਦਾ ਅੱਡਾ ਕਨੇਡਾ ਤੇ ਦਰਿਆ ਕੋਲੰਬੀਆ ਦੇ ਮੰਡ ਦੇ ਹਿੰਦੀਆਂ ਵਿਚਾਲੇ ਇੱਕ ਪੜਾਅ ਦਾ ਕੰਮ ਦਿੰਦਾ ਸੀ। ਜੀ.ਡੀ. ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਇਥੋਂ ਵਸ਼ਿੰਗਟਨ ਤੇ ਔਰੇਗਾਨ ਸੂਬਿਆਂ ਵਿਚਲੀਆਂ ਮਿੱਲਾਂ ਤੇ ਰੇਲ ਪਟੜੀਆਂ ਉੱਤੇ ਕੰਮ ਕਰਦੇ ਹਿੰਦੀ ਮਜ਼ਦੂਰਾਂ ਦੇ ਡੇਰਿਆਂ ਵਿੱਚ ਪ੍ਰਚਾਰ ਲਈ ਫਿਰਨ ਲੱਗੇ। ਅਮਰੀਕਾ ਵਿੱਚ ਵੀ ਉਹ ਜੂਆ, ਮਾਸ, ਸ਼ਰਾਬ ਤੇ ਵਿਭਚਾਰ ਵਿਰੁੱਧ ਪ੍ਰਚਾਰ ਕਰਨ ਲੱਗ ਪਏ।

ਬ੍ਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਉਸਦੇ ਸਾਥੀਆਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਸਿੱਧਾ ਆਜ਼ਾਦੀ ਦੇ ਪ੍ਰਚਾਰ ਲਈ ਕੰਮ ਕਰਨ, ਹੁਣ ਸਮਾਜੀ ਸੁਧਾਰਾਂ ਦਾ ਵਕਤ ਨਹੀਂ। ਇਸ ਵਿਚਾਰ-ਚਰਚਾ ਪਿਛੋਂ 1912 ਦੇ ਸ਼ੁਰੂ 'ਚ ਪੋਰਟਲੈਂਡ ਵਿੱਚ ਇੱਕ ਇਕੱਠ ਕੀਤਾ ਗਿਆ। ਜਿਸ ਵਿੱਚ ਬ੍ਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਸਾਥੀਆਂ ਸਮੇਤ, ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਸਾਹਿਬਾ ਸੜੋਆ ਤੇ ਸਾਥੀ, ਮੋਨਾਰਕ ਮਿੱਲ ਤੋਂ ਭਾਈ ਸੋਹਣ ਸਿੰਘ ਭਕਨਾ, ਊਧਮ ਸਿੰਘ ਕਸੇਲ ਤੇ ਪੋਰਟਲੈਂਡ ਵਿੱਚ ਕੰਮ ਕਰਨ ਵਾਲੇ ਹੋਰ ਸਾਥੀ ਸ਼ਾਮਲ ਹੋਏ।

ਇਥੇ ਸਰਬ ਸੰਮਤੀ ਨਾਲ 'ਪੈਸਿਫਿਕ ਹਿੰਦੀ ਐਸੋਸੀਏਸ਼ਨ' ਨਾਂ ਦੀ ਜਥੇਬੰਦੀ ਬਣਾਈ ਗਈ। ਜਥੇਬੰਦੀ ਦੇ ਪ੍ਰਧਾਨ ਭਾਈ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਜੀ.ਡੀ.ਕੁਮਾਰ ਤੇ ਖ਼ਜ਼ਾਨਚੀ ਪੰਡਤ ਰਾਮ ਕਿਸ਼ਨ ਮੜੌਲੀ ਚੁਣੇ ਗਏ। ਉਰਦੂ ਵਿੱਚ 'ਹਿੰਦੁਸਤਾਨ' ਨਾਂ ਦਾ ਹਫ਼ਤਾਵਾਰੀ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ। ਇਨ੍ਹਾਂ ਕੇਂਦਰਾਂ 'ਤੇ ਮੀਟਿੰਗਾਂ ਦੀ ਮੁਹਿੰਮ ਚੱਲ ਹੀ ਰਹੀ ਸੀ ਕਿ ਜੀ.ਡੀ. ਕੁਮਾਰ ਪੇਟ ਦੀ ਬੀਮਾਰੀ ਤੋਂ ਪੀੜਤ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਹੋਣਾ ਪਿਆ। ਭਾਈ ਹਰਨਾਮ ਸਿੰਘ ਕੋਟਲਾ ਨੇ ਹਸਪਤਾਲ ਵਿੱਚ ਉਨ੍ਹਾਂ ਦੀ ਬਹੁਤ ਸੇਵਾ ਕੀਤਾ।

ਦੂਜੇ ਪਾਸੇ ਲਾਲਾ ਠਾਕਰ ਦਾਸ ਧੂਰੀ ਪੋਰਟਲੈਂਡ ਆਇਆ ਤਾਂ ਉਸਨੇ ਭਾਈ ਸੋਹਣ ਸਿੰਘ ਭਕਨਾ ਤੇ ਪੰ. ਕਾਂਸ਼ੀ ਰਾਮ ਨੂੰ ਸਲਾਹ ਦਿੱਤੀ ਕਿ ਕੈਲੇਫੋਰਨੀਆਂ ਤੋਂ ਲਾਲਾ ਹਰਦਿਆਲ ਨੂੰ ਬੁਲਾ ਕੇ ਸਭਾ ਦਾ ਕੰਮ ਉਸ ਸੁਪੁਰਦ ਕੀਤਾ ਜਾਏ। ਲਾਲਾ ਹਰਦਿਆਲ ਨੂੰ ਲਿਖੀ ਗਈ ਚਿੱਠੀ ਪ੍ਰਵਾਨ ਕਰਕੇ ਲਾਲਾ ਹਰਦਿਆਲ ਤਿੰਨ ਮਹੀਨੇ ਬਾਅਦ 25 ਮਾਰਚ 1913 ਨੂੰ ਸੈਂਟਜਾਨ ਪਹੁੰਚ ਗਏ। 21 ਅਪ੍ਰੈਲ 1913 ਨੂੰ ਗ਼ਦਰ ਪਾਰਟੀ ਦਾ ਗਠਨ ਹੋਇਆ ਅਤੇ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਛਪਿਆ ਤਾਂ ਗੁਰੂ ਦੱਤ ਕੁਮਾਰ ਪੂਰੀ ਸਰਗਰਮੀ ਨਾਲ ਇਨ੍ਹਾਂ ਸਰਗਰਮੀਆਂ ਵਿੱਚ ਸ਼ਾਮਲ ਸੀ।

1914 ਵਿੱਚ ਕਾਮਾਗਾਟਾ ਮਾਰੂ ਜਹਾਜ ਦੇ ਕਨੇਡਾ ਵੱਲ ਜਾਣ ਦੀ ਖ਼ਬਰ ਸੁਣ ਕੇ ਕੁਮਾਰ ਕਨੇਡਾ ਰਵਾਨਾ ਹੋ ਗਿਆ। ਉਹ ਬਹੁਤ ਪ੍ਰਸੰਨ ਸੀ ਕਿ ਜਿਸ ਉਦੇਸ਼ ਲਈ ਅਤੇ ਪਾਬੰਦੀਆਂ ਵਿਰੁੱਧ ਪ੍ਰਚਾਰ ਕਰਦਾ ਤੇ ਅਖ਼ਬਾਰ ਵਿੱਚ ਲਿਖਦਾ ਰਿਹਾ ਸੀ ਕਿ ਸਾਡਾ ਵੀ ਜਹਾਜ਼ ਹੋਏ ਜੋ ਹਿੰਦੀਆਂ ਨੂੰ ਕਨੇਡਾ ਪਹੁੰਚਾਏਗਾ। ਪਰ ਜਦ ਕਨੇਡਾ ਦੀ ਸਰਕਾਰ ਨੇ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਤਾਂ ਜੀ.ਡੀ. ਕੁਮਾਰ ਮੁਸਾਫਰਾਂ ਦੀ ਨਿਗਰਾਨੀ ਵਿੱਚ ਲੱਗ ਗਿਆ ਸੀ। ਜਹਾਜ਼ ਵਾਪਸ ਮੋੜਨ ਤੋਂ ਪਹਿਲਾਂ ਹੀ ਕੁਮਾਰ ਬਹੁਤ ਦੁਖੀ ਹੋ ਗਿਆ ਤੇ ਉਸਨੇ ਵੀ ਦੇਸ਼ ਜਾ ਕੇ ਆਜ਼ਾਦੀ ਲਈ ਕਾਰਜ ਕਰਨ ਵਾਸਤੇ ਤਿਆਰੀ ਕਰ ਲਈ।

ਪਹਿਲੀ ਜੰਗ ਸ਼ੁਰੂ ਹੋਣ ਤੇ ਗ਼ਦਰ ਪਾਰਟੀ ਵਲੋਂ ਅੰਗਰੇਜ਼ ਦੇ ਜੰਗ ਵਿੱਚ ਫਸ ਜਾਣ ਨੂੰ ਹੀ ਆਪਣੀ ਸੱਟ ਮਾਰਨ ਦਾ ਵੱਡਾ ਅਧਾਰ ਬਣਾ ਲਿਆ ਅਤੇ ਦੇਸ਼ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ। ਇਸ ਸਮੇਂ ਜੀ.ਡੀ.ਕੁਮਾਰ ਮਨੀਲਾ ਪੁੱਜ ਕੇ ਹਿੰਦੀਆਂ ਨੂੰ ਪੜਾਉਣ ਅਤੇ ਆਜ਼ਾਦੀ ਦੀ ਸਿੱਖਿਆ ਦੇ ਰਹੇ ਸਨ। 1915 ਈ: ਵਿੱਚ ਉਹ ਮਨੀਲਾ ਤੋਂ ਪੰਜਾਬ ਪੁੱਜ ਗਏ ਆਸਟਰੇਲੀਅਨ ਸਮੁੰਦਰੀ ਜਹਾਜ਼ ਰਾਹੀਂ, ਜਿਸ ਵਿੱਚ 88 ਸਵਾਰ ਸਨ। ਇਨ੍ਹਾਂ ਵਿੱਚ ਹੀ ਗ਼ਦਰੀ ਭਾਈ ਰੰਗਾ ਸਿੰਘ ਖੁਰਦਪੁਰ ਤੇ ਹਰਨਾਮ ਸਿੰਘ ਠੱਠੀਖਾਰਾ ਵੀ ਸ਼ਾਮਲ ਸਨ, ਜਿਹੜੇ ਪਿਛੋਂ ਅੰਗਰੇਜ਼ੀ ਸਰਕਾਰ ਵਲੋਂ ਸ਼ਹੀਦ ਕੀਤੇ ਗਏ ਸਨ। ਖੁਫ਼ੀਆ ਵਿਭਾਗ ਦੇ ਪੁਖ਼ਤਾ ਸ੍ਰੋਤ ਅਨੁਸਾਰ, ਜੀ.ਡੀ.ਕੁਮਾਰ 7 ਨਵੰਬਰ 1914 ਨੂੰ 150 ਗ਼ਦਰੀਆਂ ਨਾਲ ਜਾਪਾਨ ਤੋਂ ਐਸ.ਐਸ.ਮੰਗੋਲੀਆ ਜਹਾਜ਼ ਰਾਹੀਂ ਚਲਿਆ ਅਤੇ ਮਨੀਲਾ ਰੁਕ ਗਿਆ ਸੀ। ਲਾਹੌਰ ਵਿੱਚ ਗ਼ਦਰੀ ਦੇਸ਼ ਭਗਤਾਂ ਉਪਰ ਸਰਕਾਰ ਦੀ ਸਖ਼ਤੀ ਦੇ ਇਸ ਦੌਰ ਵਿੱਚ ਜਦੋਂ ਗੁਪਤ ਰੂਪ ਵਿੱਚ ਜੀ.ਡੀ.ਕੁਮਾਰ ਦੇਵ ਸਮਾਜ ਕੋਲ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਰਾਤ ਰਹਿਣ ਲਈ ਜਗਾ ਵੀ ਨਾ ਦਿੱਤੀ, ਜਿਸ ਲਈ ਉਹ ਅਮਰੀਕਾ ਵਿਚੋਂ ਪੈਸੇ ਭੇਜਦਾ ਰਿਹਾ ਸੀ। ਦੇਵ ਸਮਾਜ ਵਾਲੇ ਗ਼ਦਰੀ ਦੇਸ਼ ਭਗਤਾਂ ਦੇ ਫੜੇ ਜਾਣ ਤੋਂ ਬੜੇ ਡਰੇ ਹੋਏ ਸਨ। ਉਹ ਹਿੰਦੂ ਮਹਾਂਵਿਦਿਆਲਾ, ਜਵਾਲਾਪੁਰ ਦੇ ਸਾਲ ਕੂ ਭਰ ਮੈਨੇਜਰ ਰਹੇ।

1918 ਵਿੱਚ ਵਾਪਰੇ ਕਟਾਰਪੁਰ ਕੇਸ (ਯੂ.ਪੀ.) ਸਮੇਂ ਗਊ ਹੱਤਿਆ ਰੋਕਣ ਉਤੇ ਫਸਾਦ ਹੋ ਗਿਆ; ਜਿਸ ਵਿੱਚ ਕਈ ਮੁਸਲਮਾਨ ਮਾਰੇ ਗਏ। ਇਸ ਕੇਸ ਵਿੱਚ ਗੁਰੂ ਦੱਤ ਕੁਮਾਰ ਨੇ ਮੋਤੀ ਰਾਮ ਦੇ ਨਾਂ ਹੇਠ ਅੱਠ ਸਾਲ ਸਖ਼ਤ ਕੈਦ ਕੱਟ ਕੇ 1926 ਵਿੱਚ ਰਿਹਾ ਹੋਏ। ਮੁਕਤਾ ਨੰਦ ਦੇ ਨਾਂ ਹੇਠ ਕਾਂਗਰਸ ਲਈ ਯੂ.ਪੀ. ਵਿੱਚ ਕੰਮ ਕਰਦਿਆਂ ਉਸ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਜੇਲ੍ਹ ਵਿੱਚ ਉਸ ਨਾਲ ਬਲਬ ਭਾਈ ਪੰਤ, ਤਿਰਪਾਠੀ ਤੇ ਫੂਲਾ ਸਿੰਘ ਵੀ ਕੈਦ ਰਹੇ ਸਨ। ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਲਿਖਿਆ:

ਸ੍ਰੀ ਜੀ.ਡੀ.ਕੁਮਾਰ ਅਤੇ ਤਾਰਕਨਾਥ ਦਾਸ, ਦੋਨੋਂ ਵਿਦਿਵਾਨਾਂ ਦੀ ਅਮਰੀਕਾ ਵਿੱਚ ਵਸਣ ਵਾਲੇ ਭਾਰਤੀਆਂ ਵਿੱਚ ਬਹੁਤ ਸੋਹਬਤ ਸੀ। ਰਾਜਨੀਤਿਕ ਦ੍ਰਿਸ਼ਟੀ ਮੈਨੂੰ ਇਨ੍ਹਾਂ ਦੋਨਾਂ ਵਿਦਿਵਾਨਾਂ ਤੋਂ ਪ੍ਰਾਪਤ ਹੋਈ ਸੀ। ਉਹ ਬਹੁਤ ਜੁਸ਼ੀਲੇ ਭਾਸ਼ਣ ਦਿਆ ਕਰਦੇ ਸਨ ਅਤੇ ਉਨ੍ਹਾਂ ਦੇ ਲੇਖ ਅਖ਼ਬਾਰਾਂ ਵਿੱਚ ਛਪਦੇ ਸਨ। ਭਾਵੇਂ ਮੈਂ ਇਨ੍ਹਾਂ ਤੋਂ ਪ੍ਰਭਾਵਿਤ ਹੋਇਆ ਸਾਂ ਪਰ ਮੇਰੀ ਮਨੋਵਿਰਤੀ ਕੁਝ ਹੋਰ ਕਿਸਮ ਦੀ ਸੀ।

ਔਰਗਾਨ (ਕੈਲੇਫੋਰਨੀਆ) ਸ਼ਹਿਰ ਦੇ ਆਰੇ ਦੇ ਕਾਰਖਾਨੇ ਵਿੱਚ ਕੰਮ ਕਰਨ ਵਾਲੇ ਭਾਰਤੀ ਮਜ਼ਦੂਰਾਂ ਨੇ ਇੱਕ ਸੰਗਠਨ ਬਣਾ ਲਿਆ। ਪਰ ਇਹ ਸੰਗਠਨ ਵੀ ਮੈਨੂੰ ਪ੍ਰਭਾਵਤ ਨਾ ਕਰ ਸਕਿਆ। ਸ੍ਰੀ ਜੀ.ਡੀ.ਕੁਮਾਰ ਦੀ ਅਗਵਾਈ ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਨੇ "ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ" ਨਾਂ ਦੀ ਜਥੇਬੰਦੀ ਬਣਾਈ, ਪ੍ਰੰਤੂ ਉਹ ਬਿਮਾਰ ਹੋ ਗਏ ਤੇ ਜਥੇਬੰਦੀ ਦਾ ਕੰਮ ਰਹਿ ਗਿਆ। ਉਸਦੇ ਪ੍ਰਚਾਰ ਨਾਲ ਲੋਕਾਂ 'ਚ ਕਾਫ਼ੀ ਚੇਤਨਾ ਆ ਗਈ ਸੀ। (ਆਤਮਕਥਾ ਵਿਚੋਂ)

1955 ਈ: ਵਿੱਚ ਜੀ.ਡੀ.ਕੁਮਾਰ ਸਾਧੂ ਆਸ਼ਰਮ ਹੁਸ਼ਿਆਰਪੁਰ ਆ ਗਏ। ਅਮਰੀਕਾ ਅਤੇ ਕਨੇਡਾ ਵਿੱਚ ਉਸ ਦੇ ਚਾਰ ਘਰ ਸਨ। ਆਸ਼ਰਮ ਵਿੱਚ ਰਹਿੰਦਿਆਂ ਯੂ.ਪੀ. ਸਰਕਾਰ ਵੱਲੋਂ ਮਿਲਦੀ 30 ਰੁਪਏ ਪੈਨਸ਼ਨ ਨਾਲ ਗੁਜ਼ਾਰਾ ਕਰਦਿਆਂ ਜਿਥੇ ਉਸਦਾ ਆਪਣਾ ਕੋਈ ਸੰਗੀ-ਸਾਥੀ ਨਹੀਂ ਸੀ। ਆਜ਼ਾਦ ਭਾਰਤ ਵਿੱਚ ਕਸ਼ਟਾਂ ਭਰਿਆ ਜੀਵਨ ਬੀਤਾਉਂਦਿਆਂ 1960 ਦੇ ਅਖੀਰ 'ਚ ਇਹ ਆਜ਼ਾਦੀ ਦਾ ਹਰਕਾਰਾ ਆਸ਼ਰਮ ਵਿੱਚ ਹੀ ਸਰੀਰ ਤਿਆਗ ਗਏ।

## ਦਾਦੀ

ਦਾਦੀ ਮੇਰੀ ਦਾਦੀ
ਕੋਈ ਲੋਰੀ ਗਾ
ਚੱਲ ਇਹ ਛੱਡ
ਕੋਈ ਬਾਤ ਪਾ।

ਤੂੰ ਚੁੱਪ-ਗੁੱਪ ਕਿਓਂ?
ਤੇਰੇ ਬੁਲ ਬੰਦ ਕਿਓਂ?
ਰਹਿਣ ਦੇ ਇਹ ਵੀ
ਕੋਈ ਕਹਾਣੀ ਸੁਣਾ
ਇਹ ਵੀ ਨਹੀਂ ਤਾਂ
ਕੋਈ ਕਿੱਸਾ ਸੁਣਾ
ਕੁਝ ਤਾਂ ਗੁਣਗੁਣਾ।

ਤੂੰ ਬੋਲਦੀ ਕਿਓਂ ਨਹੀਂ ?
ਮਨ ਫਲੋਰਦੀ ਕਿਓਂ ਨਹੀਂ?
ਤੂੰ ਕਹਿੰਦੀ ਸੀ
ਤੂੰ ਸਕੂਲੇ ਨਹੀਂ ਗਈ
ਪਰ ਤੇਰੀ ਦਾਦੀ ਤੈਨੂੰ
ਸਭ ਕੁਝ ਸਿਖਾਉਂਦੀ ਸੀ
ਰਾਤ ਪੈ ਮੰਜੇ ਸਮਝਾਉਂਦੀ ਸੀ ।
ਚੰਨ, ਤਾਰਿਆਂ ਬਾਰੇ,
ਸਪਤ ਰਿਸ਼ੀ ਤੇ
ਧਰੂੰ ਤਾਰੇ ਦੀ ਕਹਾਣੀ
ਬੋਲ ੨ ਸੁਣਾਉਂਦੀ ਸੀ ।
ਉਹ 1,2,3.. ਵੀ ਕਹਾਉਂਦੀ ਸੀ ।

ਬਾਤਾਂ ਤੇ ਕਹਾਣੀਆਂ ਪਾਉਂਦੀ ਸੀ
ਚਿੜੀ ਦੀ,
ਤੋਤੇ-ਮੈਨਾ ਦੀ,
ਚੂਹੇ-ਬਿੱਲੀ ਦੀ,
ਕੱਛੂ- ਖਰਗੋਸ ਦੀ,
ਰਾਜਾ ਹਰੀਸ਼ ਦੀ,
ਰਾਣੀ ਝਾਂਸੀ ਦੀ,
ਗੁਰੂ ਗੋਬਿੰਦ ਸਿੰਘ ਦੀ,
ਬੰਦਾ ਸਿੰਘ ਬਹਾਦਰ ਦੀ,
ਭਗਤ, ਰਾਜਗੁਰੂ, ਸੁਖਦੇਵ ਦੀ।

ਕਿਓਂ ਤੂੰ ਭੁੱਲੀ ਏਂ ਕਿੱਸੇ, ਬਾਤਾਂ,
ਕਹਾਣੀ ਜਿਹੀਆਂ ਸੌਗਾਤਾਂ
ਦਾਦੀ ਦੀਆਂ ਗਲਾਂ ਸੁਣ ਹੀ
ਝਾਂਸੀ ਰਾਣੀ ਤੇ ਵੀਰ ਜੋਧੇ ਬਣੇ,
ਧਰੂੰ ਭਗਤ ਤੇ ਧੰਨੇ ਜੱਟ ਤਣੇ ।
ਤੇਰੀ ਚੁੱਪ ਨੇ ਤਾਂ
ਰੰਗਲਾ ਸਮਾਜ ਹੀ
ਕੰਗਲਾ ਕਰ ਦਿੱਤਾ
ਤੋੜ ਦੇ ਦਾਦੀ ਚੁੱਪੀ ਤੇ
ਸੁਣਾਇਆ ਕਰ ਗਾਥਾ
ਭੁੱਲ ਨਾ ਜਾਈਂ ਦਾਦੀ
ਪੋਤੇ, ਪੋਤੀ ਵਾਲਾ ਨਾਤਾ।

ਦੇਖੀਂ ਦਾਦੀ ਮੈਂ ਕਿਤੇ
ਅਧੂਰਾ ਨਾ ਰਹਿ ਜਾਵਾਂ
ਤੇਰੇ ਮੋਹ ਤੇ ਰੋਹ ਤੋਂ ਬਿਨਾਂ
ਕੁਝ ਵੀ ਨਾ ਕਰ ਪਾਵਾਂ।

ਦਾਦੀ ਮੇਰੀ ਦਾਦੀ
ਕੋਈ ਲੋਰੀ ਗਾ
ਚੱਲ ਇਹ ਛੱਡ
ਕੋਈ ਬਾਤ ਪਾ।



ਰਬਿੰਦਰ ਸ਼ਰਮਾ
91-98146-67682

## ਵਿਸ਼ਾਲ ਕਵੀ ਦਰਬਾਰ ਅਤੇ ਲੋਕ ਅਰਪਣ ਸਮਾਗਮ ਸੰਪਨ

**ਫਗਵਾੜਾ (ਸਤਨਾਮ ਸਿੰਘ ਸਹੂੰਗੜਾ)-** ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਅਤੇ ਅਦਬੀ ਸਾਗਰ ਵਿਰਕਾਂ ਦੇ ਸਾਂਝੇ ਉੱਦਮ ਨਾਲ ਡਾਕਟਰ ਬੀ ਆਰ ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਅਤੇ ਪੁਸਤਕ ਲੋਕ - ਅਰਪਣ ਸਮਾਗਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਸਰਵ ਸ੍ਰੀ ਸੰਧੂ ਵਰਿਆਣਵੀ ਪ੍ਰੋਫੈਸਰ, ਇਕਬਾਲ ਘਾਰੂ, ਰੇਸ਼ਮ ਚਿੱਤਰਕਾਰ, ਸ਼ਾਮ ਸਰਗੁੰਦੀ ਅਤੇ ਬਲਦੇਵ ਕੋਮਲ ਨੇ ਕੀਤੀ। ਅੰਬੇਡਕਰੀ ਮਿਸ਼ਨ ਦੇ ਪ੍ਰਬੁੱਧ ਸਾਹਿਤਕਾਰ ਸ੍ਰੀ ਸੋਹਨ ਸਹਿਜਲ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਉੱਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾਕਟਰ ਸਾਹਿਬ ਨੇ ਸਮੁੱਚੀ ਜ਼ਿੰਦਗੀ ਮਾਨਵਤਾ ਦੀ ਭਲਾਈ ਹਿੱਤ ਭਾਰਤ ਦੇ ਦੱਬੇ - ਕੁਚਲੇ ਲੋਕਾਂ ਦੇ ਲੇਖੇ ਲਾ ਦਿੱਤੀ। ਪ੍ਰਬੁੱਧ ਵਿਦਵਾਨ ਪ੍ਰਿੰਸੀਪਲ ਇੰਦਰਜੀਤ ਸਿੰਘ "ਵਾਸੂ " ਵੱਲੋਂ ਰਚਿਤ ਪਵਨ ਹਰਚੰਦਪੁਰੀ ਰਚਿਤ ਮਹਾ-ਕਾਵਿ " ਜਨਮ-ਏ-ਖਾਲਸਾ" ਦਾ ਬਹੁਪੱਖੀ ਅਧਿਐਨ ਪੁਸਤਕ ਲੋਕ - ਅਰਪਣ ਕੀਤੀ ਗਈ। ਇਸ ਪੁਸਤਕ ਤੇ ਸਰਵ ਸ਼੍ਰੀ ਜਗਦੀਸ਼ ਰਾਣਾ, ਰਵਿੰਦਰ ਚੋਟ, ਪਵਨ ਹਰਚੰਦਪੁਰੀ, ਡਾਕਟਰ ਜਗੀਰ ਸਿੰਘ 'ਨੂਰ' 'ਆਦਿ ਨੇ ਆਪਣੇ- ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਪ੍ਰਿੰਸੀਪਲ 'ਵਾਸੂ 'ਜੀ ਨੇ ਸੱਤ ਮਹੀਨਿਆਂ ਦੀ ਅਣਥੱਕ ਮਿਹਨਤ ਨਾਲ ਖਾਲਸੇ ਦੇ ਸਿਧਾਂਤਾਂ ਦੀ ਕਸਵੱਟੀ ਤੇ ਪਰਖਦਿਆਂ ਜਨਮ-ਏ -ਖਾਲਸਾ ਮਹਾਂ-ਕਾਵਿ




ਦਾ ਸਾਰਥਕ ਮੁਲਾਂਕਣ ਕੀਤਾ ਹੈ। ਸਰਬ ਸ੍ਰੀ ਇਕਬਾਲ ਘਾਰੂ, ਗੁਲਜਾਰ ਸ਼ੌਂਕੀ, ਦੇਸ ਰਾਜ ਬਾਲੀ, ਜਸਵਿੰਦਰ ਸਿੰਘ, ਸਤਪਾਲ ਸਾਹਲੋਂ, ਗੁਰਮੁਖ ਸਿੰਘ, ਜੱਸੀ, ਅਮਨਦੀਪ ਦਰਦੀ, ਪਵਨ ਭੰਮੀਆਂ, ਅਮਰੀਕ ਹਮਰਾਜ, ਹਰਦਿਆਲ ਹੁਸ਼ਿਆਰਪੁਰੀ, ਕਮਲਜੀਤ ਕੰਵਰ, ਦਿਲਜੀਤ ਮਹਿਮੀ, ਸੀਰਤ ਸਿਖਿਆਰਥੀ, ਮਨੋਜ ਫਗਵਾੜਵੀ, ਗੁਰਦੀਪ ਸੈਣੀ, ਸ਼ਾਮ ਸਰਗੁੰਦੀ, ਮਨਜੀਤ ਸਿੰਘ, ਸੋਹਣ ਸਹਿਜਲ, ਭਿੰਡਰ ਪਟਵਾਰੀ, ਇੰਦਰਪਾਲ ਸਿੰਘ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪ੍ਰੋਫੈਸਰ ਸੰਧੂ ਵਰਿਆਣਵੀ ਨੇ ਜਿੱਥੇ ਹਾਜ਼ਰ ਕਵੀਆਂ ਅਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ, ਉਥੇ ਵਿਸ਼ੇਸ਼ ਤੌਰ ਤੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਦੇ ਚੇਅਰਮੈਨ ਮੱਖਣ ਲੁਹਾਰ ਹੋਰਾਂ ਦਾ ਵੀ ਧੰਨਵਾਦ ਕੀਤਾ। ਜਿਨਾਂ ਨੇ ਵਿਸ਼ੇਸ਼ ਤੌਰ 'ਤੇ ਆਰਥਿਕ ਸਹਿਯੋਗ ਭੇਜ ਕੇ ਇਸ ਸਮਾਗਮ ਦੀ ਸਫਲਤਾ ਵਿੱਚ ਆਪਣਾ ਯੋਗਦਾਨ ਪਾਇਆ। ਮੰਚ ਸੰਚਾਲਨ ਸ੍ਰੀ ਜਗਦੀਸ਼ ਰਾਣਾ ਜਨਰਲ ਸਕੱਤਰ ਨੇ ਬਾ -ਖੂਬੀ ਨਿਭਾਈਆ।

(ਸੇਵਾ ਮੁਕਤੀ 'ਤੇ ਵਿਸ਼ੇਸ਼)

# ਸੰਘਰਸ਼ੀ ਯੋਧਾ ਕਲਾ ਅਧਿਆਪਕ ਸੁਖਵਿੰਦਰ ਸਿੰਘ ਗੁਰਦਿੱਤਪੁਰਾ



ਮੇਜਰ ਸਿੰਘ ਨਾਭਾ
91-94635-53962

ਅਧਿਆਪਕ ਨੂੰ ਕੌਮ ਦਾ ਨਿਰਮਾਤਾ ਹੋਣ ਦਾ ਮਾਣ ਹੈ , ਸਮੇਂ ਦੇ ਚੱਕਰ ਨਾਲ ਅੱਜ ਅਧਿਆਪਕ ਦਾ ਸਮਾਜ ਅੰਦਰ ਪਹਿਲਾਂ ਵਾਲਾ ਸਤਿਕਾਰ ਨਹੀਂ ਰਿਹਾ ਪਰ ਫਿਰ ਵੀ ਕਈ ਅਧਿਆਪਕ ਸਮਾਜ ਅੰਦਰ ਨਿਵੇਕਲੀ ਪਹਿਚਾਣ ਬਣਾਉਣ 'ਚ ਕਾਮਯਾਬ ਹੁੰਦੇ ਹਨ ਇਹੋ ਜਿਹੇ ਹੀ ਹੱਸਮੁੱਖ ਸੁਭਾਅ ਦੇ ਮਾਲਕ, ਜ਼ਿੰਦਾਦਿਲੀ ਦੀ ਮਿਸਾਲ, ਸਿਰੜ ਅਤੇ ਮਿਹਨਤ ਦਾ ਮੁਜੱਸਮਾ, ਸੰਘਰਸ਼ੀ ਰਾਹਾਂ ਦੇ ਪਾਂਧੀ, ਸਿੱਖਿਆ ਜਗਤ ਦੇ ਚਾਨਣ-ਮੁਨਾਰੇ, ਇਮਾਨਦਾਰ, ਉੱਚੀ-ਸੁੱਚੀ ਤੇ ਲਾਸਾਨੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਸੁਖਵਿੰਦਰ ਸਿੰਘ ਸਿੱਖਿਆ ਵਿਭਾਗ ਪੰਜਾਬ ਤੋਂ 30 ਅਪਰੈਲ 2024 ਨੂੰ 32 ਸਾਲ ਤਿੰਨ ਮਹੀਨੇ 28 ਦਿਨ ਦੀ ਬੇਦਾਗ਼ ਤੇ ਸੁਚੱਜੀ ਸੇਵਾ ਨਿਭਾਉਣ ਉਪਰੰਤ, ਭਾਈ ਕਾਹਨ ਸਿੰਘ ਨਾਭਾ, ਸ ਸ ਸ ਸ (ਲੜਕੀਆਂ) ਨਾਭਾ ਤੋਂ ਬਤੌਰ ਆਰਟ ਐਂਡ ਕਰਾਫਟ ਅਧਿਆਪਕ ਸੇਵਾ ਮੁਕਤ ਹੋਣ ਜਾ ਰਹੇ ਹਨ।ਪੂਰੇ ਅਧਿਆਪਨ ਕਾਲ ਦੌਰਾਨ ਆਪ ਜੀ ਵੱਲੋਂ ਵਿਦਿਆਰਥੀਆਂ ਅਤੇ ਸਕੂਲ ਦੀ ਭਲਾਈ ਲਈ ਪਾਇਆ ਯੋਗਦਾਨ ਬੇਮਿਸਾਲ ਅਤੇ ਸਲਾਹੁਣਯੋਗ ਰਿਹਾ । ਸਕੂਲ ਦੀ ਬਿਹਤਰੀ ਲਈ ਹਮੇਸ਼ਾ ਸਕੂਲ ਸਮੇਂ ਤੋਂ ਬਾਅਦ ਵੀ ਸਮਰਪਣ ਭਾਵਨਾ ਨਾਲ਼ ਕੰਮ ਕੀਤਾ।ਜੋ ਵੀ ਕੰਮ ਆਪ ਨੂੰ ਮਿਲਿਆ ਉਸ ਨੂੰ ਖੁਸ਼ੀ ਖੁਸ਼ੀ ਸਫਲਤਾਪੂਰਵਕ ਨਿਭਾਇਆ ।



ਸੁਖਵਿੰਦਰ ਸਿੰਘ ਦਾ ਜਨਮ 10 ਅਪਰੈਲ 1966 ਈ. ਨੂੰ ਪਿਤਾ ਕਾਮਰੇਡ ਨਛੱਤਰ ਸਿੰਘ ਜੀ ਦੇ ਘਰ ਸਵ. ਮਾਤਾ ਕਾਮਰੇਡ ਅਮਰ ਕੌਰ ਜੀ ਦੀ ਕੁੱਖੋਂ ਪਿੰਡ ਗੁਰਦਿੱਤਪੁਰਾ (ਨਾਭਾ) ਵਿਖੇ ਹੋਇਆ। ਮਿਡਲ ਦੀ ਪੜ੍ਹਾਈ ਆਪਣੇ ਪਿੰਡੋਂ ਕਰਨ ਉਪਰੰਤ ਪਿੰਡ ਬਾਗੜੀਆਂ (ਸੰਗਰੂਰ) ਤੋਂ 1982 ਈ. ਵਿੱਚ ਦਸਵੀਂ ਅਤੇ 1984 ਈ. ਵਿੱਚ ਨਾਭਾ ਤੋਂ ਆਰਟ ਐਂਡ ਕਰਾਫਟ ਦਾ ਕੋਰਸ ਕੀਤਾ।ਉਪਰੰਤ ਉਚੇਰੀ ਸਿੱਖਿਆ ਵੀ ਪ੍ਰਾਪਤ ਕੀਤੀ।ਨਿਮਨ ਕਿਰਸਾਨੀ ਵਰਗ ਨਾ਼ਲ ਜੁੜੇ ਪਰਿਵਾਰ ਦੀ ਮਦਦ ਲਈ ਖੇਤੀਬਾੜੀ ਦੇ ਨਾ਼ਲ-ਨਾ਼ਲ ਹੌਜ਼ਰੀ ਦਾ ਕੰਮ ਵੀ ਕਰਦੇ ਰਹੇ।ਇਸ ਸਮੇਂ ਪੰਜਾਬ ਅੰਦਰ ਅੱਤਵਾਦ ਦਾ ਦੌਰ ਸੀ ਤੇ ਪਿਤਾ ਜੀ ਕਿਉਂਕਿ ਕਮਿਊਨਿਸਟ ਲਹਿਰ ਵਿੱਚ ਸਰਗਰਮ ਸਨ ਇਸ ਲਈ ਪੰਜਾਬ ਸਰਕਾਰ ਵੱਲੋਂ ਪਰਿਵਾਰ ਦੀ ਸੁਰੱਖਿਆ ਲਈ ਆਪ ਜੀ ਦੀ ਬਤੌਰ ਐੱਸ.ਪੀ.ਓ ਆਰਜ਼ੀ ਤੈਨਾਤੀ ਕਰ ਦਿੱਤੀ ਗਈ।ਪਿਤਾ ਜੀ ਅਤੇ ਵੱਡੇ ਮਾਮਾ ਕਾਮਰੇਡ ਸਵ: ਮੁਖਤਿਆਰ ਸਿੰਘ ਜੀ ਦੀਆਂ ਇਨਕਲਾਬੀ ਸਰਗਰਮੀਆਂ ਨੇ ਉਸ ਅੰਦਰ ਜਿੱਥੇ ਸੰਘਰਸ਼ਾਂ ਦਾ ਜ਼ਜ਼ਬਾ ਪੈਦਾ ਕੀਤਾ ਉੱਥੇ ਹੀ ਦੁਨੀਆਂਦਾਰੀ ਦੀ ਸੋਝੀ ਵੀ ਦਿੱਤੀ।ਛੋਟੇ ਮਾਮਾ ਜੀ ਲੈਕਚਰਾਰ ਸਵ: ਅਮਰ ਸਿੰਘ ਮੀਮਸਾ, ਜੋ ਕਿ ਗੌਰਮਿੰਟ ਟੀਚਰ ਯੂਨੀਅਨ ਵਿੱਚ ਲੰਬੇ ਸਮੇਂ ਤੋਂ ਬਲਾਕ ਪ੍ਰਧਾਨ ਵੱਜੋਂ ਸੇਵਾਵਾਂ ਨਿਭਾ ਰਹੇ ਸਨ, ਉਹਨਾਂ ਦੇ ਪ੍ਰਭਾਵ ਕਾਰਨ ਜਨਵਾਦੀ ਨੌਜਵਾਨ ਸਭਾ ਦੇ ਮੈਂਬਰ ਵੱਜੋਂ ਸਰਗਰਮ ਰਹੇ। ਇਸ ਦੌਰਾਨ ਸਾਲ 1989 ਵਿੱਚ ਹੜਾਂ ਕਾਰਨ ਹੋਈ ਭਾਰੀ ਤਬਾਹੀ ਕਾਰਨ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦਵਾਉਣ ਲਈ ਜੇਲ੍ਹ ਭਰੋ ਅੰਦੋਲਨ ਦਾ ਹਿੱਸਾ ਬਣ ਕੇ ਥਾਣਾ ਸੈਂਟਰਲ ਚੰਡੀਗੜ੍ਹ ਵਿਖੇ 2 ਜੂਨ 1989 ਨੂੰ ਗ੍ਰਿਫ਼ਤਾਰੀ ਦਿੱਤੀ ਅਤੇ 23 ਦਿਨ ਪਟਿਆ਼ਲਾ ਜੇਲ੍ਹ ਵਿੱਚ ਰਹੇ।

ਉਹ 3 ਜਨਵਰੀ 1992 ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਵਿੱਚ, ਸਰਕਾਰੀ ਹਾਈ ਸਕੂਲ ਕਰਤਾਰਪੁਰ ਮੋਮੀਆਂ ਵਿਖੇ, ਬਤੌਰ ਆਰਟ ਐਂਡ ਕਰਾਫ਼ਟ ਅਧਿਆਪਕ ਨਿਯੁਕਤ ਹੋਏ।ਮਿਤੀ 01 ਫਰਵਰੀ 1995 ਨੂੰ ਉਸ ਦੀ ਬਦਲੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨਾਭਾ ਵਿਖੇ ਹੋ ਗਈ। ਇਸ ਸਕੂਲ ਵਿੱਚ ਫਾਈਨ ਆਰਟਸ ਵਿਸ਼ਾ +1 ਅਤੇ 2 ਦੇ ਵਿਦਿਆਰਥੀਆਂ ਨੂੰ ਇਸ ਵਿਸ਼ੇ ਦੇ ਲੈਕਚਰਾਰ ਦੀ ਪੋਸਟ ਨਾ ਹੋਣ ਕਾਰਨ ਪੜ੍ਹਾਇਆ ਨਹੀਂ ਜਾਂਦਾ ਸੀ । ਜਿਸ ਨਾਲ ਕਲਾ 'ਚ ਰੁਚੀ ਵਾਲੇ ਬੱਚੇ ਇਸ ਵਿਸ਼ੇ ਤੋਂ ਵਾਂਝੇ ਰਹਿਣ ਕਾਰਨ ਆਪਣੇ ਜੀਵਨ ਕਈ ਖੇਤਰਾਂ ਵਿੱਚ ਰੁਜ਼ਗਾਰ ਨਹੀ ਪਾ ਪਾਉਂਦੇ ਸਨ । ਸੁਖਵਿੰਦਰ ਸਿੰਘ ਨੇ ਇਸ ਭਲੇ ਕਾਰਜ ਨੂੰ ਬੱਚਿਆਂ ਦੀ ਭਲਾਈ ਲਈ ਆਪਣੀ ਕਲਾ 'ਚ ਪੂਰਨ ਮੁਹਾਰਤ ਹੋਣ ਸਦਕਾ ਬੱਚਿਆਂ ਦੇ ਭਵਿੱਖ ਨੂੰ ਰੁਜ਼ਗਾਰ ਨਾਲ ਜੋੜਨ ਲਈ ਫਾਈਨ ਆਰਟਸ ਵਿਸ਼ਾ ਪੜ੍ਹਾਉਣਾ ਸ਼ੁਰੂ ਕੀਤਾ ਜਿਸ ਦੇ ਬੜੇ ਵਧੀਆ ਨਤੀਜੇ ਸਾਹਮਣੇ ਆਏ ਹਨ । ਇਸ ਨਾਲ ਬੱਚਿਆਂ ਨੇ ਕਈ ਖੇਤਰਾਂ 'ਚ ਰੁਜ਼ਗਾਰ ਪ੍ਰਾਪਤ ਕਰਕੇ ਆਪਣੀ ਜ਼ਿੰਦਗੀ ਬਦਲ ਲਈ।

ਉਹ ਅਧਿਆਪਨ ਕਾਰਜ਼ ਦੇ ਨਾ਼ਲ-ਨਾ਼ਲ ਲਗਭਗ 1995 ਤੋਂ ਹੀ ਗੌਰਮਿੰਟ ਟੀਚਰ ਯੂਨੀਅਨ 1406/22-ਬੀ ਚੰਡੀਗੜ ਦੇ ਸਰਗਰਮ ਵਰਕਰ ਵਜੋਂ ਕੰਮ ਕਰਦੇ ਰਹੇ। ਉਸ ਤੋਂ ਬਾਅਦ ਲਗਾਤਾਰ ਨਾਭਾ ਤਹਿ. ਦੇ ਬਲਾਕ ਪ੍ਰਧਾਨ ਵਜੋਂ ਵਿਚਰਦੇ ਹੋਏ ਅਧਿਆਪਕਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਸੰਘਰਸ਼ਾਂ ਨਾਲ ਜੁੜ੍ਹੇ ਰਹੇ ।ਉਹ ਪਟਿਆਲਾ ਜਿਲ੍ਹੇ ਦੇ ਪਿਛਲੇ ਤਕਰੀਬਨ ਛੇ ਸਾਲਾਂ ਤੋਂ ਲਗਾਤਾਰ ਤੀਜੀ ਵਾਰ ਜੀ.ਟੀ.ਯੂ. ਦੇ ਸੀਨੀ: ਮੀਤ ਪ੍ਰਧਾਨ ਹੁਣੇ ਹੀ ਸਰਬਸੰਮਤੀ ਨਾਲ ਚੁਣੇ ਗਏ ਹਨ । ਉਹ ਸੂਬਾ / ਜਿਲ੍ਹਾ ਪੱਧਰ ਦੀਆਂ ਰੈਲੀਆਂ , ਧਰਨਿਆਂ ਆਦਿ ਵਿੱਚ ਭਾਰੀ ਗਿਣਤੀ ਵਿੱਚ ਸਾਥੀ ਅਧਿਆਪਕਾਂ ਨੂੰ ਨਾਲ ਲੈ ਕੇ ਹਮੇਸ਼ਾ ਸਮੂਲੀਅਤ ਕਰਨ ਸਮੇਂ ਮੋਹਰੀ ਹੋ ਕੇ ਭੂਮਿਕਾ ਨਿਭਾ ਰਹੇ ਹਨ । ਉਨ੍ਹਾਂ ਵਲੋਂ ਅਧਿਆਪਕਾਂ ਅਤੇ ਸਕੂਲਾਂ ਦੇ ਵੱਕਾਰ ਦੀ ਬਹਾਲੀ ਦਾ ਇਹ ਸੰਘਰਸ਼ ਬਾਦਸਤੂਰ ਅੱਜ ਵੀ ਜਾਰੀ ਹੈ। ਜੇਕਰ ਗੱਲ ਕਰੀਏ ਪਰਿਵਾਰ ਦੀ, ਉਨ੍ਹਾਂ ਦਾ ਵਿਆਹ ਸ੍ਰੀਮਤੀ ਰਣਧੀਰ ਕੌਰ ਜੀ ਨਾ਼ਲ 26 ਮਾਰਚ 1995 ਨੂੰ ਪਿੰਡ ਪੋਹੀੜ ਜਿਲ੍ਹਾ ਲੁਧਿਆਣਾ ਵਿਖੇ ਹੋਇਆ।ਘਰ ਵਿੱਚ ਦੋ ਬੱਚਿਆਂ ਪੁੱਤਰ ਜਗਦੀਪ ਸਿੰਘ ਅਤੇ ਬੇਟੀ ਅਵਨੀਤ ਕੌਰ ਨੇ ਜਨਮ ਲਿਆ।ਬੇਟਾ ਅੱਜ-ਕੱਲ੍ਹ ਯੂ.ਕੇ ਵਿੱਚ ਐੱਮ.ਬੀ.ਏ ਦੀ ਪੜ੍ਹਾਈ ਕਰ ਰਿਹਾ ਹੈ ਅਤੇ ਬੇਟੀ ਕਨੇਡਾ ਪੀ.ਆਰ ਹੋਣ ਉਪਰੰਤ ਮੌਂਟਰੀਅਲ ਵਿਖੇ ਨਾਨਕਾ ਪਰਿਵਾਰ ਪਾਸ ਰਹਿ ਰਹੀ ਹੈ। ਉਨ੍ਹਾਂ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਦਲੇ ਵੱਖ-ਵੱਖ ਸਮਿਆਂ 'ਤੇ ਵਿਭਾਗੀ ਸਨਮਾਨਾਂ ਤੋਂ ਇਲਾਵਾ ਹੋਰ ਵੱਖ-ਵੱਖ ਸੰਸਥਾਵਾਂ ਜਿਵੇਂ; ਸੋਸ਼ਲ ਵੈੱਲਫੇਅਰ ਸੋਸਾਇਟੀ ਰਜ਼ਿ. ਪਟਿਆ਼ਲਾ, ਰੋਟਰੀ ਕਲੱਬ ਨਾਭਾ ਗਰੇਟਰ ਨਾਭਾ,ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆ਼ਲਾ, ਸ੍ਰੀਮਤੀ ਸੰਤੋਸ਼ ਦੇਵੀ ਚੈਰੀਟੇਬਲ ਟਰੱਸਟ ਆਦਿ ਵੱਲੋਂ ਉਸ ਨੂੰ ਸਨਮਾਨਿਤ ਕੀਤਾ ਗਿਆ। ਸਕੂਲ 'ਚ ਸੰਤੋਸ਼ ਦੇਵੀ ਬਲਾਕ ਬਣਾਉਣ ਸਮੇਂ ਉਸ ਨੇ ਅਹਿਮ ਭੂਮਿਕਾ ਨਿਭਾਈ ।

ਗਰੀਬ ਲੋੜਵੰਦ ਬੱਚਿਆਂ ਦੀ ਹਰੇਕ ਕਿਸਮ ਦੀ ਮਦਦ ਕਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਪਹਿਲੂ ਹੈ । ਨਾਭਾ ਦੇ ਹੀ ਨਹੀਂ ਸਗੋਂ ਇਲਾਕੇ ਦੇ ਨਾਮਵਰ ਕੁ-ੜੀਆਂ ਦੇ ਸਕੂਲ ਵਿੱਚ ਲੰਬਾ ਸਮਾਂ ਡਿਊਟੀ ਨਿਭਾਉਣਾ ਵੀ ਉਸ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਦੇ ਸਕੂਲ ਦੇ ਹਰੇਕ ਪ੍ਰਿੰਸੀਪਲ ਅਤੇ ਲੇਡੀ / ਜੈਂਟਸ ਸਟਾਫ ਨਾਲ ਹਮੇਸ਼ਾ ਪਰਿਵਾਰ ਵਾਂਗ ਸਬੰਧ ਰਹੇ ਹਨ। ਆਸ ਹੈ ਕਿ ਉਹ ਸੇਵਾ ਮੁਕਤੀ ਤੋਂ ਬਾਅਦ ਹੋਰ ਵਧੇਰੇ ਸਮਾਜ ਦੀ ਅਤੇ ਅਧਿਆਪਕ ਜਥੇਬੰਦੀ ਨਾਲ ਜੁੜ ਕੇ ਸੇਵਾ ਕਰਨੀ ਜਾਰੀ ਰੱਖਣਗੇ , ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

# ਆਮ ਆਦਮੀ ਪਾਰਟੀ ਵਿਕਾਸ ਦੇ ਮੁੱਦੇ ਉਤੇ ਚੋਣ ਪਿੜ ਵਿੱਚ ਉੱਤਰੀ ਹੈ: ਗੁਰਮੀਤ ਸਿੰਘ ਮੀਤ ਹੇਅਰ

ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ) ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵਿਕਾਸ ਦੇ ਮੁੱਦੇ ਉਤੇ ਚੋਣ ਪਿੜ ਵਿੱਚ ਉੱਤਰੀ ਹੈ ਅਤੇ ਸਰਕਾਰ ਦੀਆਂ ਦੋ ਸਾਲ ਦੀਆਂ ਪ੍ਰਾਪਤੀਆਂ ਨੂੰ ਲੈ ਕੇ ਲੋਕਾਂ ਵਿੱਚ ਜਾਇਆ ਜਾ ਰਿਹਾ ਹੈ। ਇਹ ਗੱਲ ਅੱਜ ਸੁਨਾਮ ਵਿਖੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਗ੍ਰਹਿ ਵਿਖੇ ਸੰਗਰੂਰ ਪਾਰਲੀਮੈਂਟ ਨਾਲ ਸਬੰਧਤ ਵਿਧਾਨ ਸਭਾ ਹਲਕਿਆਂ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਸੰਗਰੂਰ ਤੋਂ ਪਾਰਟੀ ਉਮੀਦਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਹੀ।

ਮੀਟਿੰਗ ਵਿੱਚ ਮੀਤ ਹੇਅਰ ਤੇ ਸ੍ਰੀ ਅਰੋੜਾ ਸਮੇਤ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਸਾਥੀ ਜਮੀਲ ਉਰ ਰਹਿਮਾਨ, ਨਰਿੰਦਰ ਕੌਰ ਭਰਾਜ, ਬਰਿੰਦਰ ਗੋਇਲ ਤੇ ਲਾਭ ਸਿੰਘ ਉੱਗੋਕੇ ਅਤੇ ਪਨਸੀਡ ਦੇ ਚੇਅਰਮੈਨ ਤੇ



ਲੋਕ ਸਭਾ ਹਲਕਾ ਇੰਚਾਰਜ ਮਹਿੰਦਰ ਸਿੰਘ ਸਿੱਧੂ ਹਾਜ਼ਰ ਸਨ ਜਿਨ੍ਹਾਂ ਮਿਲ ਕੇ ਸੰਗਰੂਰ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਪਾਉਣ ਲਈ ਦਿਨ-ਰਾਤ ਮਿਹਨਤ ਕਰਨ ਦਾ ਵਿਸ਼ਵਾਸ ਦਿਵਾਇਆ। ਮੀਤ ਹੇਅਰ ਨੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਮੀਟਿੰਗ ਦੌਰਾਨ ਚੋਣਾਂ ਬਾਰੇ ਚਰਚਾ ਹੋਈ ਅਤੇ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਤੱਕ ਪਹੁੰਚਾਣ ਦਾ ਪ੍ਰੋਗਰਾਮ ਉਲੀਕਿਆ ਗਿਆ। ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਨੀਤੀਆਂ, ਫੈਸਲਿਆਂ ਅਤੇ ਕੰਮਾਂ ਨੂੰ ਹਰ ਘਰ ਵਿੱਚ ਲਿਜਾਂਵਾਗੇ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿਰਫ਼ 2 ਸਾਲਾਂ ਵਿੱਚ ਪੰਜਾਬ ਵਿੱਚ ਚਾਰ ਵੱਡੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਹਰ ਕਿਸੇ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ, ਸਕੂਲ ਆਫ਼ ਐਮੀਨੈਂਸ, ਆਮ ਆਦਮੀ ਕਲੀਨਿਕ ਅਤੇ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦ ਕੇ ਪੰਜਾਬ ਦੇ ਲੋਕਾਂ ਨੂੰ ਦੇ ਦਿੱਤਾ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਸਭ ਕੁਝ ਸਿਰਫ਼ ਦੋ ਸਾਲਾਂ ਵਿੱਚ ਹੀ ਹਾਸਲ ਕਰ ਲਿਆ। ਅਸੀਂ ਸ਼ਹੀਦਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਐਕਸ-ਗ੍ਰੇਸ਼ੀਆ ਦੇ ਰਹੇ ਹਾਂ। ਅਸੀਂ 14 ਟੋਲ ਪਲਾਜ਼ੇ ਬੰਦ ਕਰਕੇ ਆਮ ਲੋਕਾਂ ਦਾ ਆਰਥਿਕ ਬੋਝ ਘਟਾਇਆ ਹੈ। ਅਸੀਂ ਯੋਗਤਾ ਦੇ ਆਧਾਰ 'ਤੇ ਪੰਜਾਬ ਦੇ ਨੌਜਵਾਨਾਂ ਨੂੰ 43000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਸਾਡੀ ਸਰਕਾਰ ਨੇ 13000 ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ। ਖੇਡ ਪੱਖੀ ਮਾਹੌਲ ਸਿਰਜਣ ਲਈ ਨਿਵੇਕਲੀ ਖੇਡ ਨੀਤੀ ਬਣਾਈ। ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਇਆ। ਫਸਲਾਂ ਦੀ ਮੰਡੀਕਰਨ ਬਿਹਤਰ ਕੀਤੀ ਅਤੇ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਵਿੱਚ ਨਿਰਵਿਘਨ 10 ਘੰਟੇ ਬਿਜਲੀ ਦਿੱਤੀ।

ਅਮਨ ਅਰੋੜਾ ਨੇ ਬੋਲਦਿਆਂ ਕਿਹਾ ਕਿ ਅਸੀਂ ਦੋ ਸਾਲਾਂ ਚ ਪ੍ਰਭਾਵਸ਼ਾਲੀ ਕੰਮ ਕੀਤੇ ਹਨ। ਅਸੀਂ ਆਪਣੇ ਸਾਰੇ ਕੰਮਾਂ, ਪ੍ਰਾਪਤੀਆਂ ਅਤੇ ਪੰਜਾਬ ਪੱਖੀ ਫੈਸਲਿਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਜਾ ਰਹੇ ਹਾਂ। ਵਲੰਟੀਅਰ ਅਤੇ ਆਗੂ ਘਰ-ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕਰਨਗੇ, ਮੀਟਿੰਗਾਂ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹਮੇਸ਼ਾ ਹੀ ਉਨ੍ਹਾਂ ਆਗੂਆਂ ਦਾ ਵਿਰੋਧ ਕੀਤਾ ਹੈ ਜਿਨ੍ਹਾਂ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਪੰਜਾਬ ਦੇ ਲੋਕ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਮੂੰਹ ਨਹੀਂ ਲਾਉਣਗੇ।ਪੰਜਾਬ ਨੇ ਹਮੇਸ਼ਾ ਹੀ ਉਨ੍ਹਾਂ ਆਗੂਆਂ ਦਾ ਵਿਰੋਧ ਕੀਤਾ ਹੈ ਜਿਨ੍ਹਾਂ ਨੇ ਪੰਜਾਬ ਨਾਲ ਧੋਖਾ ਕੀਤਾ ਹੈ।

# ਸਰਕਾਰੀ ਕੰਮਾਂ ਨੂੰ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਮੁਲਾਜਮਾਂ ਦਾ ਮਨੋਬਲ ਅਤੇ ਰੁਤਬਾ ਬਹਾਲ ਕਰਨ ਲੋੜ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਸਰਕਾਰੀ ਮੁਲਾਜ਼ਮ ਅਤੇ ਪ੍ਰਸ਼ਾਸਨਿਕ ਅਧਿਕਾਰੀ ਸਰਕਾਰਾਂ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਸਰਕਾਰ ਨੀਤੀਆਂ ਨੀਤੀਆਂ ਅਤੇ ਸਰਕਾਰੀ ਸਹੂਲਤਾਂ ਨੂੰ ਸਹੀ,ਸੁਚਾਰੂ ਅਤੇ ਸੁਚੱਜੇ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਅਮਲਦਾਰੀ ਲਈ ਪ੍ਰਸ਼ਾਸਨ ਇੱਕ ਮਜਬੂਤ ਕੜੀ ਵਜੋਂ ਕੰਮ ਕਰਦਾ ਹੈ। ਪ੍ਰਸ਼ਾਸ਼ਨਿਕ ਅਧਿਕਾਰੀ ਅਤੇ ਕਰਮਚਾਰੀ ਸਰਵਿਸ ਨਿਯਮਾਂ ਅਤੇ ਕਾਨੂੰਨ ਮੁਤਾਬਿਕ ਆਪਣੇ ਕੰਮ ਅਤੇ ਡਿਊਟੀ ਨੂੰ ਸਮਰਪਿਤ ਹੁੰਦੇ ਹਨ ਅਤੇ ਆਪਣੇ ਕੰਮਾਂ ਪ੍ਰਤੀ ਆਪਣੇ ਉੱਚ ਅਧਿਕਾਰੀਆਂ, ਸਰਕਾਰ ਅਤੇ ਜਨਤਾ ਨੂੰ ਜਵਾਬਦੇਹ ਹੁੰਦੇ ਹਨ।ਅਜ਼ਾਦੀ ਤੋਂ ਪਹਿਲਾਂ ਸਰਕਾਰੀ ਮੁਲਾਜ਼ਮ ਅਸਲੀਅਤ ਚ ਆਪਣੀ ਡਿਊਟੀ ਪ੍ਰਤੀ ਇਮਾਨਦਾਰ, ਉੱਚ ਅਧਿਕਾਰੀਆਂ ਅਤੇ ਕਾਨੂੰਨ ਨੂੰ ਜਵਾਬਦੇਹ ਹੁੰਦੇ ਸਨ ਅਤੇ ਨਾਲ ਹੀ ਉਹਨਾਂ ਦੇ ਰੁਤਬੇ ਨੂੰ ਇੱਜਤ ਅਤੇ ਮੁਲਾਜ਼ਮ ਪੂਰਾ ਮਾਣ ਸਤਿਕਾਰ ਮਿਲਦਾ ਸੀ। ਹਰ ਅਧਿਕਾਰੀ ਅਤੇ ਮੁਲਾਜ਼ਮ ਮਹਿਕਮੇ ਦੇ ਨਿਯਮਾਂ ਅਤੇ ਹਦਾਇਤਾਂ ਮੁਤਾਬਿਕ ਆਜ਼ਾਦਾਨਾ ਢੰਗ ਨਾਲ ਡਿਊਟੀ ਪ੍ਰਤੀ ਵਫਾਦਾਰੀ ਨਿਭਾਉਂਦਾ ਸੀ ਕਿਉਂਕਿ ਬੇਲੋੜੀ ਦਖਲਅੰਦਾਜ਼ੀ ਦੀ ਤਾਂ ਕੋਈ ਸੰਭਾਵਨਾ ਹੀ ਨਹੀਂ ਸੀ। ਡਿਊਟੀ 'ਚ ਲਾਪਰਵਾਹੀ ਅਤੇ ਅਨੁਸ਼ਾਸਨਹੀਣਤਾ ਦਾ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਖਾਮਿਆਜ਼ਾ ਜਾਂ ਸਜ਼ਾ ਭੁਗਤਣੀ ਪੈਂਦੀ ਸੀ।ਕਿਸੇ ਮਹਿਕਮੇ ਚ ਵਾਪਰੇ ਹਾਦਸੇ ਜਾਂ ਘਟਨਾ ਦੇ ਮੱਦੇਨਜ਼ਰ ਸੰਬੰਧਿਤ ਮੰਤਰੀ ਨਿੱਜੀ ਜੁੰਮੇਵਾਰੀ ਕਬੂਲਦਿਆਂ ਅਸਤੀਫਾ ਵੀ ਦੇ ਦਿੰਦੇ ਸਨ।

ਪਰ ਆਜ਼ਾਦ ਭਾਰਤ ਚ ਤਾਂ ਉੱਲਟੀ ਗੰਗਾ ਵਹਿ ਤੁਰੀ ਹੈ।ਹੱਦ ਤੋਂ ਵੱਧ ਅਤੇ ਬੇਲੋੜੀ ਸਿਆਸੀ ਦਖਲਅੰਦਾਜ਼ੀ ਨੇ ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਮੁਲਾਜ਼ਮਾਂ ਦੇ ਹੱਥ ਬੰਨ ਕੇ ਬੇਵੱਸ ਕਰ ਦਿੱਤੇ ਹਨ। ਸਿਆਸਤਵਾਦ ਇਤਨਾ ਵੱਧ ਗਿਆ ਹੈ ਕਿ ਸਰਕਾਰ ਦੇ ਛੋਟੇ ਤੋਂ ਛੋਟੇ ਕੰਮ ਇਲਾਕੇ ਲੀਡਰ ਦੀ ਹਾਮੀ ਬਿਨਾਂ ਪੂਰੇ ਨਹੀਂ ਹੁੰਦੇ।ਕਾਨੂੰਨ ਨੂੰ ਹੀ ਸਿਆਸਤ ਨੇ ਆਪਣਾ ਪਾਣੀ ਭਰਨ ਲਾ ਲਿਆ ਹੈ। ਅਜੋਕੇ ਦੌਰ ਚ ਕਾਨੂੰਨ ਸਿਰਫ ਗਰੀਬਾਂ ਲਈ ਹੈ ਅਤੇ ਅਮੀਰ ਅਤੇ ਸਿਆਸੀ ਲੋਕ ਕਾਨੂੰਨ ਲਈ ਹਨ।ਲੋਕਤੰਤਰ ਹੁਣ ਛੜਤੰਤਰ ਬਣ ਕੇ ਰਹਿ ਗਿਆ ਜਾਪਦਾ ਹੈ।ਆਪਣੇ ਹੱਕਾਂ ਦੀ ਮੰਗ ਕਰਨ 'ਤੇ ਡਾਂਗਾਂ ਅਤੇ ਕੱਪੜਿਆਂ ਸਮੇਤ ਇਸ਼ਨਾਨ ਮਿਲਦਾ ਹੈ। ਇਸਤਰੀਆਂ, ਲੜਕੀਆਂ ਅਤੇ ਬਜੁਰਗਾਂ ਦੀ ਇੱਜ਼ਤ ਦਾ ਵੀ ਖਿਆਲ ਨਾ ਰੱਖ ਕੇ ਸ਼ਰੇਆਮ ਰੋਲਿਆ ਜਾਂਦਾ ਹੈ।

ਇਸੇ ਤਰ੍ਹਾਂ ਜੇ ਕੋਈ ਅਧਿਕਾਰੀ ਜਾਂ ਕਰਮਚਾਰੀ ਸਿਆਸੀ ਆਕਾ ਦੀ ਪਰਵਾਹ ਨਾ ਕਰਕੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸਨੂੰ ਸਿਆਸੀ ਗੁੱਸੇ ਦਾ ਸ਼ਿਕਾਰ ਹੋ ਕੇ ਗੰਭੀਰ ਅਤੇ ਖਤਰਨਾਕ ਸਿੱਟੇ ਭੁਗਤਣੇ ਪੈਂਦੇ ਹਨ।ਇਸ ਦੀਆਂ ਸੈਂਕੜੇ ਨਹੀਂ ਹਜਾਰਾਂ ਉਦਾਹਰਣਾਂ ਹਨ। ਮਹਿਕਮੇ ਦੀਆਂ ਇਸਤਰੀ ਅਧਿਕਾਰੀਆਂ ਨਾਲ ਮੰਤਰੀਆਂ ਦੇ ਦੁਰਵਿਵਹਾਰ ਅਤੇ ਬਦਲੀਆਂ ਦੀ ਧਮਕੀਆਂ ਜਨਤਾ ਦੇ ਕਾਨੂੰਨ ਦੀ ਪਾਲਣਾ ਕਰਵਾਉਣ ਚੁਣੇ ਨੁਮਾਇੰਦਿਆਂ ਦਾ ਹੱਕ ਅਤੇ ਅਧਿਕਾਰ ਬਣ ਗਏ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਪ੍ਰਿੰਸੀਪਲ ਦੀ ਜਨਤਾ ਨਾਲ ਭਰੇ ਪੰਡਾਲ ਚ ਬੇਇੱਜ਼ਤੀ ਕਰਨਾ , ਡਿਪਟੀ ਕਮਿਸ਼ਨਰ ਨਾਲ ਦੁਰਵਿਹਾਰ ਕਰਨਾ, ਰੁਜ਼ਗਾਰ ਲਈ ਮੁਜ਼ਾਹਰੇ ਦੌਰਾਨ ਲੜਕੀ ਦੇ ਥੱਪੜ ਮਾਰਨਾ ਅਤੇ ਕੱਪੜੇ ਪਾੜ ਦੇਣਾ, ਪੁਲਿਸ ਮੁਲਾਜ਼ਮ ਵੱਲੋਂ ਮੰਤਰੀ ਨੂੰ ਕਾਰ ਅੱਗੇ ਪੰਡਾਲ ਤੱਕ ਨਾ ਲੈਕੇ ਜਾਣ ਤੋਂ ਰੋਕਣ ਤੇ ਪੁਲਿਸ ਮੁਲਾਜ਼ਮ ਦੇ ਥੱਪੜ ਮਾਰਨਾ, ਨਜ਼ਾਇਜ਼ ਮਾਈਨਿੰਗ ਰੋਕਣ ਤੇ ਅਧਿਕਾਰੀ ਨੂੰ ਕੁੱਟਣਾ,ਨਸ਼ੇ ਰੋਕਣ ਲਈ ਨਸ਼ਾ ਤਸਕਰਾਂ ਨੂੰ ਫੜ੍ਹਨ ਗਈ ਵਰਦੀਧਾਰੀ ਪੁਲਿਸ ਪਾਰਟੀ ਨੂੰ ਕੁੱਟਣਾ ਇੱਥੋਂ ਤੱਕ ਕਿ ਇਸਤਰੀ ਮੁਲਾਜ਼ਮ ਤੇ ਵੀ ਹੱਥ ਚੁੱਕਣਾ, ਸੜਕ ਤੇ ਪੁਲਿਸ ਨਾਕੇ ਤੇ ਗੱਡੀਆਂ ਦੀ ਚੈਕਿੰਗ ਦਾ ਵਿਰੋਧ, ਨਜਾਇਜ਼ ਪਾਣੀ ਦੀ ਵਰਤੋਂ ਅਤੇ ਦੁਰਵਰਤੋਂ ਰੋਕਣ ਗਈ ਟੀਮ ਤੇ ਹਮਲੇ, ਬਿਜਲੀ ਚੋਰੀ ਰੋਕਣ ਲਈ ਕੁੰਡੀ ਫੜਨ ਤੇ ਟੀਮ ਨੂੰ ਕੁੱਟਣਾ ਸਮੇਤ ਆਦਿ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਧੱਕੇਸ਼ਾਹੀ, ਫੂਡ ਇੰਸਪੈਕਟਰ ਨੂੰ ਖਾਣ ਵਾਲੀਆਂ ਚੀਜ਼ਾਂ ਦੇ ਸੈਂਪਲ ਭਰ ਲੈਣ ਤੇ ਬਦਲੀ ਕਰ ਦੇਣੀ,ਬੈਂਕ ਅਧਿਕਾਰੀ ਜਾਂ ਬਿਜਲੀ ਮੁਲਾਜ਼ਮਾਂ ਜਾਂ ਰੈਵੇਨਿਊ ਇਕੱਠਾ ਕਰਨ ਵਾਲੇ ਮੁਲਾਜ਼ਮਾਂ ਨੂੰ ਪਿੰਡ ਵਿੱਚ ਨਾ ਵੜਨ ਦੇਣ ਦੇ ਸਿਆਸੀ ਹੁਕਮ ਆਦਿ ਦੀਆਂ ਅਨੇਕਾਂ ਉਦਾਹਰਣਾਂ ਹਨ, ਜਿੰਨਾ ਨਾਲ ਸਰਕਾਰੀ ਮੁਲਾਜ਼ਮਾਂ ਦੀ ਮਾਣ ਸਨਮਾਨ ਅਤੇ ਰੁਤਬੇ ਨੂੰ ਗਹਿਰੀ ਸੱਟ ਵੱਜਦੀ ਹੈ। ਦਿਨ ਪ੍ਰਤੀ ਦਿਨ ਅਜਿਹੀਆਂ ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਅਤੇ ਮਾਨਸਿਕ ਪੀੜਾ ਦੇਣ ਜਿਹੀਆਂ ਅਣਹੋਣੀਆਂ ਚ ਵਾਧਾ ਹੋ ਰਿਹਾ ਹੈ। ਬੇਇੱਜ਼ਤੀ ਦੇ ਸਿੱਟੇ ਵਜੋਂ ਸਰਕਾਰੀ ਮੁਲਾਜਮਾਂ ਚ ਇਮਾਨਦਾਰੀ ਨਾਲ ਸਾਰਥਿਕ ਕੰਮ ਕਰਨ ਦੀ ਮਾਨਸਿਕਤਾ ਨੂੰ ਗਹਿਰੀ ਢਾਅ ਲੱਗੀ ਹੈ। ਅਜਿਹੇ 'ਚ ਪ੍ਰਸ਼ਾਸਨ ਨਿਡਰਤਾ, ਅਜ਼ਾਦੀ, ਸੁਚੱਜੇ ਅਤੇ ਸੁਚਾਰੂ ਢੰਗ ਨਾਲ ਆਪਣੀ ਜੁੰਮੇਵਾਰੀ ਨਹੀਂ ਨਿਭਾ ਸਕਦਾ। ਨਾਲ ਹੀ ਫੰਡਾਂ ਦੀ ਘਾਟ ਨੇ ਸਾਰੇ ਸਰਕਾਰੀ ਮਹਿਕਮਿਆਂ ਦੇ ਕੰਮ ਦੀ ਪ੍ਰਗਤੀ ਨੂੰ ਮੱਠਾ ਕੀਤਾ ਹੈ। ਮਹਿਕਮਿਆਂ ਦੇ ਅਧਿਕਾਰੀ ਅਤੇ ਮੁਲਾਜ਼ਮ ਸਰਕਾਰਾਂ ਦੀ ਅਣਗੌਰੀ ਅਤੇ ਸਰਕਾਰੀ ਦਫ਼ਤਰਾਂ ਚ ਮੁਲਾਜ਼ਮਾਂ ਦੀ ਘਾਟ ਦੇ ਬਾਵਜੂਦ ਵੀ ਕੰਮ ਚਲਾ ਰਹੇ ਹਨ। ਜੇਕਰ ਕੋਈ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਕਿਸੇ ਨਾਲ ਧੱਕੇਸ਼ਾਹੀ ਜਾਂ ਬਤਮੀਜ਼ੀ ਨਾਲ ਪੇਸ਼ ਆਉਂਦਾ ਹੈ ਤਾਂ ਉਸਦੀ ਸ਼ਿਕਾਇਤ ਕਰਕੇ ਉਸਨੂੰ ਸਜਾ ਦਿਵਾਉਣ ਲਈ ਕਾਨੂੰਨੀ ਕਾਰਵਾਈ ਦਾ ਸਹਾਰਾ ਲੈਣਾ ਚਾਹੀਦਾ ਹੈ, ਪਰ ਸਿਆਸੀ ਆਕਾ ਦੀ ਸ਼ਹਿ ਤੇ ਲੋਕ ਅਤੇ ਲੀਡਰ ਸ਼ਰੇਆਮ ਕਾਨੂੰਨ ਹੱਥ ਚ ਲੈ ਲੈਣ ਤੋਂ ਵੀ ਸੰਕੋਚ ਨਹੀਂ ਕਰਦੇ। ਜੇਕਰ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਜੁਬਾਨ ਅਤੇ ਹੱਥ ਸਰਕਾਰੀ ਕਾਨੂੰਨ ਚ ਬੱਝੇ ਹੁੰਦੇ ਹਨ ਤਾਂ ਲੀਡਰਾਂ ਅਤੇ ਲੋਕਾਂ ਨੂੰ ਕਾਨੂੰਨ ਹੱਥ ਚ ਲੈਣ ਦੀ ਇਜਾਜ਼ਤ ਕੌਣ ਦਿੰਦਾ ਹੈ? ਇਸ ਤਰ੍ਹਾਂ ਦੇ ਹਾਲਾਤਾਂ ਚ ਨਸ਼ਾ ਤਸਕਰਾਂ, ਗੈਂਗਸਟਰਾਂ,ਮਾਫੀਆ ਲੋਕਾਂ ਆਦਿ ਨੂੰ ਕੌਣ ਹੱਥ ਪਾਵੇ?

ਇਹ ਇੱਕ ਅਤਿ ਮਾੜਾ ਅਤੇ ਖਤਰਨਾਕ ਰੁਝਾਨ ਹੈ।ਲੀਡਰਾਂ ਨੂੰ ਮਰਿਆਦਾ 'ਚ ਰਹਿੰਦਿਆਂ ਸਰਕਾਰੀ ਪ੍ਰਸ਼ਾਸਨ ਸਰਕਾਰੀ ਸਹੂਲਤਾਂ, ਨੀਤੀਆਂ,ਕਾਨੂੰਨ ਆਦਿ ਨੂੰ ਈਮਾਨਦਾਰੀ ਅਤੇ ਆਜ਼ਾਦਾਨਾ ਢੰਗ ਨਾਲ ਲਾਗੂ ਕਰਨ ਲਈ ਬੇਲੋੜੀ ਦਖਲਅੰਦਾਜ਼ੀ ਤੋਂ ਸੰਕੋਚ ਕਰਨ ਦੀ ਲੋੜ੍ਹ ਤੇ ਜ਼ੋਰ ਦੇਣਾ ਚਾਹੀਦਾ ਹੈ। ਸਰਕਾਰੀ ਡਿਊਟੀ ਚ ਅਣਗਹਿਲੀ ਹੋਣ ਤੇ ਮੁਲਾਜ਼ਮ ਅਤੇ ਅਧਿਕਾਰੀ ਨੂੰ ਜੁਆਬਦੇਹ ਹੋਣ ਲਈ ਅਹਿਸਾਸ ਕਰਵਾਉਣਾ ਚਾਹੀਦਾ ਹੈ। ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਵੀ ਆਪਣੇ ਰੁਤਬੇ ਅਤੇ ਮਾਣ ਸਨਮਾਨ ਦੀ ਬਹਾਲੀ ਲਈ ਇਮਾਨਦਾਰ ਹੋਕੇ ਇੱਕਜੁੱਟਤਾ ਦਾ ਸਬੂਤ ਦੇਣਾ ਚਾਹੀਦਾ ਹੈ।

# ਗ਼ਦਰ ਪਾਰਟੀ ਦਾ ਮਨਾਇਆ ਸਥਾਪਨਾ ਦਿਹਾੜਾ

## ਖੇਤੀ ਸੰਕਟ ਦੇ ਹੱਲ ਲਈ ਗ਼ਦਰੀ ਭਾਵਨਾ ਦੀ ਲੋੜ: ਡਾ. ਦੇਵਿੰਦਰ ਸ਼ਰਮਾ



**ਜਲੰਧਰ–** ਮੁਲਕ ਨੂੰ ਮੁਕੰਮਲ ਆਜ਼ਾਦੀ, ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਬਰਾਬਰੀ ਭਰੇ ਨਿਜ਼ਾਮ ਦੀ ਸਿਰਜਣਾ ਲਈ ਕਦਮ-ਵਧਾਰਾ ਕਰਨ ਦੇ ਸੰਕਲਪ ਨਾਲ਼ ਜੁੜੀ ਗ਼ਦਰ ਪਾਰਟੀ ਦੇ 111ਵੇਂ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋਏ ਸਮਾਗਮ ਨੇ ਸੱਦਾ ਦਿੱਤਾ ਕਿ ਸਾਡੇ ਪਿਆਰੇ ਵਤਨ ਉਪਰ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਫਾਸ਼ੀ ਹੱਲੇ ਨੂੰ ਪਛਾੜਨ ਅਤੇ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਨੂੰ ਪਰਨਾਈਆਂ ਸ਼ਕਤੀਆਂ ਨੂੰ ਧੜੱਲੇ ਨਾਲ ਹਰ ਪੱਖੋਂ ਸ਼ਕਤੀਸ਼ਾਲੀ ਕਰਨ ਦੀ ਲੋੜ ਹੈ।

ਕਮੇਟੀ ਮੈਂਬਰ ਡਾ. ਪਰਮਿੰਦਰ ਨੇ ਡਾ. ਦੇਵਿੰਦਰ ਸ਼ਰਮਾ ਦੀ ਖੇਤੀ, ਖਾਧ ਪਦਾਰਥ ਖੇਤਰ ਵਿੱਚ ਅਮੁੱਲੀ ਦੇਣ ਬਾਰੇ ਰੌਸ਼ਨੀ ਪਾਈ। ਉਹਨਾਂ ਕਿਹਾ ਕਿ ਖੇਤੀ ਸੰਕਟ ਅਤੇ ਹੱਲ ਵਿਸ਼ੇ 'ਤੇ ਅੱਜ ਦੀ ਚਰਚਾ ਭਵਿੱਖ 'ਚ ਚਰਚਾਵਾਂ ਲਈ ਦੁਆਰ ਖੋਲ੍ਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨ ਲਹਿਰ ਜਿਨ੍ਹਾਂ ਸੁਆਲਾਂ ਨਾਲ ਦੋ ਚਾਰ ਹੋ ਰਹੀ ਹੈ ਉਹਨਾਂ ਦੇ ਜਵਾਬ ਤਲਾਸ਼ਣ ਵਿੱਚ ਕਾਰਗਰ ਹੋਏਗੀ ਅੱਜ ਦੀ ਵਿਚਾਰ-ਚਰਚਾ।



ਦੇਸ਼ ਵਾਸੀਆਂ ਦੀ ਬਾਂਹ ਫੜਨ ਲਈ ਅੱਗੇ ਆਉਣ ਦੀ ਲੋੜ ਹੈ।

ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਪ੍ਰਵੇਸ਼ ਦੁਆਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ਼ ਹੋਇਆ। ਝੰਡੇ 'ਤੇ ਫੁੱਲਾਂ ਦੀ ਵਰਖ਼ਾ ਮੌਕੇ 'ਗ਼ਦਰੀ ਦੇਸ਼ ਭਗਤਾਂ ਦਾ ਪੈਗ਼ਾਮ: ਜਾਰੀ ਰੱਖਣਾ ਹੈ ਸੰਗਰਾਮ' ਵਰਗੇ ਨਾਅਰੇ ਗੂੰਜ ਉੱਠੇ।

ਮੁੱਖ ਦੁਆਰ ਤੋਂ ਮਾਰਚ ਕਰਦਾ ਕਾਫ਼ਲਾ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਪੁੱਜਾ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਅਪ੍ਰੈਲ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ ਅਤੇ ਸਾਡੇ ਮਹਿਬੂਬ ਨਾਇਕਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਅਜੋਕੇ ਸਮੇਂ ਦੀਆਂ ਚੁਣੌਤੀਆਂ ਨੂੰ ਸਰ ਕਰਨ ਲਈ ਸਮੇਂ ਦੇ ਹਾਣੀ ਹੋਣ ਦੀ ਲੋੜ ਹੈ।

ਇਸ ਮੌਕੇ ਅੱਜ ਦੇ ਸਮਾਗਮ ਦੇ ਮੁੱਖ ਵਕਤਾ ਡਾ. ਦੇਵਿੰਦਰ ਸ਼ਰਮਾ ਅਤੇ ਕਮਲਜੀਤ ਸਿੰਘ (ਸਕਸ਼ਮ ਨਿਊਜ਼ਲੈਟਰ ਔਨ ਫਾਰਮਰਜ਼ ਇਨਵੇਸ਼ਨਜ਼ ਐਂਡ ਟ੍ਰੈਡੀਸ਼ਨਲ ਨਾਲਜ਼) ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਮੰਚ 'ਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਡਾ. ਤੇਜਿੰਦਰ ਵਿਰਲੀ ਤੋਂ ਇਲਾਵਾ ਡਾ. ਦੇਵਿੰਦਰ ਸ਼ਰਮਾ ਬਿਰਾਜ਼ਮਾਨ ਸਨ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਕਾਸ਼ਤ ਪੁਸਤਕ ਸ਼ਹੀਦੀ ਜੀਵਨੀਆਂ (ਕਿਰਤੀ ਵਾਰਤਕ ਭਾਗ ਪਹਿਲਾ) ਲੋਕ ਅਰਪਣ ਕੀਤੀ ਗਈ ਅਤੇ ਪੁਸਤਕ ਸਬੰਧੀ ਸੰਪਾਦਕ ਚਰੰਜੀ ਲਾਲ ਕੰਗਣੀਵਾਲ ਨੇ ਰੌਸ਼ਨੀ ਪਾਈ। ਉਪਰੰਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਗ਼ਦਰ ਝੰਡਾ ਲਹਿਰਾਉਣ ਦਾ ਮਤਲਬ ਰੱਸੀ ਖਿੱਚਕੇ ਕੱਪੜੇ ਦਾ ਝੰਡਾ ਹਵਾ ਵਿੱਚ ਲਹਿਰਾਉਣਾ ਨਹੀਂ ਸਗੋਂ ਇਹ ਗ਼ਦਰੀ ਦੇਸ਼ ਭਗਤਾਂ ਦੇ ਮਿਸ਼ਨ ਨੂੰ ਬੁਲੰਦ ਰੱਖਣ ਦਾ ਅਹਿਦ ਕਰਨਾ ਹੈ।

ਡਾ. ਤੇਜਿੰਦਰ ਵਿਰਲੀ ਨੇ ਕਿਹਾ ਕਿ ਗ਼ਦਰ ਪਾਰਟੀ ਦੀ ਸੋਚ ਨੂੰ ਮਨੀਂ ਵਸਾਉਂਦੇ ਹੋਏ ਲੋਕਾਂ ਦੀ ਜ਼ਿੰਦਗੀ 'ਚ ਖੁਸ਼ਹਾਲੀ ਲਿਆਉਣ ਲਈ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਤਾਕਤਾਂ ਦੇ ਝੰਡਾ ਬਰਦਾਰਾਂ ਨੂੰ ਪਛਾੜਨ ਲਈ ਲੋਕ ਆਵਾਜ਼ ਨੂੰ

ਅੱਜ ਦੇ ਮੁੱਖ ਵਕਤਾ ਡਾ. ਦੇਵਿੰਦਰ ਸ਼ਰਮਾ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਖੇਤੀ ਖੇਤਰ ਦੇ ਚੌਤਰਫ਼ੇ ਸੰਕਟ ਦੇ ਹੱਲ ਲਈ ਜੋ ਠੋਸ ਵਿਧੀ ਦੀ ਲੋੜ ਹੈ ਉਹ ਅਪਨਾਉਣ ਦੀ ਬਜਾਏ ਖੇਤੀ ਖੇਤਰ ਨੂੰ ਤਬਾਹ ਕਰਨ ਲਈ ਸਗੋਂ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। ਦੁੱਧ, ਅਨਾਜ ਉਤਪਾਦਨ, ਹੋਰ ਧੰਦਿਆਂ ਬਾਰੇ ਚਰਚਾ ਕਰਦਿਆਂ ਡਾ. ਦੇਵਿੰਦਰ ਸ਼ਰਮਾ ਨੇ ਕਿਹਾ ਕਿ ਸਮੁੱਚੇ ਬਜਟ ਵਿੱਚ ਕਾਣੀ ਕੌਡੀ ਵੀ ਰੱਖੀ ਨਹੀਂ ਜਾ ਰਹੀ ਸਗੋਂ ਅਜੇਹੇ ਕਦਮ ਚੁੱਕੇ ਜਾ ਰਹੇ ਨੇ ਜਿਨ੍ਹਾਂ ਸਦਕਾ ਖੇਤੀ ਦਾ ਭੋਗ ਪੈ ਜਾਏ। ਖੇਤੀ ਨੂੰ ਜੇਕਰ ਪੈਰਾਂ 'ਤੇ ਖੜ੍ਹੇ ਕੀਤਾ ਜਾਵੇ ਫਿਰ ਕੌਣ ਚਾਹੇਗਾ ਵੱਡੀਆਂ ਕੰਪਨੀਆਂ ਦੇ ਚੌਕੀਦਾਰ ਬਣਨਾ।

ਡਾ. ਦੇਵਿੰਦਰ ਸ਼ਰਮਾ ਨੇ ਕਿਹਾ ਕਿ ਸਾਢੇ ਪੰਜ ਕਰੋੜ ਲੋਕ ਕਰੋਨਾ ਉਪਰੰਤ ਪਿੰਡਾਂ ਨੂੰ ਪਰਤ ਗਏ। ਉਨ੍ਹਾਂ ਕਿਹਾ ਕਿ 64 ਮੁਲਕਾਂ ਵਿੱਚ ਇਸ ਸਮੇਂ ਕਿਸਾਨ ਪ੍ਰਤੀਰੋਧ ਚੱਲ ਰਿਹਾ ਹੈ। ਦੁਨੀਆਂ ਭਰ 'ਚ ਹੀ ਖੁਦਕੁਸ਼ੀਆਂ ਹੋ ਰਹੀਆਂ ਨੇ। ਵਿਸ਼ਵ ਚਿਤਰ ਅਤੇ ਸਾਡੇ ਮੁਲਕ ਦੀਆਂ ਠੋਸ ਚੁਣੌਤੀਆਂ ਅਲਾਰਮ ਕਰ ਰਹੀਆਂ ਹਨ ਕਿ ਗ਼ਦਰ ਪਾਰਟੀ ਵਰਗੀ ਭਾਵਨਾ ਨਾਲ ਸਾਨੂੰ ਸੰਘਰਸ਼ ਕਰਨਾ ਪੈ ਸਕਦਾ ਹੈ।

ਉਨ੍ਹਾਂ ਤੱਥਾਂ ਸਹਿਤ ਕਿਹਾ ਕਿ ਐਮ.ਐਸ.ਪੀ. ਦੀ ਜਾਮਨੀ ਕਰਨਾ ਲਾਜ਼ਮੀ ਹੈ, ਕਿਸਾਨ ਨੂੰ ਨਿੱਜੀ ਮੰਡੀ ਦੇ ਹਵਾਲੇ ਹੋਣ ਲਈ ਮਜ਼ਬੂਰ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 200 ਬਿਲੀਅਨ ਡਾਲਰ ਕੌਫ਼ੀ ਇੰਡਸਟਰੀ ਦੀ ਆਰਥਕਤਾ ਹੈ ਇਹੋ ਹਾਲ ਚੌਕਲੇਟ ਦਾ ਹੈ। ਸਭ ਢੇਰਾਂ ਕਮਾ ਰਹੇ ਨੇ ਪਰ ਕਿਸਾਨ ਕੰਗਾਲ ਹੋ ਰਹੇ ਨੇ। ਡਾ. ਦੇਵਿੰਦਰ ਸ਼ਰਮਾ ਨੇ ਪੰਡਾਲ 'ਚੋਂ ਦਰਜਣਾਂ ਹੀ ਆਏ ਸੁਆਲਾਂ ਦੇ ਸਾਰਥਕ ਜਵਾਬ ਦਿੱਤੇ। ਬਹੁਤ ਅਹਿਮ ਸੁਆਲਾਂ ਨੇ ਭਵਿੱਖ਼ ਵਿੱਚ ਹੋਰ ਵਿਚਾਰ-ਚਰਚਾ ਸਮਾਗਮਾਂ ਦਾ ਦੁਆਰ ਖੋਲ੍ਹਿਆ।

ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਗ਼ਦਰ ਪਾਰਟੀ ਦੀ ਮਹਾਨ ਇਤਿਹਾਸਕ ਵਿਰਾਸਤ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਂਦਿਆਂ ਬੁਨਿਆਦੀ ਸਮਾਜਕ ਤਬਦੀਲੀ ਰਾਹੀਂ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਵੱਲ ਵਧਣ 'ਤੇ ਜ਼ੋਰ ਦਿੱਤਾ। ਡਾ. ਦੇਵਿੰਦਰ ਸ਼ਰਮਾ ਨੂੰ ਭਰੇ ਪੰਡਾਲ ਅਤੇ ਮੰਚ ਵੱਲੋਂ ਖੜ੍ਹੇ ਹੋ ਕੇ ਗ਼ਦਰ ਪਾਰਟੀ ਦਾ ਝੰਡਾ ਉਹਨਾਂ ਦੇ ਸਨਮਾਨ 'ਚ ਦਿੱਤਾ ਗਿਆ ਤਾਂ ਸਾਰਾ ਪੰਡਾਲ ਤਾੜੀਆਂ ਨਾਲ਼ ਗੂੰਜ ਉੱਠਿਆ। ਸਮਾਗਮ 'ਚ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸੰਘੇੜਾ, ਗੁਰਮੀਤ, ਰਮਿੰਦਰ ਪਟਿਆਲਾ, ਦਰਸ਼ਨ ਖਟਕੜ, ਹਰਮੇਸ਼ ਮਾਲੜੀ, ਪ੍ਰਗਟ ਸਿੰਘ ਜਾਮਾਰਾਏ, ਵਿਜੈ ਬੰਬੇਲੀ, ਡਾ. ਸੈਲੇਸ਼, ਕ੍ਰਿਸ਼ਨਾ, ਦੇਵ ਰਾਜ ਨਯੀਅਰ ਅਤੇ ਮਨਜੀਤ ਬਾਸਰਕੇ ਹਾਜ਼ਰ ਸਨ।

# ਨਾਮਵਰ ਖਿਡਾਰੀ ਤੋਂ ਸਫ਼ਲ ਕੋਚ ਬਣਨ ਤੱਕ ਦਾ ਸਫ਼ਰ

# ਜਸਬੀਰ ਭਾਰਟਾ

ਜਗਜੀਤ ਸਿੰਘ ਗਣੇਸ਼ਪੁਰ 91-94655-76022

ਗੱਲ ਕਰਨ ਜਾ ਰਿਹਾ ਹਾਂ, ਅੱਜ ਐਸੇ ਖਿਡਾਰੀ ਦੀ ਜਿਸ ਲਈ ਫੁੱਟਬਾਲ ਬਚਪਨ ਤੋਂ ਇੱਕ ਜਾਨੂੰਨ ਸੀ ਅਤੇ ਜਿਸ ਦਾ ਪਹਿਲਾ ਪਿਆਰ, ਮੁਹੱਬਤ ਅਤੇ ਅਕੀਦਾ ਹੀ ਫੁੱਟਬਾਲ ਹੈ, ਮੇਰੀ ਮੁਰਾਦ ਫੁੱਟਬਾਲ ਕੋਚ ਜਸਬੀਰ ਸਿੰਘ ਭਾਰਟਾ ਜੀ ਤੋਂ ਹੈ, ਜਿੰਨਾ ਚੜਦੀ ਜਵਾਨੀ ਜੇ.ਸੀ.ਟੀ. ਫੁੱਟਬਾਲ ਕਲੱਬ ਫਗਵਾੜਾ ਤੋਂ ਖੇਡਦਿਆਂ ਨਾਮਣਾ ਖੱਟਿਆ ਤੇ ਹੁਣ ਨਵੇਂ ਸਿਖਾਂਦਰੂ ਨੂੰ ਖੇਡਣ ਦੇ ਗੁਣ ਸਿਖਾਉਣ ਲਈ ਕੋਚਿੰਗ ਸੇਵਾਵਾਂ ਸਫਲਤਾਪੂਰਵਕ ਨਿਭਾ ਰਿਹਾ ਹੈ। ਮਾਹਿਲਪੁਰ ਜਿਸ ਨੂੰ ਪੰਜਾਬੀ ਫੁੱਟਬਾਲ ਦਾ ਮੱਕਾ ਕਿਹਾ ਜਾਂਦਾ ਹੈ, ਉਸ ਤੋਂ ਮਹਿਜ਼ ਚਾਰ ਕਿਲੋਮੀਟਰ ਦੂਰ ਮੇਰਾ ਪਿੰਡ ਭਾਰਟਾ ਗਣੇਸ਼ਪੁਰ ਤੇ ਮੇਰੇ ਪਿੰਡ ਦੇ ਮਾਣ, ਜਸਬੀਰ ਭਾਰਟਾ ਦਾ, ਪਿੰਡ ਦੀ ਜੂਹ ਤੋਂ ਉੱਠ ਕੇ ਸਟਾਰ ਖਿਡਾਰੀ ਬਣਨ ਤੱਕ ਦਾ ਸਫ਼ਰ ਬੜਾ ਹੀ ਸੰਘਰਸ਼ਾਂ ਨਾਲ ਭਰਿਆ ਰਿਹਾ। ਤੰਗੀ-ਤੁਰਸ਼ੀਆ ਵਿੱਚ ਫੁੱਟਬਾਲ ਨੂੰ ਮਸ਼ਾਲ ਬਣਾ ਕੇ ਆਪਣਾ ਰਾਹ ਰੁਸ਼ਨਾਉਣ ਵਾਲਾ ਆਪਣੇ ਸਮੇਂ ਦਾ ਨਾਮਵਰ ਖਿਡਾਰੀ ਜਸਬੀਰ ਭਾਰਟਾ ਅੱਜਕਲ੍ਹ ਇੱਕ ਕੋਚ ਵਜੋਂ ਆਪਣੀਆਂ ਵਡਮੁੱਲੀਆਂ ਸੇਵਾਵਾਂ ਫੁੱਟਬਾਲ ਜਗਤ ਦੀ ਝੋਲੀ ਵਿੱਚ ਪਾ ਰਿਹਾ ਹੈ।



ਸਵ: ਗੁਰਦਿਆਲ ਸਿੰਘ ਦੇ ਘਰ 1 ਅਗਸਤ 1966 ਨੂੰ ਪਿੰਡ ਭਾਰਟਾ ਗਣੇਸ਼ਪੁਰ ਵਿਖੇ ਜਨਮੇ ਜਸਬੀਰ ਸਿੰਘ ਨੇ ਮਿਡਲ ਤੱਕ ਦੀ ਪੜਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਹੀ ਕੀਤੀ। ਪਿੰਡ ਦੇ ਨਾਮਵਰ ਲੀਡਰ ਕਲੱਬ ਦੇ ਖਿਡਾਰੀ ਨਿਰਮਲ ਸਿੰਘ ਨਿੰਮਾ ਤੋਂ ਪ੍ਰਭਾਵਿਤ ਜਸਬੀਰ ਭਾਰਟਾ ਨੂੰ ਫੁੱਟਬਾਲ ਦਾ ਸ਼ੋਕ ਬਚਪਨ ਤੋਂ ਹੀ ਸੀ। 1982-83 ਦਾ ਦੂਰਦਰਸ਼ਨ ਉਪਰ ਪ੍ਰਸਾਰਿਤ ਫੁੱਟਬਾਲ ਵਿਸ਼ਵ ਕੱਪ ਦਾ ਉਸ ਦੇ ਦਿਲ-ਦਿਮਾਗ ਉਪਰ ਬਹੁਤ ਗਹਿਰਾ ਅਸਰ ਹੋਇਆ। ਮੈਰਾਡੋਨਾ ਦੀ ਜਾਦੂਈ ਖੇਡ ਦਾ ਦੀਵਾਨਾ ਹੋ ਕੇ ਉਹ ਫੁੱਟਬਾਲ ਵਲ ਖਿੱਚਿਆ ਗਿਆ। ਉਹ 83-1984 'ਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਾਲਦੀ ਵਿਖੇ ਮੈਟ੍ਰਿਕ ਕਰਦਿਆਂ ਸਕੂਲ ਦੀ ਟੀਮ ਵਿੱਚ ਖੇਡਦਾ ਰਿਹਾ। ਫਿਰ 1985 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਵਿਖੇ ਪੜਦਿਆ ਜਿਲ੍ਹੇ ਦੀ ਟੀਮ ਵਲੋਂ ਖੇਡਦਿਆਂ ਆਪਣੀ ਖੇਡ ਕਲਾ ਦੇ ਜੋਹਰ ਵਿਖਾਏ ਤੇ ਇਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਤੋਂ 1988 ਵਿੱਚ ਆਪਣੀ ਗ੍ਰੈਜੂਏਸ਼ਨ ਦੀ ਪੜਾਈ ਕਰਨ ਲੱਗ ਪਿਆ।

ਮਾਹਿਲਪੁਰ ਕਾਲਜ ਵਿਖੇ ਖੇਡਦਿਆਂ ਉਸਦੀ ਖੇਡ ਵਿੱਚ ਹੋਰ ਨਿਖਾਰ ਆਇਆ। ਉਸ ਦੇ ਮੁਤਾਬਕ ਕੋਚ ਰਜਿੰਦਰ ਸ਼ਰਮਾਂ ਦੀ ਦੇਣ ਉਹ ਕਦੇ ਵੀ ਨਹੀਂ ਦੇ ਸਕਦਾ। ਉਸ ਦੀਆਂ ਖੇਡ ਪ੍ਰਾਪਤੀਆਂ ਵਿੱਚ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਹੈ। ਕਾਲਜ ਵਿੱਚ ਖੇਡਦਿਆਂ ਸਮੇਂ ਉਸ ਨੇ ਨੋਰਥ-ਜ਼ੋਨ ਇੰਟਰ ਵਰਸਿਟੀ ਟੂਰਨਾਮੈਂਟ ਵਿੱਚ ਸ੍ਰੀਨਗਰ ਵਿਖੇ ਭਾਗ ਲਿਆ। ਉਹ ਪਣਜੀ ਗੋਆ ਵਿਖੇ ਹੋਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਰਨਰ ਅੱਪ ਟੀਮ ਦਾ ਵੀ ਹਿੱਸਾ ਸੀ। ਇਸ ਤੋਂ ਬਾਅਦ ਉਹ ਰੇਲ ਕੋਚ ਫੈਕਟਰੀ ਫੁੱਟਬਾਲ ਟੀਮ ਵਿੱਚ 1989 ਤੋਂ 1990 ਤੱਕ ਖੇਡਿਆ ਤੇ ਫਿਰ ਇਕ ਅਹਿਮ ਪ੍ਰਾਪਤੀ ਅਧੀਨ ਉਸ ਦੀ ਚੋਣ ਉਸ ਸਮੇਂ ਦੇ ਨਾਮਵਰ ਫੁੱਟਬਾਲ ਕਲੱਬ ਜੇਸੀਟੀ ਵਿੱਚ ਹੋਈ ਜਿੱਥੇ ਉਸ ਨੇ 1990 ਤੋਂ 2001 ਤੱਕ ਆਪਣੀ ਖੇਡ ਕਲਾ ਦਾ ਲੋਹਾ ਮਨਵਾਇਆ। ਮਾਹਿਲਪੁਰ ਤੋਂ ਸੀਨੀਅਰ ਬਿਜਲੀ ਬੋਰਡ ਦੇ ਖਿਡਾਰੀ ਯਸ਼ਪਾਲ ਜੱਸੀ ਅਤੇ ਜੀਤ ਖਾਬੜਾ ਨੂੰ ਪ੍ਰੇਰਣਾ ਸਰੋਤ ਮੰਨਣ ਵਾਲਾ ਜਸਬੀਰ ਭਾਰਟਾ, ਜੇਸੀਟੀ ਵਲੋਂ ਹਾਫਬੈਂਕ ਵਜੋਂ ਖੇਡਦਿਆਂ ਵੱਡੇ ਮੁਕਾਬਲਿਆਂ ਵਿੱਚ ਟੀਮ ਦੀ ਸਫਲਤਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦਾ ਰਿਹਾ। ਜੀਤ ਖਾਬੜਾ ਦੇ ਨਾਲ ਜੇਸੀਟੀ ਵਲੋਂ ਖੇਡਣਾ ਵੀ ਉਹ ਆਪਣੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਮੰਨਦਾ ਹੈ।

ਇਸ ਸਮੇਂ ਉਸ ਨੇ 92, 93 ਅਤੇ 96 ਤਿੰਨ ਵਾਰ ਸੰਤੋਸ਼ ਟ੍ਰਾਫੀ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। 1992 ਦਾ ਡੂਰੰਡ ਕੱਪ ਜਿੱਤਣਾ ਉਸ ਦੇ ਖੇਡ ਜੀਵਨ ਦੇ ਯਾਦਗਾਰੀ ਪਲ ਹਨ। ਇਸ ਟੂਰਨਾਮੈਂਟ ਵਿੱਚ ਉਸ ਨੇ ਪਹਿਲੇ ਹੀ ਮੈਚ ਵਿੱਚ ਈਸਟ ਬੰਗਾਲ ਦੀ ਟੀਮ ਖਿਲਾਫ਼ ਆਪਣੀ ਸ਼ਾਨਦਾਰ ਖੇਡ ਵਿਖਾਉਂਦਿਆਂ 2 ਗੋਲ ਕੀਤੇ। ਗੋਆ ਵਿਖੇ 1996 ਹੋਈ ਸੰਤੋਸ਼ ਟ੍ਰਾਫੀ ਵਿੱਚ ਉਸ ਦੀ ਕਾਬਲੀਅਤ ਕਾਰਨ ਉਸ ਨੂੰ ਪੰਜਾਬ ਦੀ ਟੀਮ ਦਾ ਕਪਤਾਨ ਥਾਪਿਆ ਗਿਆ।

1996 'ਚ ਸਿਜਰਜ਼ ਕੱਪ ਵਿੱਚ ਮਲੇਸ਼ੀਆ ਦੇ ਪਰਲਿਸ ਫੁੱਟਬਾਲ ਕਲੱਬ ਵਿਰੁੱਧ ਖੇਡਦਿਆਂ ਕੀਤੇ ਗੋਲ ਨੂੰ ਜਸਬੀਰ ਭਾਰਟਾ ਇਕ ਸੁਨਹਿਰੀ ਗੋਲ ਵਜੋਂ ਯਾਦ ਕਰਦਾ ਭਾਵੁਕ ਹੋ ਜਾਂਦਾ ਹੈ। 1996 ਵਿੱਚ ਮਾਲਦੀਵ ਵਿਖੇ ਹੋਈ ਏਸ਼ੀਆਈ ਫੁੱਟਬਾਲ ਚੈਪੀਅਨਸ਼ਿਪ ਵਿੱਚ ਵੀ ਖੇਡਣ ਦਾ ਮੌਕਾ ਮਿਲਿਆ। ਉਸ ਨੇ ਜੇ. ਸੀ. ਟੀ ਫੁੱਟਬਾਲ ਕਲੱਬ ਵਲੋਂ ਵਲੋਂ ਡੂਰੰਡ ਕੱਪ, ਆਈ ਐਫ ਏ ਸ਼ੀਲਡ, ਸਿਜਰਜ਼ ਕੱਪ, ਰੋਵਰਜ ਕੱਪ, ਫੈਡਰੇਸ਼ਨ ਕੱਪ ਆਦਿ ਖੇਡਦਿਆਂ ਹਰ ਪਾਸੇ ਵਾਹ-ਵਾਹ ਖੱਟੀ। ਉਸ ਨੂੰ 1994 ਵਿੱਚ ਸੀਜ਼ਨ ਦੌਰਾਨ ਜੇ. ਸੀ. ਟੀ. ਟੀਮ ਦੀ ਕਪਤਾਨੀ ਕਰਨ ਦਾ ਵੀ ਮੌਕਾ ਮਿਲਿਆ। ਉਸ ਨੂੰ ਮਾਣ ਹੈ ਕਿ ਉਸ ਨੂੰ ਇਕ ਟੀਮ ਪਲੇਅਰ ਵਜੋਂ ਜਾਣਿਆ ਜਾਂਦਾ ਸੀ। ਉਸ ਸਮੇਂ ਜੇ ਸੀ ਟੀ ਦੇ ਖਿਡਾਰੀ ਅਕਸਰ ਕਹਿੰਦੇ ਹੁੰਦੇ ਸਨ ਕਿ ਭਾਰਟੇ ਵਾਲੇ ਜਸਬੀਰ ਵਾਂਗ ਨਹੀਂ ਕੋਈ ਭੱਜ ਸਕਦਾ ਤੇ ਜਸਬੀਰ ਮੁਤਾਬਕ ਉਹ ਆਪਣੀ ਸਪੀਡ ਕਾਰਨ ਹੀ ਇਨ੍ਹਾਂ ਸਮਾਂ ਜੇ. ਸੀ. ਟੀ. ਵਿੱਚ ਟਿਕ ਸਕਿਆ। ਜੇ. ਸੀ. ਟੀ. ਤੋਂ ਬਾਅਦ ਜਸਬੀਰ ਭਾਰਟਾ ਪੀ.ਏ.ਪੀ. ਵਲੋਂ ਫੈਡਰੇਸ਼ਨ ਕੱਪ ਵੀ ਖੇਡਿਆ। ਕੁੱਝ ਸਮਾਂ ਬਿਜਲੀ ਬੋਰਡ ਵਲੋਂ ਗੈਸਟ ਪਲੇਅਰ ਵਜੋਂ ਵੀ ਖੇਡਦਾ ਰਿਹਾ।



2001 ਤੋਂ ਬਾਅਦ ਉਸ ਨੇ ਪੇਸ਼ਾਵਰ ਫੁੱਟਬਾਲ ਤੋਂ ਸੰਨਿਆਸ ਲੈ ਕੇ ਕੋਚਿੰਗ ਵਲ ਰੁਖ ਕੀਤਾ। 2003 ਵਿੱਚ ਐਨ।ਆਈ।ਐਸ ਪਟਿਆਲਾ ਤੋਂ ਡਿਪਲੋਮਾ ਇਨ ਸਪੋਰਟਸ ਕੋਚਿੰਗ ਪਾਸ ਕੀਤਾ। ਇਸ ਦੇ ਨਾਲ ਹੀ ਏਐਫਸੀ 'ਸੀ' ਕੋਚਿੰਗ ਸਰਟੀਫਿਕੇਟ ਅਤੇ ਏਆਈਐਫਐਫ ਗਰਾਸਰੂਟਸ ਲੀਡਰ ਕੋਰਸ ਵੀ ਉਸ ਦੀ ਯੋਗਤਾ ਨੂੰ ਹੋਰ ਵਧਾਉਂਦੇ ਹਨ। ਉਸ ਨੂੰ ਪੰਜਾਬ ਦੀ ਅੰਡਰ-21 ਦੀ 2006 ਤੋਂ 2010 ਤੱਕ ਦੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਹੋਣ ਦਾ ਮਾਣ ਪ੍ਰਾਪਤ ਹੈ। ਉਹ ਸਿੱਖ ਨੈਸ਼ਨਲ ਕਾਲਜ ਬੰਗਾ, ਗੁਰੂ ਨਾਨਕ ਕਾਲਜ ਫਗਵਾੜਾ, ਸਰਦਾਰ ਜਗਤ ਸਿੰਘ ਪਲਾਹੀ ਫੁੱਟਬਾਲ ਐਕਡਮੀ ਫਗਵਾੜਾ, ਨਾਮਧਾਰੀ ਫੁੱਟਬਾਲ ਐਕਡਮੀ ਸ੍ਰੀ ਭੈਣੀ ਸਾਹਿਬ ਲੁਧਿਆਣਾ, ਯੰਗਸਟਰ ਫੁੱਟਬਾਲ ਐਕਡਮੀ ਚੰਡੀਗੜ੍ਹ, ਪ੍ਰਿੰਸੀਪਲ ਹਰਭਜਨ ਸਿੰਘ ਫੁੱਟਬਾਲ ਐਕਡਮੀ ਅੰਡਰ-19 ਮਾਹਿਲਪੁਰ ਬਤੌਰ ਕੋਚ ਸੇਵਾਵਾਂ ਨਿਭਾ ਚੁੱਕਾ ਹੈ ਅਤੇ ਅੱਜਕੱਲ੍ਹ ਉਹ ਯੰਗ ਫੁੱਟਬਾਲ ਕਲੱਬ ਦੇ ਕੋਚ ਵਜੋਂ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਹਾਲ ਹੀ ਵਿੱਚ ਹੋਈ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਵਿੱਚ ਉਸ ਦੀ ਟੀਮ ਯੰਗ ਐਫ ਸੀ ਰਨਰ ਅੱਪ ਰਹੀ। ਉਪਰੋਕਤ ਐਕਡਮੀਆਂ, ਕਾਲਜਾਂ ਅਤੇ ਕਲੱਬਾਂ ਦੇ ਕੋਚ ਵਜੋਂ ਅਨੇਕਾਂ ਹੀ ਉਪਲਬਧੀਆਂ ਉਸ ਦੇ ਨਾਮ ਹਨ। ਉਸ ਦੇ ਦੇਖ-ਰੇਖ ਹੇਠ ਖੇਡੇ ਖਿਡਾਰੀ ਵੱਖ-ਵੱਖ ਕਲੱਬਾਂ ਵਿੱਚ ਆਪਣਾ ਖੇਡ ਪ੍ਰਤਿਭਾ ਦਾ ਲੋਹਾ ਮਨਵਾ ਰਹੇ ਹਨ। ਇਸ ਦੇ ਨਾਲ ਹੀ ਉਹ ਆਪਣੇ ਪਿੰਡ ਦੇ ਨੋਜਵਾਨਾਂ ਲਈ ਵੀ ਰਾਹ ਦਸੇਰਾ ਬਣਿਆ। ਉਸ ਦੇ ਛੋਟੇ ਭਰਾ ਪਰਮਿੰਦਰ ਸਿੰਘ ਬਿਜਲੀ ਬੋਰਡ ਅਤੇ ਜਤਿੰਦਰ ਸਿੰਘ ਜੇ ਐਂਡ ਕੇ ਬੈਂਕ ਵਿੱਚ ਖੇਡੇ। ਇਕਬਾਲ ਸਿੰਘ ਬਾਲੀ ਬੀ।ਐਸ।ਐਫ ਅਤੇ ਸਤਵਿੰਦਰ ਸਿੰਘ ਸੀ.ਆਰ.ਪੀ.ਐਫ. ਵੀ ਜਸਬੀਰ ਭਾਰਟਾ ਤੋਂ ਪ੍ਰੇਰਣਾ ਲੈ ਕੇ ਅੱਗੇ ਵਧੇ।

ਇਕ ਖਿਡਾਰੀ ਅਤੇ ਕੋਚ ਦੇ ਨਾਲ-ਨਾਲ ਜਸਬੀਰ ਭਾਰਟਾ ਸੋਨੇ ਦੇ ਦਿਲ ਵਰਗਾ ਇਨਸਾਨ ਹੈ। ਹਮੇਸ਼ਾ ਆਪਣੇ ਖਿਡਾਰੀਆਂ ਦੇ ਹੱਕ ਵਿੱਚ ਡਟਣ ਵਾਲਾ ਇਹ ਇਨਸਾਨ ਹਰ ਸਮੇਂ ਖਿਡਾਰੀਆਂ ਦੇ ਹੁਨਰ ਨੂੰ ਨਿਖਾਰਨ ਲਈ ਤਤਪਰ ਰਹਿੰਦਾ ਹੈ। ਅਨੁਸ਼ਾਸਨ ਨਾ ਸਮਝੌਤਾ ਉਸ ਦੀ ਡਾਇਰੀ ਵਿੱਚ ਹੈ ਨਹੀਂ। ਪੈਸਾ ਉਸ ਲਈ ਕਦੇ ਤਰਜੀਹ ਨਹੀਂ ਰਿਹਾ ਬਲਕਿ ਫੁੱਟਬਾਲ ਨਾਲ ਸੱਚਾ ਇਸ਼ਕ ਹੀ ਉਸ ਦੀ ਪ੍ਰਾਪਤੀ ਹੈ ਜੋ ਉਸ ਨੂੰ ਇਕ ਖਿਡਾਰੀ ਅਤੇ ਸਫ਼ਲ ਕੋਚ ਵਜੋਂ ਪਹਿਚਾਣ ਦਿੰਦਾ ਹੈ। ਉਮੀਦ ਹੈ ਕਿ ਉਹ ਇਸੇ ਤਰ੍ਹਾਂ ਆਪਣੇ ਜੀਵਨ ਪੰਧ ਵਿੱਚ ਅੱਗੇ ਵੱਧਦਾ ਰਹੇ। ਆਮੀਨ!

# ਅਰਥਭਰਪੂਰ ਸੰਵਾਦ ਤੇ ਵਿਵੇਕਸ਼ੀਲ ਦ੍ਰਿਸ਼ਟੀਕੋਣ ਦਾ ਮਹੱਤਵ

ਡਾ. ਅਰਵਿੰਦਰ ਸਿੰਘ ਭੱਲਾ
9463062603

ਕਿਸੇ ਵੀ ਵਰਤਾਰੇ, ਬਿਰਤਾਂਤ ਅਤੇ ਮੁੱਦੇ ਬਾਰੇ ਵੱਖ-ਵੱਖ ਪਹਿਲੂਆਂ ਨੂੰ ਘੋਖਣ, ਵਿਚਾਰਨ ਅਤੇ ਸਮਝਣ ਤੋਂ ਬਿਨਾਂ ਜਦੋਂ ਅਸੀਂ ਮਨਪਸੰਦ ਨਤੀਜੇ ਕੱਢਣ ਜਾਂ ਕੁਝ ਧਾਰਨਾਵਾਂ ਸਿਰਜਣ ਦਾ ਯਤਨ ਕਰਦੇ ਹਾਂ ਤਾਂ ਉਹ ਆਪਣੇ ਆਪ ਵਿਚ ਨਾਮੁਕੰਮਲ ਹੁੰਦੀਆਂ ਹਨ। ਸਾਹਿਲ ਉੱਪਰ ਖੜ੍ਹੇ ਹੋ ਕੇ ਜਿਵੇਂ ਸਮੁੰਦਰ ਦੀ ਗਹਿਰਾਈ ਮਾਪਣਾ ਅਤੇ ਕਿਸੇ ਕਿਤਾਬ ਦੇ ਸਿਰਲੇਖ ਨੂੰ ਪੜ੍ਹ ਕੇ ਉਸ ਕਿਤਾਬ ਬਾਰੇ ਕੋਈ ਰਾਇ ਕਾਇਮ ਕਰਨਾ ਸਾਡੀ ਅਗਿਆਨਤਾ ਅਤੇ ਅਨਾੜੀਪੁਣੇ ਦਾ ਪ੍ਰਤੀਕ ਹੈ। ਦਰਅਸਲ ਸਤਹੀ ਪੱਧਰ ਦਾ ਗਿਆਨ ਅਤੇ ਅਨੁਭਵ ਸਾਨੂੰ ਕਿਸੇ ਠੋਸ, ਸਟੀਕ ਅਤੇ ਢੁਕਵੇਂ ਨਤੀਜੇ ਉੱਪਰ ਪਹੁੰਚਣ ਨਹੀਂ ਦਿੰਦਾ ਹੈ। ਆਪਣੇ ਅਧੂਰੇਪਣ ਦੇ ਕਾਰਨ ਹੀ ਅਸੀਂ ਆਪਣੇ ਆਸ-ਪਾਸ ਦੇ ਵਰਤਾਰਿਆਂ ਅਤੇ ਲੋਕਾਂ ਦੇ ਅਮਲਾਂ ਨੂੰ ਤਹਿ ਤੱਕ ਜਾਕੇ ਸਮਝਣ ਦੀ ਬਜਾਏ ਜਲਦਬਾਜ਼ੀ ਵਿਚ ਉਹ ਸਿੱਟੇ ਕੱਢਣ ਲੱਗ ਪੈਂਦੇ ਹਾਂ ਜੋ ਸਾਨੂੰ ਆਪਣੀ ਸਮਝ ਅਨੁਸਾਰ ਠੀਕ ਜਾਪਦੇ ਹਨ। ਕਿਸੇ ਵੀ ਇਨਸਾਨ ਦੇ ਤਰਜ਼-ਏ-ਜ਼ਿੰਦਗੀ ਅਤੇ ਨੁਕਤਾ-ਏ-ਨਜ਼ਰ ਬਾਰੇ ਇਕ ਬੇਹੱਦ ਅਹਿਮ ਅਤੇ ਗ਼ੌਰਤਲਬ ਪਹਿਲੂ ਇਹ ਹੁੰਦਾ ਹੈ ਕਿ ਅਪਣੇ ਨਿਜੀ ਮੁਫਾਦਾਂ ਅਤੇ ਸਹੂਲਤ ਅਨੁਸਾਰ ਹਰ ਇਨਸਾਨ ਇਕੋ ਵੇਲੇ ਆਪਣੇ ਅਮਲਾਂ ਅਤੇ ਜ਼ਾਵੀਏ ਦੀ ਜ਼ਬਰਦਸਤ ਵਕਾਲਤ ਕਰ ਰਿਹਾ ਹੁੰਦਾ ਹੈ ਅਤੇ ਮੁਨਸਫ਼ ਬਣ ਕੇ ਦੂਜੇ ਮਨੁੱਖ ਦੇ ਅਮਲਾਂ ਅਤੇ ਉਸ ਦੇ ਸੋਚਣ ਦੇ ਨਜ਼ਰੀਏ ਨੂੰ ਸਿਰਿਉਂ ਰੱਦ ਕਰ ਰਿਹਾ ਹੁੰਦਾ ਹੈ। ਇਸ ਨੂੰ ਇਨਸਾਨ ਦੀ ਖ਼ੁਦਪ੍ਰਸਤੀ, ਉਸ ਦੀ ਮੁਨਾਫ਼ਕਤ ਅਤੇ ਉਸ ਦਾ ਸਵਾਰਥੀ ਰੱਵਈਆ ਹੀ ਕਿਹਾ ਜਾ ਸਕਦਾ ਹੈ ਕਿ ਉਸ ਲਈ ਆਪਣੀ ਸੋਚ ਦੇ ਤੰਗ ਦਾਇਰੇ ਤੋਂ ਬਾਹਰ ਨਿਕਲ ਕੇ ਸੋਚਣਾ ਅਤੇ ਵਿਚਰਨਾ ਹਮੇਸ਼ਾ ਦੁਸ਼ਵਾਰ ਅਤੇ ਤਕਲੀਫ਼ਦੇਹ ਹੁੰਦਾ ਹੈ। ਇਨਸਾਨ ਆਪਣੇ ਖਿਆਲਾਂ ਦੇ ਝਰੋਖੇ ਵਿੱਚੋਂ ਸੰਸਾਰ ਨੂੰ ਦੇਖਣਾ ਪਸੰਦ ਕਰਦਾ ਹੈ। ਆਪਣੇ ਖ਼ਿਆਲਾਂ ਦੇ ਸੰਸਾਰ ਵਿਚ ਉਹ ਕੇਵਲ ਉਹਨਾਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਦਿੰਦਾ ਹੈ ਜੋ ਲੋਕ ਉਸ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ।

ਚਾਹੇ ਇਨਸਾਨ ਹੁਕਮਰਾਨ ਹੋਵੇ ਜਾਂ ਸਮੁੱਚੇ ਨਿਜ਼ਾਮ ਦਾ ਇਕ ਅਦਨਾ ਜਿਹਾ ਹਿੱਸਾ ਹੋਵੇ, ਚਾਹੇ ਉਹ ਆਲਮ-ਫ਼ਾਜ਼ਲ ਹੋਵੇ ਜਾਂ ਫਿਰ ਜ਼ਹਾਲਤ ਦੀ ਦਲਦਲ ਵਿਚ ਧਸਿਆ ਕੋਈ ਸਧਾਰਨ ਮਨੁੱਖ ਹੋਵੇ, ਚਾਹੇ ਉਹ ਦੌਲਤਮੰਦ ਹੋਵੇ ਜਾਂ ਗ਼ੁਰਬਤ ਦੇ ਚੱਕਰਵਿਊ ਵਿਚ ਫ਼ਸਿਆ ਹੋਵੇ ਅਤੇ ਚਾਹੇ ਉਹ ਸਾਰੀ ਦੁਨੀਆਂ ਨੂੰ ਜਿੱਤਣ ਦਾ ਦਾਅਵਾ ਕਰਦਾ ਹੋਵੇ ਜਾਂ ਫਿਰ ਆਪਣੀ ਨਫ਼ਸ ਦੇ ਹੱਥੋਂ ਹਾਰਿਆ ਹੋਵੇ, ਅਸਲ ਵਿਚ ਇਕ ਸਮਾਨਤਾ ਸਭ ਲੋਕਾਂ ਵਿਚ ਇਹ ਪਾਈ ਜਾਂਦੀ ਹੈ ਕਿ ਹਰ ਮਨੁੱਖ ਕਿਸੇ ਦੀ ਗੱਲ ਨੂੰ ਸੁਣਨ ਤੇ ਮੰਨਣ ਨਾਲੋਂ ਆਪਣੀ ਗੱਲ ਨੂੰ ਕਹਿਣ ਉੱਪਰ ਵਧੇਰੇ ਬਲ ਦਿੰਦਾ ਹੈ। ਇਹ ਹੀ ਵਜ੍ਹਾ ਹੈ ਕਿ ਅਸੀਂ ਲੋਕ ਸੁਣਦੇ ਵੀ ਅਧੂਰਾ ਹਾਂ, ਸਾਡੀ ਸਮਝ ਵੀ ਅਧੂਰੀ ਹੁੰਦੀ ਹੈ ਅਤੇ ਸਾਡਾ ਪ੍ਰਤੀਕਰਮ ਵੀ ਅਧੂਰਾ ਹੀ ਹੁੰਦਾ ਹੈ। ਸਾਡੀ ਜ਼ਿੰਦਗੀ ਵਿਚੋਂ ਸੁਣਨਾ ਮਨਫੀ ਹੁੰਦਾ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਬੇਫ਼ਜ਼ੂਲ ਬੋਲਣ ਤੇ ਵਿਵਾਦ ਖੜ੍ਹੇ ਕਰਨ ਦੀ ਬਿਰਤੀ ਵਿਚ ਚੋਖਾ ਇਜ਼ਾਫਾ ਹੋਇਆ ਹੈ। ਜੇਕਰ ਅਸੀਂ ਰੋਜ਼ਮਰਾ ਦੀ ਜ਼ਿੰਦਗੀ ਉੱਪਰ ਗੌਰ ਕਰੀਏ ਤਾਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਸਵੇਰ ਤੋਂ ਲੈਕੇ ਰਾਤ ਤੱਕ ਅਸੀਂ ਲੋਕ ਕਿੰਨੀ ਫਜ਼ੂਲ ਦੀ ਝੱਖ ਮਾਰਦੇ ਹਾਂ, ਹਰੇਕ ਵਿਸ਼ੇ ਬਾਰੇ ਆਪਣੀ ਕੋਈ ਨਾ ਕੋਈ ਰਾਇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸੰਵਾਦ ਦਾ ਰਾਹ ਅਖਤਿਆਰ ਕਰਨ ਦੀ ਬਜਾਏ ਅਸੀਂ ਅਕਸਰ ਤਕਰਾਰਬਾਜ਼ੀ ਵਿਚ ਉਲਝ ਕੇ ਆਪਸੀ ਰਿਸ਼ਤਿਆਂ ਵਿਚ ਕਿੰਨੀ ਕਸ਼ੀਦਗੀ ਤੇ ਕੁੜੱਤਣ ਪੈਦਾ ਕਰ ਲੈਂਦੇ ਹਾਂ।

ਸਾਨੂੰ ਇਸ ਗੱਲ ਦਾ ਰੰਚਕ ਮਾਤਰ ਵੀ ਅਹਿਸਾਸ ਨਹੀਂ ਹੁੰਦਾ ਹੈ ਕਿ ਇਹ ਵਿਚਾਰ-ਤਕਰਾਰ ਸਾਡੇ ਕੋਲੋਂ ਸਾਡੇ ਹਾਸੇ-ਖੇੜੇ, ਜਿਊਂਣ ਦਾ ਚਾਅ, ਸਕੂਨ ਅਤੇ ਸਹਿਜ ਖੋਹ ਰਹੇ ਹਨ। ਬੋਲਣ ਤੋਂ ਪਹਿਲਾਂ ਵਿਚਾਰਨ ਦੀ ਆਦਤ ਅਸੀਂ ਕਦੋਂ ਦੀ ਛੱਡ ਦਿੱਤੀ ਹੈ। ਅਸੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਖਾਹਿਸ਼ਮੰਦ ਤਾਂ ਹਾਂ ਪਰ ਇਹ ਭੁੱਲ ਜਾਂਦੇ ਹਾਂ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੱਦ ਹੀ ਸਲਾਮਤ ਰਹੇਗੀ ਜੇਕਰ ਅਸੀਂ ਦੂਜਿਆਂ ਦੇ ਵਿਚਾਰਾਂ ਨੂੰ ਸੁਣਨ ਤੇ ਸਮਝਣ ਦੇ ਨਾਲ-ਨਾਲ ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ ਕਰਨ ਅਤੇ ਲੋਕਾਂ ਦੇ ਵਿਚਾਰਾਂ ਨੂੰ ਸਹਿਣ ਕਰਨ ਦੀ ਕਲਾ ਸਿੱਖਣ ਦੀ ਕੋਸ਼ਿਸ਼ ਕਰਾਂਗੇ। ਜੇਕਰ ਹਰੇਕ ਮਨੁੱਖ ਆਪਣੀ-ਆਪਣੀ ਡਫ਼ਲੀ ਵਜਾ ਕੇ ਅੱਗੇ ਵੱਧਣ ਦੀ ਕੋਸ਼ਿਸ਼ ਕਰੇਗਾ ਜਾਂ ਆਪਣਾ-ਆਪਣਾ ਰਾਗ ਅਲਾਪੇਗਾ, ਜੇਕਰ ਸਾਨੂੰ ਕਿਸੇ ਦੀ ਸੁਰ ਨਾਲ ਸੁਰ ਮਿਲਾਉਣ ਵਿਚ ਹਿਚਕਚਾਹਟ ਮਹਿਸੂਸ ਹੋਵੇਗੀ ਅਤੇ ਜੇਕਰ ਸਾਡੇ ਵਿਚ ਬਰਦਾਸ਼ਤ ਦਾ ਮਾਦਾ ਘੱਟਗੇ ਤਾਂ ਅਸੀਂ ਕਿਸੇ ਵੀ ਪੱਖੋਂ ਸਭਿਅਕ ਕਹਿਲਾਉਣ ਦੇ ਕਾਬਿਲ ਨਹੀਂ ਰਹਾਂਗੇ।

ਇਕ ਤਰੱਕੀ ਯਾਫ਼ਤਾ ਅਤੇ ਮੁਹੱਜਬ ਮੁਆਸ਼ਰਾ ਉਸ ਸਮੇਂ ਹੋਂਦ ਵਿਚ ਆਉਂਦਾ ਹੈ, ਜਦੋਂ ਲੋਕ ਆਪਣੇ ਗਿਆਨ ਤੇ ਅਨੁਭਵ ਦੇ ਆਧਾਰ ਉੱਪਰ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪੇਸ਼ ਕਰਨ ਕਿ ਦੂਜਿਆਂ ਦੀ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ ਅਤੇ ਇਕ-ਦੂਜੇ ਦੇ ਵਿਚਾਰ ਬੇਲੋੜੇ ਵਿਵਾਦ ਖੜ੍ਹੇ ਨਾ ਕਰਨ। ਸਾਨੂੰ ਆਪਣੇ ਅੰਦਰ ਸੁਣਨ ਦੀ ਸਲਾਹੀਅਤ ਇਸ ਹੱਦ ਤੱਕ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਸ਼ਾਂਤਚਿੱਤ ਰਹਿੰਦਿਆਂ ਪੂਰੇ ਠਰੰਮੇ ਨਾਲ ਦੂਜੇ ਇਨਸਾਨ ਦੇ ਨੁਕਤਾ-ਏ-ਨਿਗਾਹ ਨੂੰ ਸਮਝ ਪਾਈਏ।

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਅਸੀਂ ਲੋਕ ਆਪਣੀਆਂ ਤਰਜ਼ੀਹਾਂ ਅਤੇ ਮੁਫਾਦਾਂ ਦੀ ਖ਼ਾਤਰ ਕਿਸੇ ਮਨੁੱਖ ਵਲੋਂ ਕਹੀ ਕਿਸੇ ਗੱਲ ਜਾਂ ਸਮੁੱਚੇ ਵਰਤਾਰੇ ਬਾਰੇ ਮਨਪਸੰਦ ਅਰਥ ਕੱਢਣ ਦੀ ਕੋਸ਼ਿਸ਼ ਜਾਂ ਸ਼ਰਾਰਤ ਕਰਦੇ ਹਾਂ ਤਾਂ ਨਿਸਚਿਤ ਤੌਰ ਉੱਪਰ ਸਾਡੇ ਦੂਜਿਆਂ ਨਾਲ ਸੰਬੰਧ ਸੁਖਾਵੇਂ ਨਹੀਂ ਰਹਿੰਦੇ ਹਨ।

ਸਾਡੇ ਵਿਚ ਖ਼ੁਦ ਨੂੰ ਸਹੀ ਅਤੇ ਦੂਸਰੇ ਨੂੰ ਗ਼ਲਤ ਸਾਬਤ ਕਰਨ ਦੀ ਬਿਰਤੀ ਸਾਡੇ ਜ਼ਿਹਨੀ ਤਵਾਜ਼ਨ ਨੂੰ ਖ਼ਰਾਬ ਕਰਦੀ ਹੈ। ਇਸ ਸਭ ਦੇ ਫ਼ਲਸਰੂਪ ਅਸੀਂ ਦਲੀਲਬਾਜ਼ੀ ਦਾ ਰਾਹ ਅਖਤਿਆਰ ਕਰਕੇ ਸ਼ਬਦਾਂ ਅਤੇ ਤਰਕਾਂ ਦੇ ਤੀਰਾਂ ਨਾਲ ਸਾਹਮਣੇ ਵਾਲੇ ਨੂੰ ਵਿੰਨ੍ਹਣ ਤੋਂ ਭੋਰਾ ਵੀ ਸੰਕੋਚ ਨਹੀਂ ਕਰਦੇ ਹਾਂ। ਸਾਨੂੰ ਆਪਣੇ ਗਿਆਨ ਅਤੇ ਤਰਕਸ਼ੀਲਤਾ ਦਾ ਇੰਨਾ ਭਾਰੀ ਗ਼ਰੂਰ ਹੁੰਦਾ ਹੈ ਕਿ ਅਸੀਂ ਇਹ ਬਰਦਾਸ਼ਤ ਹੀ ਨਹੀਂ ਕਰ ਪਾਉਂਦੇ ਹਾਂ ਕਿ ਕੋਈ ਸਾਡਾ ਵਿਚਾਰਾਤਮਕ ਵਿਰੋਧ ਕਰਨ ਦੀ ਜੁਰਅਤ ਕਰੇ। ਲਿਹਾਜ਼ਾ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਹਿਜ ਅਵਸਥਾ ਵਿਚ ਰਹਿੰਦੇ ਹੋਏ ਪ੍ਰਸੰਨਤਾ ਪੂਰਵਕ ਆਪਣਾ ਹਰ ਕਾਰਜ ਕਰੀਏ ਤਾਂ ਸਾਨੂੰ ਸੁਣਨ ਦਾ ਸਲੀਕਾ ਵਿਕਸਤ ਕਰਨਾ ਪਵੇਗਾ, ਅਧੂਰੇ ਗਿਆਨ ਤੇ ਸਤਹੀ ਪੱਧਰ ਦੀ ਜਾਣਕਾਰੀ ਦੇ ਸਹਾਰੇ ਕਿਸੇ ਨਤੀਜੇ ਉੱਪਰ ਪਹੁੰਚਣ ਦੀ ਬਿਰਤੀ ਨੂੰ ਛੱਡਣਾ ਪਵੇਗਾ, ਸਾਨੂੰ ਬੋਲਣ ਨਾਲੋਂ ਸੁਣਨ ਨੂੰ ਵਧੇਰੇ ਤਰਜ਼ੀਹ ਦੇਣੀ ਪਵੇਗੀ ਅਤੇ ਕੋਈ ਵੀ ਨਵਾਂ ਬਿਰਤਾਂਤ ਸਿਰਜਣ ਤੋਂ ਪਹਿਲਾਂ ਸਾਨੂੰ ਇਹ ਧੁਰ ਅੰਦਰੋਂ ਸਵੀਕਾਰ ਕਰਨਾ ਪਵੇਗਾ ਕਿ 'ਦੂਸਰਾ ਵੀ ਠੀਕ ਹੋ ਸਕਦਾ ਹੈ' । ਅਸਲ ਵਿਚ ਵਿਚਾਰਾਂ ਦਾ ਮੰਥਨ ਬਹੁਤ ਜ਼ਰੂਰੀ ਹੈ।

ਜਲਦਬਾਜ਼ੀ ਅਤੇ ਉਤਾਵਲਾਪਣ ਨਾ ਤਾਂ ਸਾਨੂੰ ਕਿਸੇ ਦੀ ਗੱਲ ਨੂੰ ਸੁਣਨ ਤੇ ਸਮਝਣ ਦਾ ਪੂਰਾ ਮੌਕਾ ਦਿੰਦਾ ਹੈ ਅਤੇ ਨਾ ਹੀ ਅਸੀਂ ਜ਼ਾਬਤੇ ਵਿਚ ਰਹਿੰਦੇ ਹੋਏ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਪਾਉਂਦੇ ਹਾਂ। ਵਿਚਾਰ-ਵਟਾਂਦਰੇ ਦੌਰਾਨ ਸਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਅਰਥਭਰਪੂਰ ਤੇ ਬਾਮਕਸਦ ਸੰਵਾਦ ਰਚਾਉਣ ਦਾ ਯਤਨ ਕਰੀਏ ਅਤੇ ਕਿਸੇ ਵੀ ਸੂਰਤ ਵਿਚ ਆਪਸੀ ਗੱਲਬਾਤ ਨੂੰ ਤਕਰਾਰ ਦਾ ਰੂਪ ਧਾਰਨ ਨਾ ਕਰਨ ਦਈਏ। ਅਜਿਹਾ ਕੇਵਲ ਉਸ ਸੂਰਤ ਵਿਚ ਹੀ ਸੰਭਵ ਹੁੰਦਾ ਹੈ, ਜਦੋਂ ਅਸੀਂ ਆਪਣੇ ਤਰਕ ਨਾ ਤਾਂ ਬਿਨਾਂ ਵਜ੍ਹਾ ਤੀਰ ਵਾਂਗ ਇਸਤੇਮਾਲ ਕਰੀਏ ਅਤੇ ਨਾ ਹੀ ਆਪਣੇ ਤਰਕ ਨੂੰ ਬਿਨਾਂ ਵਜ੍ਹਾ ਆਪਣੀ ਢਾਲ ਬਣੀਏ। ਹਰਫ਼ਾਂ, ਅਲਫਾਜਾਂ ਅਤੇ ਵਾਕਾਂ ਦੀ ਵਰਤੋਂ ਆਪਣਾ ਜ਼ਿਹਨੀ ਤਵਾਜ਼ਨ ਕਾਇਮ ਰੱਖਦਿਆਂ, ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ, ਦੂਸਰਿਆਂ ਦੀ ਭਾਵਨਾਵਾਂ ਦੀ ਕਦਰ ਕਰਦਿਆਂ ਅਤੇ ਸਹਿਣਸ਼ੀਲ ਰਹਿੰਦਿਆਂ ਕਰਨੀ ਚਾਹੀਦੀ ਹੈ।

ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਬਿਨਾਂ ਸੋਚੇ, ਸਮਝੇ ਅਤੇ ਵਿਚਾਰੇ ਮੂੰਹੋਂ ਨਿਕਲੇ ਹਰੇਕ ਸ਼ਬਦ ਜਾਂ ਵਾਕ ਤੋਂ ਬਾਅਦ ਸਾਨੂੰ ਪਛਤਾਉਣਾ ਪੈ ਸਕਦਾ ਹੈ। ਤਦੇ ਹੀ ਤਾਂ ਸਿਆਣੇ ਅਕਸਰ ਕਹਿੰਦੇ ਹਨ ਕਿ ਕਮਾਨੋਂ ਨਿਕਲਿਆਂ ਤੀਰ ਅਤੇ ਮੂੰਹੋਂ ਨਿਕਲਿਆ ਵਾਕ ਕਦੇ ਵਾਪਸ ਨਹੀਂ ਪਰਤਦੇ ਹਨ। ਸਾਡੀ ਹਮੇਸ਼ਾ ਇਹ ਕੋਸ਼ਿਸ਼ ਰਹਿਣੀ ਚਾਹੀਦੀ ਹੈ ਕਿ ਸਾਡੇ ਮੂੰਹ ਤੋਂ ਨਿਕਲਿਆ ਹਰ ਸ਼ਬਦ ਸਾਡੇ ਸਭਿਅਕ ਹੋਣ ਦਾ ਸਬੂਤ ਦੇਵੇ ਅਤੇ ਸਾਡੇ ਬੋਲ ਕਦੇ ਕਿਸੇ ਦਾ ਹਿਰਦਾ ਨਾ ਵਲੂੰਧਰਨ। ਕੋਈ ਵੀ ਧਾਰਨਾ, ਸੰਕਲਪ ਜਾਂ ਬਿਰਤਾਂਤ ਸਿਰਜਣ ਤੋਂ ਪਹਿਲਾਂ ਕਿਸੇ ਸ਼ਖ਼ਸ ਜਾਂ ਵਰਤਾਰੇ ਬਾਰੇ ਸਾਰੇ ਪਹਿਲੂਆਂ ਨੂੰ ਸਮਝਦਿਆਂ ਅਤੇ ਹਲਾਤਾਂ ਦਾ ਜਾਇਜ਼ਾ ਲੈਕੇ ਸਾਨੂੰ ਪੂਰੀ ਤਰ੍ਹਾਂ ਘੋਖ-ਪੜਤਾਲ ਕਰਨ ਪਿੱਛੋਂ ਪੂਰੀ ਸਾਵਧਾਨੀ ਵਰਤਦਿਆਂ ਤੇ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਕਿਸੇ ਨਤੀਜੇ ਉੱਤੇ ਪਹੁੰਚਣ ਦਾ ਯਤਨ ਕਰਨਾ ਚਾਹੀਦਾ ਹੈ। ਕਿਸੇ ਵੀ ਸਥਿਤੀ ਵਿਚ ਜੇਕਰ ਅਸੀਂ ਗ਼ਲਤ ਸਾਬਤ ਹੋਈਏ ਤਾਂ ਆਪਣੇ ਅਧੂਰੇ ਗਿਆਨ, ਜਾਣਕਾਰੀ ਅਤੇ ਅਨੁਭਵ ਦੇ ਫ਼ਲਸਰੂਪ ਸਾਨੂੰ ਕ੍ਰੋਧ ਕਰਨ ਅਤੇ ਆਪਣੇ ਗੱਲ ਉੱਪਰ ਅੜੇ ਰਹਿਣ ਦੀ ਬਜਾਏ ਸਾਨੂੰ ਆਪਣੇ ਵਿਚਾਰਾਂ ਵਿਚ ਸੋਧ ਕਰਨ ਵੱਲ ਤਵੱਜੋਂ ਦੇਣੀ ਚਾਹੀਦੀ ਹੈ। ਸਾਨੂੰ ਇਹ ਗੱਲ ਵੀ ਹਮੇਸ਼ਾ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਜ਼ਬਾਤੀ ਰੌਂਅ ਵਿਚ ਬਿਨਾਂ ਸੋਚੇ-ਸਮਝੇ ਬੋਲਣ ਵਾਲੇ ਲੋਕ ਅਕਸਰ ਆਪਣੀ ਵਿਚਾਰਾਤਮਕ ਸੰਕੀਰਣਤਾ ਤੇ ਮਾਨਸਿਕ ਕੰਗਾਲੀ ਦਰਸਾਉਂਣ ਦੇ ਨਾਲ-ਨਾਲ ਜ਼ਿਹਨੀ ਤੌਰ ਉੱਪਰ ਬੀਮਾਰ ਹੋਣ ਦਾ ਸਬੂਤ ਦਿੰਦੇ ਹਨ।

ਇਹ ਫੈਸਲਾ ਅਸੀਂ ਹੀ ਕਰਨਾ ਹੁੰਦਾ ਹੈ ਕਿ ਅਸੀਂ ਕਿਸੇ ਨਾਲ ਬਾਮਕਸਦ ਸੰਵਾਦ ਰਚਾਉਣ ਦਾ ਰਾਹ ਅਪਣਾਉਣਾ ਹੈ ਜਾਂ ਹਰ ਵਕ਼ਤ ਲੋਕਾਂ ਨਾਲ ਫ਼ਜ਼ੂਲ ਦੀ ਝੱਖ ਮਾਰਨੀ ਹੈ। ਦਰਅਸਲ ਸਟੀਕ ਸਿੱਟਿਆ ਲਈ ਵਿਵੇਕਸ਼ੀਲ ਵਿਚਾਰਾਂ ਅਤੇ ਸੰਵਾਦ ਦੇ ਮਹੱਤਵ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ।

# ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਚਮਕੌਰ ਸਾਹਿਬ

ਮੁਕੱਦਸ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਉਹ ਯਾਦਗਾਰੀ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਪੰਜ ਪਿਆਰਿਆਂ ਸਮੇਤ ਲਗਭਗ ਚਾਲੀ ਸਿੰਘਾਂ ਨਾਲ ਰੋਪੜ, ਭੱਠਾ ਸਾਹਿਬ, ਬਾਹਮਣ ਮਾਜਰਾ, ਸਿੰਘ, ਭਗਵੰਤ ਪੁਰ, ਪਿੰਡ ਬੂਰਮਾਜਰਾ ਤੇ ਦੁਗਰੀ ਪਿੰਡਾਂ ਵਿਚੋਂ ਦੀ ਹੁੰਦੇ ਹੋਏ 7 ਪੋਹ 1761 ਸੰਮਤ ਸ਼ਾਮ ਨੂੰ ਚਮਕੌਰ ਸਾਹਿਬ ਦੇ ਇਸ ਅਸਥਾਨ 'ਤੇ ਪੁੱਜੇ ਸਨ ਤੇ ਥੋੜ੍ਹਾ ਸਮਾਂ ਵਿਸ਼ਰਾਮ ਕੀਤਾ ਸੀ। ਇਸ ਥਾਂ 'ਤੇ ਉਸ ਸਮੇਂ ਸਥਾਨਿਕ ਜ਼ਿਮੀਦਾਰ ਰਾਇ ਜਗਤ ਸਿੰਘ ਦਾ ਇਕ ਹਰਾ-ਭਰਾ ਬਾਗ ਹੋਇਆ ਕਰਦਾ ਸੀ। ਇਸੇ ਸਥਾਨ ਤੋਂ ਸਤਿਗੁਰਾਂ ਨੇ ਪੰਜ ਸਿੰਘ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੇ ਮਾਲਕ ਰਾਇ ਜਗਤ ਸਿੰਘ ਪਾਸ ਭੇਜੇ ਸਨ ਤਾਂ ਕਿ ਉਹ ਉਹਨਾਂ ਨੂੰ ਕੱਚੀ ਗੜ੍ਹੀ ਵਿਚ ਨਿਵਾਸ ਕਰਨ ਦੀ ਆਗਿਆ ਦੇਵੇ। ਸਿੰਘਾਂ ਨੇ ਜਾ ਕੇ ਰਾਇ ਜਗਤ ਸਿੰਘ ਨੂੰ ਦਸਮ ਪਾਤਸ਼ਾਹ ਜੀ ਦਾ ਸੰਦੇਸ਼ ਦਿੱਤਾ ਸੀ ਤੇ ਕਿਹਾ ਸੀ ਕਿ ਗੁਰੂ ਸਾਹਿਬ ਨਗਰੋਂ ਬਾਹਰ ਇੱਕ ਬਾਗ ਵਿਚ ਬਿਰਾਜਮਾਨ ਹਨ, ਉਹਨਾਂ ਨਾਲ ਜਾ ਕੇ ਗੱਲ ਕਰ ਲਓ। ਰਾਇ ਜਗਤ ਸਿੰਘ ਮੁਗਲ ਸੈਨਾ ਤੋਂ ਡਰ ਗਿਆ। ਉਸਨੇ ਟਾਲ ਮਟੋਲ ਕੀਤਾ ਤੇ ਸਿੰਘਾਂ ਨੂੰ ਕਿਹਾ ਕਿ ਮੇਰੇ ਪਾਸ ਗੁਰੂ ਜੀ ਨੂੰ ਭੇਟਾ ਦੇਣ ਲਈ ਕੁਝ ਨਹੀਂ ਹੈ, ਇਸ ਲਈ ਮੈਂ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਿਰ ਹੋਣ ਤੋਂ ਅਸਮਰਥ ਹਾਂ। ਸਿੰਘਾਂ ਨੇ ਇਹ ਗੱਲ ਗੁਰੂ ਸਾਹਿਬ ਨੂੰ ਦੱਸੀ। ਗੁਰੂ ਸਾਹਿਬ ਨੇ ਇੱਕ ਸਿੰਘ ਨੂੰ ਮੋਹਰਾਂ ਦੇ ਕੇ ਰਾਇ ਜਗਤ ਸਿੰਘ ਵੱਲ ਭੇਜਿਆ ਕਿਉਕਿ ਉਸ ਸੰਕਟਮਈ ਸਮੇਂ 'ਚ ਇਸ ਨਿਵਾਸ ਦੀ ਬਹੁਤ ਲੋੜ ਸੀ, ਜਿਸ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਉਸ ਨੂੰ ਮੂੰਹ ਮੰਗਿਆ ਮੁੱਲ ਦੇਣ ਲਈ ਤਿਆਰ ਸਨ। ਪਰ ਜਗਤ ਸਿੰਘ ਨੇ ਕੱਚੀ ਗੜ੍ਹੀ ਦੇਣ ਤੋਂ ਫੇਰ ਵੀ ਇਨਕਾਰ ਕਰ ਦਿੱਤਾ। ਫਿਰ ਉਸ ਸਿੰਘ ਨੇ ਰਾਇ ਜਗਤ ਸਿੰਘ ਦੇ ਛੋਟੇ ਭਰਾ ਰੂਪ ਚੰਦ ਨੂੰ ਗੜ੍ਹੀ ਦੇਣ ਲਈ ਪ੍ਰੇਰਿਤ ਕੀਤਾ। ਰੂਪ ਚੰਦ ਨੇ 50 ਮੋਹਰਾਂ ਲੈ ਕੇ ਕੱਚੀ ਗੜ੍ਹੀ ਵਿੱਚੋਂ ਆਪਣਾ ਹਿੱਸਾ ਦੇਣਾ ਪ੍ਰਵਾਨ ਕਰ ਲਿਆ। ਉਸ ਦੀ ਸਹਿਮਤੀ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਤੇ 40 ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਪ੍ਰਵੇਸ ਕੀਤਾ। ਇਹ ਗੁਰਦੁਆਰਾ (ਦਮਦਮਾ ਸਾਹਿਬ) ਚਮਕੌਰ ਸਾਹਿਬ ਦੀ ਸੰਘਣੀ ਆਬਾਦੀ 'ਚ ਸੁਸ਼ੋਭਿਤ ਹੈ ਤੇ ਦਸਵੇਂ ਪਾਤਸ਼ਾਹ ਜੀ ਦੇ ਦੁਖਾਂਤਕ ਸਮੇਂ ਦੀ ਯਾਦ ਨਾਲ ਜੁੜਿਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦਾ ਮੁੱਖ ਦਰਵਾਜਾ ਬਾਜ਼ਾਰ ਵੱਲ ਖੁੱਲ੍ਹਦਾ ਹੈ। ਇਸ ਅਸਥਾਨ 'ਤੇ ਸਭ ਤੋਂ ਪਹਿਲੀ ਇਮਾਰਤ ਧਰਮ ਸਿੰਘ ਠੇਕੇਦਾਰ ਦਿੱਲੀ ਵਾਲਿਆਂ ਨੇ ਬਣਾਈ ਸੀ। ਫਿਰ ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਨੇ ਸੰਨ 1963-64 ਵਿੱਚ ਵੱਡੀ ਇਮਾਰਤ ਬਣਾਈ। ਪਰ ਅੱਜਕੱਲ੍ਹ ਜੋ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦਿਖਾਈ ਦਿੰਦੀ ਹੈ, ਇਸ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਨੇ ਕਰਵਾਈ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਦੂਰੋਂ-ਦੂਰੋਂ ਸੰਗਤਾਂ ਆ ਕੇ ਇਸ ਇਤਿਹਾਸਕ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ ਤੇ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ ਹਨ।





ਤਸਵਿੰਦਰ ਸਿੰਘ ਬੜੈਚ
91-75279-31887

# ਜੀਵਨ ਜਿਉਣ ਦਾ ਪੁਰਾਤਨ ਕਾਰਗਰ ਨੁਕਤਾ



ਡਾ. ਨਿਸ਼ਾਨ ਸਿੰਘ ਰਾਠੌਰ
90414-98009

ਸਿਆਣੇ ਕਹਿੰਦੇ ਹਨ ਕਿ ਮੂੰਹ 'ਚੋਂ ਨਿਕਲੀ ਗੱਲ ਅਤੇ ਕਮਾਨ 'ਚੋਂ ਨਿਕਲਿਆ ਹੋਇਆ ਤੀਰ ਕਦੇ ਵਾਪਸ ਨਹੀਂ ਮੁੜਦੇ। ਇਹ ਗੱਲ 100 ਫੀਸਦੀ ਸੱਚ ਅਤੇ ਦਰੁਸਤ ਹੈ। ਇਸੇ ਕਰਕੇ ਹੀ ਸੋਚ-ਸਮਝ ਕੇ ਬੋਲਣ ਲਈ ਤਾਕੀਦ ਕੀਤੀ ਜਾਂਦੀ ਹੈ ਅਤੇ ਠਰੰਮੇ ਨਾਲ ਕਦਮ ਪੁੱਟਣ ਲਈ ਕਿਹਾ ਜਾਂਦਾ ਹੈ।

ਅੱਜ ਦਾ ਯੁੱਗ ਭੱਜਦੌੜ ਦਾ ਯੁੱਗ ਹੈ। ਮਨੁੱਖ ਜ਼ਿੰਦਗੀ ਵਿਚ ਅੱਗੇ ਵੱਧਣਾ ਚਾਹੁੰਦਾ ਹੈ/ ਤਰੱਕੀ ਕਰਨਾ ਚਾਹੁੰਦਾ ਹੈ। ਵੱਡੇ ਸ਼ਹਿਰਾਂ ਨੇ ਪਿੰਡਾਂ ਅਤੇ ਛੋਟੇ ਕਸਬਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਖੇਤੀ ਯੋਗ ਜ਼ਮੀਨਾਂ ਘੱਟਦੀਆਂ ਜਾ ਰਹੀਆਂ ਹਨ ਅਤੇ ਪੱਥਰਾਂ ਦੇ ਸ਼ਹਿਰ ਆਬਾਦ ਹੁੰਦੇ ਜਾ ਰਹੇ ਹਨ। ਅੱਜ ਹਾਲਾਤ ਇੰਝ ਦੇ ਹੋ ਗਏ ਹਨ ਕਿ ਹਰ ਪਾਸੇ ਕੰਕਰੀਟ ਹੀ ਕੰਕਰੀਟ ਨਜ਼ਰ ਆਉਂਦਾ ਹੈ। ਪਿੰਡਾਂ ਵਿਚੋਂ ਸ਼ਹਿਰਾਂ ਵੱਲ ਨੂੰ ਲੋਕਾਂ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਇਹਨਾਂ ਸਭ ਕਾਰਨਾਂ ਦਾ ਮੂਲ ਮਕਸਦ ਇਹ ਹੈ ਕਿ ਅੱਜ ਦਾ ਮਨੁੱਖ ਆਪਣੇ ਜੀਵਨ ਵਿਚ ਅੱਗੇ ਵੱਧਣਾ ਚਾਹੁੰਦਾ ਹੈ/ ਤਰੱਕੀ ਕਰਨਾ ਚਾਹੁੰਦਾ ਹੈ। ਪੈਸੇ ਦੀ ਭੁੱਖ ਨੇ ਮਨੁੱਖ ਨੂੰ ਮਨੁੱਖਤਾ ਤੋਂ ਹੀਣਾ ਕਰਕੇ ਰੱਖ ਦਿੱਤਾ ਹੈ। ਅੱਜ ਹਰ ਪਾਸੇ ਇੰਟਰਨੈੱਟ ਦਾ ਬੋਲਬਾਲਾ ਹੈ। ਘੰਟਿਆਂ ਦੇ ਕੰਮ ਮਿੰਟਾਂ ਵਿਚ ਅਤੇ ਮਿੰਟਾਂ ਦੇ ਕੰਮ ਸਕਿੰਟਾਂ ਵਿਚ ਨੇਪਰੇ ਚੜ ਜਾਂਦੇ ਹਨ। ਇਸ ਇੰਟਰਨੈੱਟ ਦੀ ਸਹੂਲਤ ਨੇ ਜਿੱਥੇ ਮਨੁੱਖ ਦਾ ਜੀਵਨ ਸੁਖਾਲਾ ਅਤੇ ਆਰਾਮਦਾਇਕ ਕੀਤਾ ਹੈ ਉੱਥੇ ਹੀ ਕਈ ਤਰ੍ਹਾਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਦਾ ਕਾਰਨ ਵੀ ਬਣ ਗਿਆ ਹੈ। ਅੱਜ ਬਜ਼ੁਰਗਾਂ ਤੋਂ ਲੈ ਕੇ ਨਿੱਕੇ ਬੱਚਿਆਂ ਤੱਕ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਆਮ ਹੀ ਦੇਖੇ ਜਾ ਸਕਦੇ ਹਨ। ਮਨੁੱਖ ਨੇ ਤਕਨੀਕ ਕਰਕੇ ਤਰੱਕੀ ਜ਼ਰੂਰ ਕੀਤੀ ਹੈ; ਇਸ ਗੱਲ ਵਿਚ ਕੋਈ ਸ਼ੱਕ ਨਹੀਂ ਪਰੰਤੂ! ਅਜੋਕਾ ਮਨੁੱਖ ਮਾਨਸਿਕ ਵਿਕਾਰਾਂ ਵਿਚ ਆਪਣੀ ਜ਼ਿੰਦਗੀ ਨੂੰ ਗੁਆ ਰਿਹਾ ਹੈ। ਦੂਜੇ ਸ਼ਬਦਾਂ ਵਿਚ; ਅੱਜ ਦਾ ਮਨੁੱਖ ਆਪਣਾ ਮਨੁੱਖੀ ਜੀਵਨ ਆਨੰਦ ਨਾਲ ਜੀਅ ਨਹੀਂ ਰਿਹਾ ਬਲਕਿ ਢੋਹ ਰਿਹਾ ਹੈ/ ਕੱਟ ਰਿਹਾ ਹੈ। ਅੱਜ ਮੋਬਾਇਲ ਫੋਨ ਨੇ ਲੋਕਾਂ ਨੂੰ ਗੱਲਾਂ ਤੋਂ ਸੱਖਣੇ ਕਰਕੇ ਰੱਖ ਦਿੱਤਾ ਹੈ। ਹੁਣ ਚਿੱਠੀਆਂ/ ਪੱਤਰਾਂ ਨੂੰ ਲਿਖਣਾ ਆਮ ਲੋਕ ਭੁੱਲ ਗਏ ਹਨ। ਅੱਜ ਇੰਟਰਨੈੱਟ ਦੇ ਯੁੱਗ ਵਿਚ ਚੰਦ ਸਕਿੰਟਾਂ ਵਿਚ ਸੰਦੇਸ਼ ਅੱਪੜ ਜਾਂਦੇ ਹਨ / ਭੇਜ ਦਿੱਤੇ ਜਾਂਦੇ ਹਨ। ਇਸ ਲਈ ਅੱਜ ਦੀ ਪੀੜ੍ਹੀ ਚਿੱਠੀਆਂ/ ਪੱਤਰਾਂ ਨੂੰ ਲਿੱਖਣਾ ਭੁੱਲ ਗਈ ਜਾਪਦੀ ਹੈ। ਦੂਜੀ ਗੱਲ, ਸਾਂਝੇ ਪਰਿਵਾਰ ਹੁਣ 'ਬੀਤੇ ਵਕਤ ਦੀਆਂ ਬਾਤਾਂ' ਬਣ ਕੇ ਰਹਿ ਗਏ ਹਨ। ਅੱਜ ਬਹੁਤੇ ਲੋਕਾਂ ਕੋਲ ਆਪਣੇ ਪਰਿਵਾਰ ਵਿਚ ਬਹਿ ਕੇ ਗੱਲਾਂ- ਬਾਤਾਂ ਕਰਨ ਦਾ ਸਮਾਂ ਨਹੀਂ ਹੈ। ਨਾਨੀ-ਦਾਦੀ ਮਾਤਾ ਦੀਆਂ ਕਹਾਣੀਆਂ, ਵਿਆਹਾਂ- ਸ਼ਾਦੀਆਂ 'ਤੇ ਲੈਡੀਜ਼ ਸੰਗੀਤ, ਨਾਨਕਾ- ਮੇਲ, ਦਾਦਕਾ-ਮੇਲ, ਸੁਹਾਗ, ਘੋੜੀਆਂ ਆਦਿਕ ਰੀਤੀ- ਰਿਵਾਜ਼ ਖ਼ਤਮ ਹੋਣ ਕਿਨਾਰੇ ਹਨ। ਹੁਣ ਲੋਕ ਮੈਰਿਜ਼- ਪੈਲੇਸ ਵਿਚੋਂ ਵਿਆਹ ਦੇਖ ਕੇ ਮੁੜ ਆਉਂਦੇ ਹਨ। ਵਿਆਹਾਂ ਵਿਚ ਬਹੁਤੇ ਲੋਕਾਂ ਕੋਲ ਆਰਾਮ ਨਾਲ ਬਹਿ ਕੇ ਗੱਲਾਂ ਕਰਨ, ਹਾਸਾ- ਠੱਠਾ ਕਰਨ ਅਤੇ ਆਨੰਦ ਮਾਨਣ ਦਾ ਵਕਤ ਨਹੀਂ ਹੈ। ਵਿਦਵਾਨਾਂ ਦਾ ਕਥਨ ਹੈ ਕਿ ਜੇਕਰ ਮਨੁੱਖ ਆਪਣੇ ਜੀਵਨ ਵਿਚ ਸਕੂਨ ਚਾਹੁੰਦਾ ਹੈ ਤਾਂ ਉਸਨੂੰ ਕੁਝ ਸਮਾਂ ਆਪਣੇ- ਆਪ ਨੂੰ ਦੇਣਾ ਚਾਹੀਦਾ ਹੈ।

ਦੋਸਤੋ, ਇੱਕ ਜਾਂ ਦੋ ਦਿਨ ਲਈ ਇੰਟਰਨੈੱਟ ਨੂੰ ਬੰਦ ਕਰਕੇ ਦੇਖੋ ਜਾਂ ਮੋਬਾਇਲ ਨੂੰ ਘਰ ਛੱਡ ਕੇ ਦੇਖੋ; ਤੁਸੀਂ ਕਿਵੇਂ ਦਾ ਮਹਿਸੂਸ ਕਰਦੇ ਹੋ? ਕਦੇ ਕਿਸੇ ਮਿੱਤਰ- ਪਿਆਰੇ ਨੂੰ ਚਿੱਠੀ ਲਿੱਖ ਕੇ ਦੇਖੋ। ਯਕੀਕਨ, ਤੁਹਾਨੂੰ ਚੰਗਾ ਲੱਗੇਗਾ/ ਸਕੂਨ ਮਿਲੇਗਾ। ਸ਼ਹਿਰ ਦੇ ਰੌਲੇ- ਰੱਪੇ ਤੋਂ ਕੁਝ ਦਿਨ ਲਈ ਦੂਰ ਹੋ ਕੇ ਦੇਖੋ ਜਾਂ ਕਿਸੇ ਪਹਾੜੀ ਸਥਾਨ ਤੇ ਜਾ ਕੇ ਕੁਝ ਦਿਨ ਚੈਨ ਦਾ ਜੀਵਨ ਬਤੀਤ ਕਰਕੇ ਦੇਖੋ। ਕਿਸੇ ਦਿਨ ਸੰਧਿਆ ਵੇਲੇ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਬੈਠ ਕੇ ਗੱਲਬਾਤ ਕਰੋ ਤਾਂ ਤੁਹਾਨੂੰ ਬਹੁਤ ਕੁਝ 'ਨਵਾਂ' ਸਿੱਖਣ ਨੂੰ ਮਿਲੇਗਾ। ਪਰਿਵਾਰ ਦੇ ਜੀਆਂ ਦੇ ਵਿਚਾਰ ਸੁਣ ਕੇ ਤੁਹਾਨੂੰ ਨਵੇਂ ਵਿਚਾਰ ਆਉਣਗੇ ਜਿਹੜੇ ਕਿ ਭਵਿੱਖ ਲਈ ਲਾਹੇਵੰਦ ਸਾਬਿਤ ਹੋ ਸਕਦੇ ਹਨ। ਪਿੰਡ/ ਸ਼ਹਿਰ ਦੀ ਗਲੀ ਜਾਂ ਸੱਥ ਵਿਚ ਬਜ਼ੁਰਗਾਂ ਦੇ ਵਿਚਾਰਾਂ ਨੂੰ ਸੁਣ ਕੇ ਦੇਖੋ ਤੁਹਾਨੂੰ ਉਹ ਗਿਆਨ ਪ੍ਰਾਪਤ ਹੋਵੇਗੇ ਜਿਹੜਾ (ਇੰਟਰਨੈੱਟ) ਗੂਗਲ ਤੋਂ ਕਦੇ ਪ੍ਰਾਪਤ ਨਹੀਂ ਹੋ ਸਕਦਾ। ਅਸਲ ਵਿਚ ਬਜ਼ੁਰਗਾਂ ਤੋਂ ਉਹਨਾਂ ਦੇ ਅਨੁਭਵ ਸੁਣਨੇ ਹਰ ਬੰਦੇ ਦੇ ਹਿੱਸੇ ਨਹੀਂ ਆਉਂਦੇ। ਇਸ ਨਾਲ ਤੁਹਾਨੂੰ ਆਪਣੇ ਜੀਵਨ ਦੀ ਅਹਿਮੀਅਤ ਦਾ ਗਿਆਨ ਹੋਵੇਗਾ। ਆਖ਼ਿਰ ਵਿਚ; ਕੁਝ ਘੰਟੇ ਜਾਂ ਹੋ ਸਕੇ ਤਾਂ ਕੁਝ ਦਿਨਾਂ ਲਈ ਮੋਬਾਇਲ ਫੋਨ ਤੋਂ ਦੂਰ ਹੋ ਕੇ ਦੇਖੋ। ਜੇਕਰ ਇੰਨਾ ਵੀ ਸੰਭਵ ਨਹੀਂ ਤਾਂ ਕੁਝ ਘੰਟਿਆਂ ਲਈ ਇੰਟਰਨੈੱਟ ਬੰਦ ਕਰਕੇ ਦੇਖੋ ਤੁਹਾਨੂੰ ਸੁਖ ਅਤੇ ਚੈਨ ਦਾ ਅਨੂਭਵ ਹੋਵੇਗਾ। ਸਿਆਣੇ ਦਾ ਕਹਿਣਾ ਹੈ ਕਿ ਉਹ ਰੁੱਖ ਉੱਚਾ ਅਤੇ ਹਰਿਆ-ਭਰਿਆ ਹੁੰਦਾ ਹੈ ਜਿਹੜਾ ਆਪਣੀਆਂ ਜੜਾਂ ਨਾਲ ਜੁੜਿਆ ਹੁੰਦਾ ਹੈ। ਜੜਾਂ ਨਾਲੋਂ ਟੁੱਟਿਆਂ ਰੁੱਖ ਮਾੜੀ ਜਿਹੀ ਹਵਾ ਦੇ ਬੁੱਲੇ ਨਾਲ ਜ਼ਮੀਨ ਤੇ ਡਿੱਗ ਪੈਂਦਾ ਹੈ। ਇਸ ਲਈ ਸਾਨੂੰ ਆਪਣੀਆਂ ਜੜਾਂ ਨਾਲ / ਪਿੰਡਾਂ ਨਾਲ/ਪਰਿਵਾਰਾਂ ਨਾਲ ਜੁੜਨਾ ਚਾਹੀਦਾ ਹੈ ਤਾਂ ਕਿ ਸਾਡਾ ਮਨੁੱਖੀ ਜੀਵਨ ਸੁਖਦਾਇਕ ਅਤੇ ਸਕੂਨ ਭਰਿਆ ਹੋ ਸਕੇ। ਪਰੰਤੂ ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।



ਅੰਮ੍ਰਿਤ ਪਵਾਰ

## ਪੰਜਾਬੀ ਫ਼ਿਲਮ ਦਰਪਣ

# ਪੰਜਾਬੀ ਫ਼ਿਲਮਾਂ ਦੇ ਆਉਣ ਵਾਲੇ ਕੱਲ ਦੇ ਸਟਾਰ, ਕਰਨਗੇ ਚਮਤਕਾਰ

ਪੰਜਾਬੀ ਫ਼ਿਲਮਾਂ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ ਤੇ ਇਸ ਦਾ ਲਾਭ ਓਹਨਾਂ ਕਲਾਕਾਰਾਂ ਨੂੰ ਹੋ ਰਿਹਾ ਜਿਹੜੇ ਕਾਫੀ ਦੇਰ ਤੋਂ ਐਕਟਿੰਗ ਖੇਤਰ ਵਿੱਚ ਹਨ ਜਾਂ ਫਿਰ ਨਵੇਂ ਆਏ ਨੇ ਪਰ ਓਹਨਾਂ ਨੂੰ ਮੌਕਾ ਨਹੀਂ ਸੀ ਮਿਲ ਰਿਹਾ ਕਿਉ ਕਿ ਫ਼ਿਲਮਜ਼ ਘੱਟ ਬਣ ਰਹੀਆਂ ਸਨ। ਹੁਣ ਤੇ ਹਰ ਹਫ਼ਤੇ ਦੋ ਦੋ ਫ਼ਿਲਮਾਂ ਆ ਰਹੀਆਂ ਹਨ। ਕੁੱਝ ਗਾਇਕ ਵੀ ਨਾਇਕ ਬਣ ਐਕਟਿੰਗ ਸੁਧਾਰ ਰਹੇ ਹਨ। ਆਓ ਅੱਜ ਪੰਜਾਬੀ ਫ਼ਿਲਮਾਂ ਦੇ ਓਹ ਚਿਹਰੇ ਮਿਲਾ ਦਿੰਦੇ ਹਾਂ ਜਿਹੜੇ ਤੇਜ਼ੀ ਨਾਲ ਉੱਭਰ ਰਹੇ ਨੇ ਤੇ ਆਉਣ ਵਾਲੇ ਸਮੇਂ ਦੇ ਸਟਾਰ ਹਨ। ਜਰੂਰੀ ਨਹੀਂ ਕਿ ਉਮਰ ਤੁਹਾਡੀ ਨਿੱਕੀ ਏ ਜਾਂ ਜਵਾਨ ਹੋ ਤਾਂ ਹੀ ਉੱਭਰਦੇ ਕਲਾਕਾਰ ਹੋ ਓਹ ਵੀ ਸ਼ਾਇਨਿੰਗ ਸਟਾਰ ਨੇ ਜਿਹੜੇ ਲੰਮੇ ਸਮੇਂ ਤੋਂ ਐਕਟਿੰਗ ਵਿੱਚ ਨੇ ਪਰ ਮੌਕਾ ਹੁਣ ਮਿਲ ਰਿਹਾ ਏ ਤੇ ਹੁਣ ਓਹ ਜਨਤਾ ਦੀ ਨਜ਼ਰ ਵਿੱਚ ਆ ਗਏ ਨੇ ਜਾਂ ਆ ਜਾਣਗੇ। ਚਲੋ ਸ਼ੁਰੂ ਕਰਦੇ ਹਾਂ ਸਫ਼ਰ ਇਹਨਾਂ ਕਲਾਕਾਰਾਂ ਦਾ ਕੱਲ ਜਿਹਨਾਂ ਦਾ ਹੈ ਜਾ ਫਿਰ ਕੱਲ ਦੇ ਨੇ ਇਹ ਸਟਾਰ--

### ਸਵਰਨ ਸਿੰਘ- ਅਸਲੀ ਨਾਮ ਹੁਣ ਬਣੂੰ

ਲੰਬੇ ਸਮੇਂ ਤੱਕ ਰੰਗਮੰਚ ਕਰਨ ਵਾਲੇ ਸਵਰਨ ਸਿੰਘ ਨੇ ਆਪਣੀ ਸਰਕਾਰੀ ਨੌਕਰੀ ਦੌਰਾਨ ਵੀ ਐਕਟਿੰਗ ਜ਼ਾਰੀ ਰੱਖੀ ਤੇ ਸਮਾਂ ਕੱਢ ਓਹ ਕਦੇ ਨਾਟਕ ਕਰਦੇ ਤੇ ਕਦੇ ਕਿਸੇ ਹੋਰ ਥਾਂ ਅਭਿਨੈ ਦਾ ਦਿਖਾਵਾ। ਇਸ ਨਾਲ ਸ਼ੌਕ ਪੂਰਾ ਹੁੰਦਾ ਗਿਆ।ਸਰਕਾਰੀ ਨੌਕਰੀ



ਕਾਰਨ ਮੁੰਬਈ ਜਾ ਨਹੀਂ ਸੀ ਸਕਦੇ ਤੇ ਪੰਜਾਬੀ ਫ਼ਿਲਮਾਂ ਘੱਟ ਬਣਦੀਆਂ ਸਨ ਤੇ ਵਿੱਚ ਹੀ ਕਾਲਾ ਦੌਰ ਆ ਗਿਆ। ਹਾਂ ਕਪਿਲ ਸ਼ਰਮਾ ਨਾਲ "ਫਿਰੰਗੀ " ਤੇ ਦੋ ਚਾਰ ਹੋਰ ਫ਼ਿਲਮਾਂ ਕਰ ਕਿ ਓਹਨਾਂ ਦਾ ਕੁੱਝ ਨਾਮ ਬਣਿਆ ਪਰ ਅਸਲੀ ਨਾਮ ਹੁਣ ਫ਼ਿਲਮ "ਤਬਾਹੀ ਰੀਲੋਡਡ- "ਬਣਾ ਰਹੀ ਹੈ ਤੇ ਇਹ ਫ਼ਿਲਮ ਆਓਂਦੇ ਹੀ ਓਹ ਸਭ ਦੇ ਚਹੇਤੇ ਕਲਾਕਾਰ ਬਣ ਜਾਣਗੇ। ਇਸ ਫ਼ਿਲਮ ਵਿੱਚ ਓਹਨਾਂ ਵਜੀਰ ਸਾਹਿਬ ਯਾਨੀ ਸੀ ਐਮ ਸਾਹਿਬ ਦੀ ਭੂਮਿਕਾ ਨਿਭਾਈ ਹੈ। ਬਿਲਕੁਲ ਓਹ ਸਵਰਨ ਨਹੀਂ ਸੀ ਐਮ ਹੀ ਲੱਗਦੇ ਹਨ। ਓਹ ਇਸ ਸੀਨੀਅਰ ਉਮਰ ਵਿੱਚ ਹੋਣ ਤੇ ਵੀ ਰੋਮਾਂਟਿਕ ਲੱਗੇ ਹਨ ਤੇ ਖਲਨਾਇਕ ਵੀ। ਸਵਰਨ ਸਿੰਘ ਫ਼ਿਲਮ ਦਾ ਟ੍ਰੇਲਰ ਦੇਖ ਹੀ 3 ਵੱਡੀਆਂ ਫ਼ਿਲਮਾਂ ਤੇ ਵੈੱਬ ਸੀਰੀਜ਼ ਮਿਲ ਗਈਆਂ ਹਨ।ਆ ਰਹੇ ਕੱਲ ਦੇ ਓਹ ਸਟਾਰ ਹਨ।

### ਡੀ. ਜੇ. ਨਰਿੰਦਰ ਸ਼ਾਇਨਿੰਗ ਮਿਊਜ਼ਿਕ ਡਾਇਰੈਕਟਰ

ਬੇਸ਼ਕ ਕਈ ਗੀਤਾਂ ਦਾ ਸੰਗੀਤ ਡੀ ਜੇ ਨਰਿੰਦਰ ਨੇ ਦਿੱਤਾ ਪਰ ਓਹਨਾਂ ਦੀ ਫ਼ਿਲਮ ਮਿਊਜ਼ਿਕ ਡਾਇਰੈਕਟਰ ਵੱਜੋਂ ਲੋਕ ਪ੍ਰਿਯਤਾ ਹੁਣ ਬਣਨੀ ਸ਼ੁਰੂ ਹੋਈ ਹੈ । ਨਰਿੰਦਰ



ਸਾਊਂਡ ਇੰਜੀਨਅਰ ਹਨ ਤੇ 25 ਦੇ ਕਰੀਬ ਫ਼ਿਲਮਜ਼ ਪੰਜਾਬੀ ਲਈ ਇਹ ਕੰਮ ਓਹਨਾਂ ਕੀਤਾ ਹੈ। ਬਹੁਤ ਸਾਰੇ ਗਾਇਕਾਂ ਲਈ ਵੀ ਪਰ ਹੁਣ ਓਹ ਫਿਲਮੀ ਬੈਕ ਗਰਾਊਂਡ ਮਿਊਜ਼ਿਕ ਤੇ ਗੀਤਾਂ ਦਾ ਸੰਗੀਤ ਕਰ ਤੇਜ਼ੀ ਨਾਲ ਉੱਭਰੇ ਹਨ।"ਸਰਦਾਰਾ ਐਂਡ ਸੰਨਜ਼" ਤੋਂ "ਤਬਾਹੀ ਰੀਲੋਡਡ" ਤੱਕ ਦਾ ਪਿੱਠਵਰਤੀ ਸੰਗੀਤ ਓਹਨਾਂ ਦਾ ਹੈ।"ਪਿੰਡ ਵਾਲਾ ਸਕੂਲ ,ਤੇ ਕਈ ਵੈੱਬ ਸੀਰੀਜ਼ ਹਨ। ਨਰਿੰਦਰ ਦੀ ਮੰਜ਼ਿਲ ਸੁਰਿੰਦਰ ਕੋਹਲੀ, ਆਰ ਡੀ ਬਰਮਨ, ਏ ਆਰ ਰਹਿਮਾਨ, ਲੱਛਮੀ ਕਾਂਤ ਪਿਆਰੇ ਲਾਲ ਤੇ ਨਦੀਮ ਸ਼ਰਵਨ ਦੀ ਤਰਾਂ ਲੋਕ ਪ੍ਰਿਅ ਫ਼ਿਲਮ ਮਿਊਜ਼ਿਕ ਡਾਇਰੈਕਟਰ ਬਣ ਜਾਣ ਦੀ ਹੈ ਤੇ ਓਹ ਸਮਾਂ ਆ ਰਿਹਾ ਹੈ।

### ਸੁੱਚੀ ਬਿਰਗੀ ਗੁਲਾਬ ਕੌਰ ਬਣ ਛਾਈ

ਪਤਲੀ ਜਿਹੀ ਛੋਟੀ ਜਵਾਨ ਉਮਰ ਤੇ ਥੋੜੇ ਹੀ ਚਿਰ ਵਿਚ ਟੀਵੀ ,ਓਟੀ ਤੇ "ਡੀਅਰ ਜੱਸੀ " ਚੋਸਰ " ਆਦਿ ਵਿੱਚ ਕੰਮ ਕਰ ਚੁੱਕੀ ਕਈ ਵਿਗਿਆਪਨ ਕਰਨ ਵਾਲੀ



ਸੁੱਚੀ ਬਿਰਗੀ ਹੁਣ "ਗੁਲਾਬ" ਕੌਰ ਬਣ ਇਕਬਾਲ ਢਿੱਲੋਂ ਦੀ "ਤਬਾਹੀ ਰਿਲੋਡਡ" ਵਿੱਚ ਆਈ ਤੇ ਇਸ ਫ਼ਿਲਮ ਨਾਲ ਰਾਤੋ ਰਾਤ ਸਟਾਰ ਬਣ ਗਈ ਹੈ। ਜਜ਼ਬਾਤੀ, ਰੋਮਾਂਟਿਕ, ਐਕਟਿੰਗ ਐਕਸ਼ਨ ਸਭ ਵਿੱਚ ਮਾਹਿਰ ਇਹ ਕੁੜੀ ਜ਼ਬਰਦਸਤ ਡਾਂਸ ਵੀ ਕਰਦੀ ਹੈ। ਇਹ ਫ਼ਿਲਮ ਨਾਲ ਓਹ ਪਾਲੀਵੁੱਡ ਸਟਾਰ ਬਣੇਗੀ ਤੇ ਕਲ ਨੂੰ ਸੋਨਮ ਬਾਜਵਾ, ਨੀਰੂ ਬਾਜਵਾ ਦੀ ਕਤਾਰ ਵਿੱਚ ਆਏਗੀ। ਓਸ ਕਿਹਾ ਕਿ ਜੀ ਹਾਂ ਇਕਬਾਲ ਢਿੱਲੋਂ ਦਾ ਧੰਨਵਾਦ ਮੈਨੂੰ ਨਾਇਕਾ ਦਾ ਵੰਨ ਸੁਵੰਨੇ ਵਾਲਾ ਕਿਰਦਾਰ ਦਿੱਤਾ।

### ਦਲੇਰ ਮਹਿਤਾ ਦੀ ਗੱਲ ਬਣਨ ਲੱਗੀ

ਦਲੇਰ ਮਹਿਤਾ ਨੇ ਸ਼ਿਵਿੰਦਰ ਮਾਹਲ ਨਾਲ "ਪਛਤਾਵਾ " ਫਿਰ "ਲੰਬੜਦਾਰ"



ਫ਼ਿਲਮਜ਼ ਤਾਂ ਕੀਤੀਆਂ ਪਰ ਕਾਲੇ ਦੌਰ ਪੰਜਾਬ ਦੇ ਨੇ ਸਭ ਭੁਲਾ ਦਿੱਤਾ। ਹੁਣ ਪੂਲਾ ਕਾਂਡ ਤੇ ਬਣੀ "ਮਸੰਦ" ਨੇ ਓਸ ਨੂੰ ਚਰਚਾ ਵਿੱਚ ਲਿਆਂਦਾ ਹੈ।ਟੀਵੀ ਬਹੁਤ ਕੀਤਾ ਤੇ ਵੈੱਬ ਸੀਰੀਜ਼ ਵੀ ਪਰ ਗੱਲ ਪਹਚਾਨ ਦੀ ਤਾਂ ਬਲਬੀਰ ਟਾਂਡਾ ਨੇ ਹੁਣ ਆ ਰਹੀ " ਤਬਾਹੀ ਰੀਲੋਡਡ" ਵਿੱਚ " ਸੋਢੀ ਸਾਬ" ਬਣ ਇਹ ਦਲੇਰ ਮਹਿਤਾ ਇੱਕ ਦਮ ਲੋਕ ਨਜ਼ਰਾਂ ਵਿੱਚ ਆਏ ਨੇ ਤੇ ਬਹੁਤ ਫ਼ਿਲਮਾਂ ਮਿਲਣ ਦੀ ਉਮੀਦ ਹੈ।ਦਲੇਰ ਮਹਿਤਾ ਜ਼ਬਰਦਸਤ ਅਦਾਕਾਰ ਹੈ ਪਰ ਮੌਕਾ ਹੁਣ ਵੱਡਾ ਮਿਲਿਆ ਹੈ ਸੁਣਿਆ ਹੈ ਓਸ ਨੂੰ " ਜੱਟ ਜਿਉਣਾ ਮੌੜ ਰੇਟਿਰਨ" ਤੇ "ਬਦਲਾ ਜੱਟੀ ਦਾ" ਨੈਕਸਟ ਵਿੱਚ ਕੰਮ ਵੱਡਾ ਮਿਲ ਗਿਆ ਹੈ। ਹੁਣ ਬਣੇਗਾ ਓਹ ਸਟਾਰ ਐਕਟਰ ਅੱਗੇ ਪਰਮਾਤਮਾ ਤੇ ਤਕਦੀਰ ਹੱਥ ਹੈ।

### ਸ਼ੰਮੀ ਖਾਨ ਤੇ ਕਿਰਨ ਰੰਧਾਵਾ ਫ਼ਿਲਮੀ ਗਾਇਕੀ ਸਿਖ਼ਰ ਵੱਲ

"ਕਰੰਤਿਦੂਤ "ਫ਼ਿਲਮ ਲਈ ਗਾ ਕਿ ਸ਼ੰਮੀ ਖਾਨ ਕਿਰਨ ਰੰਧਾਵਾ ਦੇ ਫ਼ਿਲਮੀ ਗਾਇਕੀ ਵਿੱਚ ਲੋਕ ਪ੍ਰਿਅ ਗੁਲੁਕਾਰ ਬਣ ਜਾਣ ਦੇ ਦਿਨ ਆ ਗਏ ਹਨ । ਮਾਨਾਂਵਾਲਾ ਨੇ



ਆਪਣੀ ਨਵੀਂ ਹਿੰਦੀ ਫ਼ਿਲਮ ਲਈ "ਜੁੱਤੀ ਖੇਤ" ਇਸ ਗਾਇਕ ਦਾ ਗੀਤ ਲਿਆ ਹੈ। ਇਸ ਤਰਾਂ ਹੀ ਅਜੇ ਸਿੰਘ ਦੀ ਨਵੀਂ ਫ਼ਿਲਮ ਵਿੱਚ ਸ਼ੰਮੀ ਤੇ ਕਿਰਨ ਦਾ ਅਖਾੜਾ ਗੀਤ ਹੈ। ਇਹ ਦੋਵਾਂ ਫ਼ਿਲਮਾਂ ਨੇ ਫਿਲਮੀ ਗਾਇਕੀ ਵਿੱਚ ਸ਼ੰਮੀ ਖਾਂ ਤੇ ਕਿਰਨ ਰੰਧਾਵਾ ਦੇ ਚੰਗੇ ਦਿਨ ਸ਼ੁਰੂ ਕਰ ਦਿੱਤੇ ਹਨ। ਆਸਟ੍ਰੇਲੀਆ ਤੱਕ ਗਾਇਕੀ ਧੁੰਮ ਪੈਣ ਨਾਲ ਸ਼ੰਮੀ ਖਾਨ ਨੂੰ ਫਿਲਮੀ ਗਾਇਕੀ ਨੇ ਇਹੀ ਹਿਸਾਬ ਰਿਹਾ ਤਾਂ ਬਹੁਤ ਦੂਰ ਲਿਜਾਣਾ ਹੈ।

### ਪੂਜਾ ਗਾਬਾ ਸ਼ਾਰਦਾ ਗੱਲ ਬਣ ਗਈ ਚੀਕੂ ਦੀ

ਪੰਜ ਫੁੱਟ ਤੇ ਅੱਠ ਇੰਚ ਦੇ ਕੱਦ ਵਾਲੀ ਚੰਡੀਗੜ ਦੀ ਪੂਜਾ ਗਾਬਾ ਸ਼ਾਰਦਾ ਪਾਲੀਵੁੱਡ ਦੀ ਤੇਜ਼ੀ ਨਾਲ ਉੱਭਰੀ ਨਾਇਕਾ ਹੈ।" ਦਾ ਅੰਬਰ ਸਕੂਲਸ" ਤੇ "ਕੰਜੂਸ ਮਜਨੂੰ



ਖਰਚੀਲੀ ਲੈਲਾ " ਫ਼ਿਲਮਾਂ ਕਰ ਚੁੱਕੀ ਪੂਜਾ ਦੀ ਹੁਣ "ਤਬਾਹੀ ਰੀਲੋਡਡ" ਫ਼ਿਲਮ ਆ ਰਹੀ ਏ ਤੇ ਓਸ ਨੇ ਇਸ ਵਿੱਚ ਵਿਦੇਸ਼ੀ ਮੁਲਕ ਦੀ ਰੋਮਾਂਟਿਕ ਅਮੀਰਜ਼ਾਦੀ ਪ੍ਰੇਮਿਕਾ ਦਾ ਕਿਰਦਾਰ ਨਿਭਾਇਆ ਹੈ। ਬਿਲਕੁਲ ਓਸ ਦਾ ਡਾਇਆ ਲੋਗ "ਚੀਕੂ " ਤੇ "ਸੀਤਾਫਲ" ਬਹੁਤ ਲੋਕ ਪ੍ਰਿਅ ਹੋਣ ਵਾਲੇ ਹਨ। ਨਾਲ ਹੀ ਓਸ ਦਾ ਸੰਵਾਦ ਕਿ ਮੇਰੀ ਅੰਮੀ ਕਹਿੰਦੀ ਸੀ ਕਿ ਜੰਮਦੀਆਂ ਸੂਲਾਂ ਨੂੰ ਤੋੜ ਦਿਓ ।ਪੂਜਾ ਗਾਬਾ ਸ਼ਾਰਦਾ ਨੇ ਕਿਹਾ ਕਿ ਇੱਕ ਮਿਲਦਾ ਜੁਲਦਾ ਕਿਰਦਾਰ ਕਰਨ ਲਈ ਓਸ ਨੇ ਓਸ ਵਿਦੇਸ਼ੀ ਔਰਤ ਦੀਆਂ ਕਲਿਪ, ਚਲਣ ਫਿਰਨ ਦਾ ਤਰੀਕਾ ਸਭ ਫਾਲੋ ਕੀਤੇ ਤੇ ਆਸ ਹੈ ਕਿ ਇਸ ਫਿਲਮ ਦੇ ਆਓਣ ਨਾਲ ਓਸ ਕੋਲ ਢੇਰ ਸਾਰਾ ਫਿਲਮੀ ਕੰਮ ਹੋਏਗਾ।

### ਸਿਮਰਪਾਲ ਸਿੰਘ ਦੀ ਅੱਛੇ ਦਿਨ

"ਵਾਰਦਾਤ " ਤੋਂ ਬਾਅਦ ਉੱਚੇ ਲੰਬੇ ਜਵਾਨ ਸੋਹਣੇ ਗੱਭਰੂ ਸਿਮਰਪਾਲ ਸਿੰਘ ਦੀ "ਵਾਰਨਿੰਗ 2" ਆਈ ਹੈ ਤੇ ਇਸ ਵੇਲੇ ਓਹ ਚਮਕਦਾ ਪੰਜਾਬੀ ਫ਼ਿਲਮਾਂ ਦਾ ਅਭਿਨੇਤਾ



ਹੈ। ਹੁਣ ਭ੍ਰਿਸ਼ਟ ਚਿਹਰਾ ਵਜੀਰ ਸਾਬ ਮੰਡਲੀ ਦਾ ਤੇ ਏ ਜੀ ਬਣੇ " ਤਬਾਹੀ ਰੀਲੋਡਡ" ਵਿੱਚ ਸਿਮਰਪਾਲ ਸਿੰਘ ਦੇ ਅੱਛੇ ਦਿਨ ਆਏ ਹਨ । ਤਬਾਹੀ ਫ਼ਿਲਮ ਨਾਲ ਇਸ ਐਕਟਰ ਦੀ ਗੱਲ ਖ਼ੂਬ ਬਣ ਜਾਣੀ ਹੈ ਤੇ ਅੱਗੇ ਵਕਤ ਚੰਗਾ ਹੈ। ਸਿਮਰਪਾਲ ਸਿੰਘ ਆਪਣੇ ਕਿਰਦਾਰ ਵਿੱਚ ਅਜਿਹਾ ਡੁੱਬ ਜਾਂਦੇ ਨੇ ਕਿ ਹੁ ਬੁ ਹੁ ਉਂਜ ਹੀ ਲੱਗਦੇ ਹਨ। ਸਿਮਰਪਾਲ ਸਿੰਘ ਨੇ ਕਿਹਾ ਓਹ ਨੈਗੇਟਿਵ ਕਿਰਦਾਰ ਜਿਆਦਾ ਪਸੰਦ ਕਰਦੇ ਹਨ ਪਰ ਓਹ ਕਰ ਹਰ ਤਰਾਂ ਦਾ ਕਿਰਦਾਰ ਸਕਦੇ ਹਨ।

### ਅਜੇ ਸਿੰਘ ਨਿਰਦੇਸ਼ਕ ਬਣ ਚਮਕਣ ਲੱਗੇ

200 ਤੋਂ ਜਿਆਦਾ ਪੰਜਾਬੀ ਵੀਡਿਓ ਗੀਤ ਜਿਹਨਾਂ ਵਿੱਚ ਨਾਮਵਰ ਕਲਾਕਾਰਾਂ ਸਾਬਰਕੋਟੀ ਜਿਹੇ ਗੁਲੁਕਾਰਾਂ ਦੇ ਗੀਤ ਦਾ ਵੀਡਿਓ ਨਿਰਦੇਸ਼ਤ ਕਰ ਚੁੱਕੇ ਅਜੇ ਸਿੰਘ ਨੇ



ਪੰਜਾਬੀ ਫ਼ਿਲ੍ਮ " ਯਾਰਾਂ ਦੇ ਯਾਰ" ਡਾਇਰੈਕਟ ਕੀਤੀ ਸੀ। ਫਿਰ ਓਹਨਾਂ "ਡਰ" ਸਲੂਨ "ਮੌਤ" ਕਈ ਸ਼ੋਰਟ ਡਾਕੂਮੈਂਟਰੀ ਫਿਲਮਾਂ ਦਾ ਨਿਰਦੇਸ਼ਨ ਦਿੱਤਾ । ਹੁਣ ਅਜੇ ਵੀਡਿਓ ਤਾਂ ਕਰ ਹੀ ਰਹੇ ਹਨ ਨਾਲ ਹੀ ਅਗਲੀ ਫ਼ਿਲ੍ਮ ਨਿਰਦੇਸ਼ਨ ਦੀ ਤਿਆਰੀ ਹੈ।ਇਸ ਦੀ ਸਕ੍ਰਿਪਟ ਨੀਰੂ ਬਾਲਾ ਨੇ ਤਿਆਰ ਕੀਤੀ ਹੈ ਤੇ ਗੀਤ ਸ਼ੰਮੀ ਖਾਨ ਕਿਰਨ ਰੰਧਾਵਾ ਗਾ ਰਹੇ ਹਨ।ਮਨਮੋਹਨ ਵਿਗ ਡੀ ਓ ਪੀ ਹਨ ਤੇ ਅਰੁਣ ਕੁਮਾਰ ਓਹਨਾਂ ਦਾ ਨਿਰਦੇਸ਼ਨ ਸਾਥ ਦੇਣਗੇ। ਮਹਿਕ ਸ਼ਰਮਾ ਸਮੇਤ ਅਨੇਕ ਮਾਡਲ ਕੁੜੀਆਂ ਦਾ ਭਵਿੱਖ ਅਜੇ ਸਿੰਘ ਨੇ ਬਣਾਇਆ ਹੈ ਤੇ ਹੁਣ ਓਹਨਾਂ ਦਾ ਭਵਿੱਖ ਨਿਰਦੇਸ਼ਨ ਵਿੱਚ ਓਹਨਾਂ ਦੀ ਨਵੀਂ ਫ਼ਿਲਮ "ਸੜਕ ਸਰਕਾਰੀ " ਬਣਾਏਗੀ।

### ਮੈਂਡੀ ਤੱਖੜ ਨੂੰ ਹਰ ਭਾਸ਼ਾ ਨਾਲ ਪਿਆਰ



ਮਾਂ ਬੋਲੀ ਪੰਜਾਬੀ ਮਾਂ ਜਿਹਾ ਪਿਆਰ ਹੈ ਪਰ ਭੋਜਪੁਰੀ, ਮਰਾਠੀ, ਤਾਮਿਲ-ਤੇਲਗੂ ਫ਼ਿਲਮਾਂ ਵੀ ਮਾਂ ਦੇ ਰਿਸ਼ਤੇਦਾਰਾਂ ਮਾਸੀ, ਭੂਆ ਵਾਂਗ ਪਿਆਰੀਆਂ ਨੇ ਤੇ ਪੰਜਾਬੀ ਫ਼ਿਓਮਪ;ਲਮਾਂ ਦੀ ਪਿਆਰੀ ਨਾਇਕਾ ਮੈਂਡੀ ਤੱਖੜ ਹਰ ਭਾਸ਼ਾ ਦੇ ਸਿਨੇਮੇ ਨੂੰ ਪਿਆਰ ਕਰਨ ਦੇ ਹੱਕ 'ਚ ਹੈ । 'ਸਾਕਾ' ਫ਼ਿਲਮ ਦੀ ਸਿਫ਼ਤ ਕਰਦੀ ਉਹ ਕਹਿੰਦੀ ਹੈ ਕਿ ਪੰਜਾਬੀ 'ਚ ਕਲਾ ਫ਼ਿਲਮਾਂ ਵੀ ਬਣਾਨੀਆਂ ਚਾਹੀਦੀਆਂ ਹਨ ਤੇ ਵਪਾਰਕ ਤੌਰ ਤੇ ਅਜੇ ਅਸੀਂ ਪਿਛਾਂਹ ਹੀ ਹਾਂ।

### ਕੰਵਲਜੀਤ ਮਾਨਾਂਵਾਲਾ ਦੀ ਖਰੀ-ਖਰੀ



ਪੰਜਾਬ ਦੇ ਮੇਲੇ ਕੰਵਲਜੀਤ ਮਾਨਾਂਵਾਲਾ ਦੀ ਪੇਸ਼ਕਾਰੀ ਨਾਲ ਸੱਜਦੇ-ਵੱਧਦੇ ਰਹੇ ਹਨ। ਜਲੰਧਰ ਦੂਰਦਰਸ਼ਨ ਤੇ ਕਿਸਾਨ-ਮਜ਼ਦੂਰਾਂ ਦੇ ਮਨੋਰੰਜਨ ਲਈ 'ਅਖਾੜਾ' ਪ੍ਰੋਗਰਾਮ ਮਾਨਾਂਵਾਲਾ ਨੇ ਕਾਮਯਾਬ ਬਣਾਇਆ ਪਰ ਖਰੀ-ਖਰੀ ਸੁਣਾ ਰਹੇ ਨੇ ਕੰਵਲਜੀਤ ਕਹਿ ਰਹੇ ਨੇ ਕਿ ਹੁਣ ਨਾਂ ਉਹ ਪ੍ਰਬੰਧਕਾਂ 'ਚ ਉਤਸਾਹ ਨਾਂ ਹੀ 'ਮੋਹਨ ਸਿੰਘ ਜਿਹੇ ਮੇਲੇ' ਹੁਣ ਇੰਟਰਨੈਟ ਹੀ ਮੇਲਾ ਹੈ।

### ਪ੍ਰੀਤੀ ਝਾਮੁਟ ਪਿਆਰੀ ਮਾਡਲ/ਅਭਿਨੇਤਰੀ



ਕਰਤਾਰਪੁਰ ਸ਼ਹਿਰ ਦੀ ਹਸੀਨਾ ਪ੍ਰੀਤੀ ਝਾਮੁਟ ਦੀ ਸਰੀਰਕ ਬਣਤਰ ਐਨੀ ਦਿਲਕਸ਼ ਹੈ ਕਿ ਦੇਖਣ ਵਾਲਾ ਕਤਲ ਹੋ ਜਾਵੇ। ਸਦਕੇ ਜਾਵਾਂ ਪ੍ਰੀਤੀ ਉਰਫ਼ ਪ੍ਰੀਤ ਦੇ ਜਿਸਨੇ ਵੈਬ-ਸੀਰੀਜ਼ 'ਚ ਐਕਟਿੰਗ ਤੇ ਗੀਤਾਂ 'ਚ ਮਾਡਲ ਬਣ ਅਹਿਸਾਸ ਕਰਵਾਇਆ ਕਿ ਅਦਾਵਾਂ ਤੇ ਸੁਹੱਪਣ ਦੀ ਉਹ ਰਾਣੀ ਹੈ । 'ਨਿਸ਼ਾਨਾ' ਫ਼ਿਓਮਪ;ਲਮ ਵੀ ਪ੍ਰੀਤੀ ਨੇ ਕੀਤੀ ਹੈ।

### ਬਾਲੀਵੁੱਡ ਪ੍ਰਭਾਵਿਤ ਏ ਅਸ਼ੋਕਪੁਰੀ ਤੋਂ



ਪੰਜਾਬੀ ਫ਼ਿਲਮ ਐਕਟਰ ਅਸ਼ੋਕ ਪੁਰੀ ਦੀ ਐਕਟਿੰਗ ਤੋਂ ਬਾਲੀਵੁੱਡ ਵੀ ਪ੍ਰਭਾਵਿਤ ਹੈ ਤੇ ਹੀਰੋ ਅਰਜਨ ਕਪੂਰ ਨੇ ਜਦ 'ਨਮਸਤੇ ਇੰਗਲੈਂਡ' ਦੀ ਸ਼ੂਟਿੰਗ ਤੇ ਅਸ਼ੋਕ ਪੁਰੀ ਦਾ ਕੰਮ ਦੇਖਿਆ ਤਾਂ ਕਿਹਾ ਇਹਨਾਂ ਨੂੰ ਪੱਕਾ ਮੁੰਬਈ ਰਹਿਣਾ ਚਾਹੀਦਾ। ਅਸ਼ੋਕ ਪੁਰੀ ਅਨੇਕਾਂ ਫ਼ਿਲਮਾਂ ਕਰ ਚੁੱਕੇ ਨੇ ਤੇ ਅੱਜਕੱਲ 'ਟੱਬਰ ਹਿਟਸ' ਚੈਨਲ ਤੇ ਬੜਿਆਂ ਨੂੰ ਦਫ਼ਾ ਕਰੋ ਕਰ ਰਹੇ ਹਨ।

### ਹਾਕਮ-ਦਲਜੀਤ ਕਿਆ ਬਾਤਾ ਹੈ



ਦੋਗਾਣੇ, ਰੀਸਾਂ ਨਹੀਂ ਹਾਕਮ ਬਖਤੜੀਵਾਲਾ-ਦਲਜੀਤ ਕੌਰ ਦੀਆਂ ਤੇ ਅੱਜ ਵੀ ਸਦੀਕ/ਰਣਜੀਤ ਕੌਰ, ਵਿੰਦਾ-ਕੌਲਮ ਦੀ ਦੋਗਾਣਾ ਗਾਇਕੀ ਨੂੰ ਅਗਾਂਹ ਵਧਾ ਰਹੇ ਹਨ। ਇਸ ਜੋੜੀ ਨੇ ਕਿਹਾ ਕਿ ਟੀ.ਵੀ. ਤੇ ਉਹਨਾਂ ਦਾ ਆਕਰਸ਼ਣ ਹੈ ਤੇ ਉਹਨਾਂ ਦੇ ਨਵੇਂ ਦੋਗਾਣੇ ਅੱਜ ਦੀ ਪੀੜ੍ਹੀ ਚਾਅ ਨਾਲ ਸੁਣਦੀ ਹੈ। ਹਾਕਮ ਬਖਤੜੀਵਾਲਾ ਖੁਦ ਕਾਮਯਾਬ ਗੀਤ ਕਾਰ ਵੀ ਹੈ।

### ਮਾਹੀ ਸਰਗਰਮ ਹੈ - ਚਲਦੇ-ਚਲਦੇ



ਚਲਦੇ-ਚਲਦੇ ਬਰੇਕਿੰਗ ਨਿਊਜ਼ ਕਿ ਅਦਾਕਾਰ ਮਾਹੀ ਨੇ 'ਜ਼ਿੱਦੀ' ਫ਼ਿਲਮ ਅਸ਼ੋਕ ਮਲਹੋਤਰਾ ਨਾਲ ਕੀਤੀ ਹੈ। ਗਿੱਪੀ ਗਰੇਵਾਲ ਪਰਿਵਾਰਕ ਤਸਵੀਰਾਂ ਸ਼ੋਸਲ ਮੰਚ ਤੇ ਖੂਬ ਪਾ ਰਹੇ ਹਨ। ਗੁਰਨਾਮ ਭੁੱਲਰ, ਸਰਗੁਣ ਮਹਿਤਾ ਵਿਚਾਲੇ ਕੀ ਪਹਿਲਾਂ ਵਾਲੀ ਗੱਲ ਨਹੀਂ ਹੈ? ਹਾਲੇ ਵੀ ਰਿਸ਼ਤੇ ਨਾਤੇ ਪੰਜਾਬੀ ਫ਼ਿਲਮਾਂ ਦਾ ਵਿਸ਼ਾ ਹਨ। ਕਿਸੇ ਹਿੱਟ ਪੰਜਾਬੀ ਫ਼ਿਲਮ ਦੀ ਉਡੀਕ ਹੈ।

'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# VAISAKHI MELA

Presented by Punjabi American Sikh Society





**Activities Include:**

Jaggery Making Station (Gur)

Sugar Cane Juice

Gol Gappa Station

Kite Flying

Education Station

Performances






**Date: April 27, 2024**

**Location: 6455 County Road 7, Orland, CA, 95963**

**Time: 11:00 AM - 5:00 PM**

**Please No Alcohol Beverages & No Smoking**

**Event Schedule consists of:**

11:00 AM : Sehaj Patth Bhog/Kirtan

1:00 PM : Langar

2:00 PM : Tug of War

3:00 PM - 5:00 PM : Cultural Performances

**For participation or more information: Damanpreet Singh (916) 595-3962, Sukhwinder S. Grewal (530) 933-5522, or Tarsem S. Klotia (530) 227-0426**

**Sponsors Include:**

Paviter S. Kullar, Kuldip S. Sidhu, Dilawar S. Moga, Maninder S. Batth, Jaspal S. Gill, Jagtar S. Dhindsa, Gurbhaj Singh, Raj S. Kahlon, Gurmeet S. Ghuman, Mahi (Redding Mountain Mike Pizza), Inder Singh (DJ Indy), Tarsem S. Klotia, Gursavek S. Ghuman, Maninder S. Mander, Majer S. Sangha, Balwinder S. Gill, Sukhwinder S. Grewal, Parjinder S. Sangha, Charnjit S. Sandhu, Jatinder S. Thiara, Charnvir S. Kandola, & Ajit S. Grewal